ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ
GIAN
ਗੁਰਮਤਿ ਗਿਆਨ

ਅਗਸਤ 2021

# ਗੁਰਮਤਿ ਵਿਰਸਾ

## GURMAT VIRSA ਗੁਰਮਤਿ ਵਿਰਸਾ

Year-3, Issue-1, August 2021, Ludhiana gurmatvirsa@gmail.com Multilingual Price 25/-



ਬਿਜਲੀ ਸੰਕਟ ਨੂੰ ਗਹਿਰਾਈ ਵਿਚ ਸਮਝਦਿਆਂ

ਸੁਲਤਾਨ-ਉਲ-ਕੌਮ ਸ. ਜੱਸਾ ਸਿੰਘ ਆਹਲੂਵਾਲੀਆ

# ਮੋਰਚਾ 'ਗੁਰੂ ਕਾ ਬਾਗ'

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਵੱਖ ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਕੇਂਦਰ ਚੱਕ ਫੁੱਲੂ ਵਲੋਂ ਪਿੰਡ ਸਿਕੰਦਰਪੁਰ ਵਿਖੇ ਬੱਚਿਆਂ ਦਾ 3 ਰੋਜ਼ਾ ਗੁਰਮਤਿ ਕੈਂਪ ਲਗਾਇਆ ਗਿਆ।



ਕੇਂਦਰ ਚੱਕ ਫੁੱਲੂ ਵਲੋਂ ਗੁਰਮਤਿ ਕੈਂਪ ਉਪਰੰਤ ਐਸ.ਜੀ.ਪੀ.ਸੀ. ਮੈਂਬਰ ਸ. ਜੰਗ ਬਹਾਦਰ ਸਿੰਘ ਨੂੰ ਸਨਮਾਨਤ ਕੀਤਾ ਗਿਆ।



ਕੇਂਦਰ ਚੱਕ ਕਲਾਂ ਦੇ ਪਿੰਡ ਚੱਕ ਖੁਰਦ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਚੱਕ ਕਲਾਂ ਦੇ ਪਿੰਡ ਹੇਰਾਂ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।





ਕੇਂਦਰ ਚੱਕ ਸਿੰਘਾ ਵਿਖੇ ਲੱਗ ਰਹੀ ਬੱਚਿਆਂ ਦੀ ਸੰਗੀਤ ਕਲਾਸ ਅਤੇ ਬੀਬੀਆਂ ਗੁਰਬਾਣੀ ਸੰਥਿਆ ਹਾਸਲ ਕਰਦੀਆਂ ਹੋਈਆਂ।







ਕੇਂਦਰ ਘਨੌਲੀ (ਰੋਪੜ) ਦੇ ਵੱਖ ਵੱਖ ਪਿੰਡਾਂ ਵਿਚ ਗੁਰਬਾਣੀ ਸੰਥਿਆ ਦੀਆਂ ਲੱਗ ਰਹੀਆਂ ਕਲਾਸਾਂ।



ਕੇਂਦਰ ਭਾਗੀਕੇ ਵਿਖੇ ਇੰਚਾਰਜ ਗੁਰਮਤਿ ਪ੍ਰਚਾਰ ਕੇਂਦਰ ਕੈਪਟਨ ਅਵਤਾਰ ਸਿੰਘ ਵਲੋਂ ਪ੍ਰਬੰਧਕ ਵੀਰਾਂ ਨਾਲ ਮੀਟਿੰਗ ਕੀਤੀ ਗਈ।





ਕੇਂਦਰ ਕੁੱਬਾ ਦੇ ਪਿੰਡ ਊਰਨਾ ਅਤੇ ਸੰਘਾ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਲਤਾਲਾ ਵਿਖੇ ਬੱਚਿਆਂ ਨੂੰ ਵਜੀਫੇ ਵੰਡੇ ਗਏ ਅਤੇ ਭਾਈ ਅਮਰਪ੍ਰੀਤ ਸਿੰਘ ਤੇ ਕੈਪਟਨ ਅਵਤਾਰ ਸਿੰਘ ਨੇ ਵੀਚਾਰਾਂ ਦੀ ਸਾਂਝ ਪਾਈ।

# ਗੁਰਮਤਿ ਵਿਰਸਾ



ਅਗਸਤ 2021 (ਮਾਸਿਕ ਮੈਗਜ਼ੀਨ)



**ਮੁੱਖ ਸੰਪਾਦਕ :** ਰਾਣਾ ਇੰਦਰਜੀਤ ਸਿੰਘ
**ਸੰਪਾਦਕ :** ਪ੍ਰਿੰ. ਗੁਰਬਚਨ ਸਿੰਘ ਪੰਨਵਾਂ
**ਸੰਪਾਦਕ :** ਕੈਪਟਨ ਅਵਤਾਰ ਸਿੰਘ ਪਰਿੰਗੜੀ
**ਪ੍ਰਬੰਧਕ:** ਗੁਰਮਤਿ ਗਿਆਨ ਚੈਰੀਟੇਬਲ ਟਰੱਸਟ (ਰਜਿ:)
**ਪ੍ਰਕਾਸ਼ਕ:** ਗੁਰਮਤਿ ਗਿਆਨ ਮਿਸ਼ਨਰੀ ਕਾਲਜ
ਪੰਜਾਬੀ ਬਾਗ, ਜਵੱਦੀ, ਲੁਧਿਆਣਾ- 141013
**ਫੋਨ:** 98146-35655, 99155-29725, 79733-70542
**Email:** gurmatvirsa@gmail.com
**Website:** www.gurmatgian.org



**ਸੰਪਾਦਕੀ ਬੋਰਡ:** ਸੁਖਵਿੰਦਰ ਸਿੰਘ ਦਦੇਹਰ, ਹਰਮਿੰਦਰ ਸਿੰਘ ਜੰਮੂ ਬੀਬੀ ਗੁਰਪ੍ਰੀਤ ਕੌਰ, ਡਾ. ਸਰਬਜੋਤ ਕੌਰ।
**ਕਾਨੂੰਨੀ ਸਲਾਹਕਾਰ:** ਐਡਵੋਕੇਟ ਜਸਪਾਲ ਸਿੰਘ ਚੁੱਘ


**ਸਾਵਣ-ਭਾਦੋਂ ਮਹੀਨੇ ਦੇ ਖਾਸ ਦਿਹਾੜੇ**

- **ਮੋਰਚਾ ਗੁਰੂ ਕਾ ਬਾਗ**
  : 24 ਸਾਵਣ (8 ਅਗਸਤ)
- **ਸੰਪੂਰਨਤਾ ਦਿਵਸ ਗੁਰੂ ਗ੍ਰੰਥ ਸਾਹਿਬ**
  : 15 ਭਾਦੋਂ (30 ਅਗਸਤ)

**ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ: 79733-70542**
ਤੁਸੀਂ ਚੰਦਾ AXIS Bank ਵਿਚ ਸਿੱਧਾ (Online) ਵੀ ਜਮ੍ਹਾ ਕਰਵਾ ਸਕਦੇ ਹੋ
**Branch: Phullanwal, IFS Code - UTIB0000196**
**A/C Name : GURMAT VIRSA**
**A/C No.: 913010032526897**


Printer & Publisher Inderjit Singh on Behalf of (Owner) Gurmat Gian Missionary College, Punjabi Bagh, Jawaddi, Distt. Ludhiana (Punjab) & Printed from Dutta Lamination, 10019, Durga Puri, Aare Wali Gali, Haibowal Kalan, Ludhiana Punjab.
**Editor- Gurbachan Singh Panwa ***
• Responsible for collection of all Printed matter as per PRB Act
**Registration Number of the Newspaper PUNMUL/2019/78309**


## ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

1. ਗੁਰਮਤਿ ਗਿਆਨ ਮਿਸ਼ਨਰੀ ਕਾਲਜ
2. ਗੁਰਮਤਿ ਪ੍ਰਚਾਰ ਕੇਂਦਰ
3. ਸਿੱਖੀ ਲਹਿਰ
4. ਐਜੂ-ਏਡ ਵਿੰਗ
5. ਗੁਰਮਤਿ ਐਲੀਮੈਂਟਰੀ ਕੋਰਸ
6. ਗੁਰਮਤਿ ਟ੍ਰੇਨਿੰਗ ਕੈਂਪ
7. ਗੁਰਮਤਿ ਗਿਆਨ ਲਾਇਬ੍ਰੇਰੀ
8. ਹੋਮਿਓਪੈਥੀ ਡਿਸਪੈਂਸਰੀ
9. ਰੋਜ਼ਾਨਾ ਅੰਮ੍ਰਿਤ ਵੇਲਾ ਅਤੇ ਹਫਤਾਵਾਰੀ ਸਮਾਗਮ
10. ਫਰੀ ਮੈਡੀਕਲ ਚੈੱਕਅੱਪ
11. ਗੁਰਮਤਿ ਵਿਰਸਾ ਮੈਗਜ਼ੀਨ
12. ਗੁਰਮਤਿ ਲਿਟਰੇਚਰ ਹਾਊਸ
13. ਗਰੇਸ ਪਬਲਿਕ ਸਕੂਲ

## ਕੀ ਅਤੇ ਕਿੱਥੇ ?


ਮਹਿਮਾਨ ਸੰਪਾਦਕੀ 4
ਪਾਠਕਾਂ ਦੇ ਸਵਾਲ ਜਵਾਬ 6
ਸ਼ਬਦ ਵਿਚਾਰ 7
ਸਿੱਖ ਰਹਿਤ ਮਰਿਯਾਦਾ ਨੂੰ 1936 'ਚ ਜਨਰਲ ਹਾਊਸ ਤੋਂ... 8
ਮੋਰਚਾ 'ਗੁਰੂ ਕਾ ਬਾਗ' 9
ਕੇਸ ਅਤੇ ਦਸਤਾਰ ਦੀ ਮਹੱਤਤਾ 10
ਕੀ ਸ਼੍ਰੋਮਣੀ ਕਮੇਟੀ ਹਾਲੇ ਵੀ 'ਸ਼੍ਰੋਮਣੀ' ਅਖਵਾਉਣ ਦੀ... 12
ਗਨੀ ਖ਼ਾਂ - ਨਬੀ ਖ਼ਾਂ 14
ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ 15
ਸੁਲਤਾਨ-ਉਲ-ਕੌਮ ਸ. ਜੱਸਾ ਸਿੰਘ ਆਹਲੂਵਾਲੀਆ 17
ਵਿਦੇਸ਼ੀ ਲਾੜ੍ਹੇ ਹੀ ਨਹੀਂ, ਲਾੜ੍ਹੀਆਂ ਵੀ ਮਾਰ ਰਹੀਆਂ ਹਨ... 19
ਬੱਚਿਆਂ ਦੇ ਚਰਿੱਤਰ ਨਿਰਮਾਣ ਵਿਚ ਮਾਪਿਆਂ ਦਾ ਰੋਲ 21
ਨੰਨੇ ਵਾਰਸ 22
ਨਵੀਂ ਕਿਸਮ ਦੀ ਅਗਨ ਪ੍ਰੀਖਿਆ 24
ਜਮਾਇਕਾ ਮੂਲ ਦੇ ਲੈਥਨ ਸਾਮੂਅਲ ਡੈਨਿਸ ਸਿੰਘ ਦੇ ਸਿੱਖੀ... 25
ਲੜੀਵਾਰ ਕਿਤਾਬ: ਸਿੱਖ ਮੈਮੋਰੰਡਮ ਜੋ ਪੰਜਾਬ ਸਰਹੱਦੀ... 26
ਲੜੀਵਾਰ ਕਿਤਾਬ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਕੀ... 28
ਕਾਵਿ ਕਿਆਰੀ 31
ਖ਼ਬਰਨਾਮਾ 32
Divine Order and Order of Man 33
शब्द गुरू की महानता 34
ਸਾਡੀ ਖੇਤੀ 36
ਸਿਹਤ ਸੰਭਾਲ 37
ਗੁਰਮਤਿ ਸੰਜੋਗ 39
ਜੂਨ ਮਹੀਨੇ ਦੀਆਂ ਸਰਗਰਮੀਆਂ 40


## ਗੁਰਮਤਿ ਵਿਰਸਾ ਮੰਗਵਾਉਣ ਲਈ ਚੰਦਾ

| ਚੰਦਾ | ਦੇਸ਼ | ਵਿਦੇਸ਼ |
|---|---|---|
| ਸਾਲਾਨਾ | 250/- | 50 $ USA |
| ਲਾਈਫ | 3000/- | 300 $ USA |

**ਹੇਠ ਲਿਖੇ ਬੈਂਕ ਅਕਾਊਂਟਸ ਰਾਹੀਂ ਸੇਵਾ ਭੇਜੋ ਜੀ**
**Axis Bank Branch : Phullanwal (Ldh)**
**IFS Code : UTIB0000196**

| | |
|---|---|
| - Gurmat Gian | : 913010032529069 |
| - Gurmat Gian Missionary College | : 913010032837193 |
| - Gurmat Gian Charitable Trust | : 913010032525014 |
| - Gurmat Parchar Kendra | : 913010032551518 |
| - Gurmat Virsa | : 913010032526897 |
| - GGT Edu Aid | : 913010032526884 |

### ਜ਼ਰੂਰੀ ਸੂਚਨਾਵਾਂ

- 'ਗੁਰਮਤਿ ਵਿਰਸਾ' ਮੈਗਜ਼ੀਨ ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕੋਈ ਵੀ ਵਾਦ-ਵਿਵਾਦ ਲੁਧਿਆਣਾ ਕਚਹਿਰੀਆਂ ਵਿਚ ਹੀ ਨਿਬੇੜੇ ਜਾਣਗੇ।
- ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰਨ ਦਾ ਪੂਰਾ ਹੱਕ ਹੈ।

ਮਹਿਮਾਨ ਸੰਪਾਦਕੀ

# ਬਿਜਲੀ ਸੰਕਟ ਨੂੰ ਗਹਿਰਾਈ ਵਿਚ ਸਮਝਦਿਆਂ




-ਹਮੀਰ ਸਿੰਘ
8288835707


ਪੰਜਾਬ ਵਿੱਚ ਇਸ ਸਮੇਂ ਬਿਜਲੀ ਕੱਟਾਂ ਦਾ ਮਾਮਲਾ ਗਰਮਾਇਆ ਹੋਇਆ ਹੈ। ਵਿਰੋਧੀ ਸਿਆਸੀ ਪਾਰਟੀਆਂ ਅਤੇ ਸੂਬੇ ਦੇ ਲੋਕ ਰੋਸ ਪ੍ਰਦਰਸ਼ਨ ਕਰ ਰਹੇ ਹਨ। ਪੰਜਾਬ ਸਰਕਾਰ ਨੇ ਹਾਲਾਤ ਨਾਲ ਨਿਬੜਨ ਲਈ ਜ਼ਿਆਦਾ ਬਿਜਲੀ ਖਪਤ ਵਾਲੇ ਉਦਯੋਗਾਂ ਉੱਤੇ ਹਫਤਾਵਾਰੀ ਕੱਟ ਲਗਾਉਣ ਦਾ ਫੈਸਲਾ ਕੀਤਾ ਹੈ। ਸਰਕਾਰੀ ਦਫ਼ਤਰ ਸਵੇਰੇ 8 ਤੋਂ ਬਾਦ ਦੁਪਹਿਰ 2 ਵਜੇ ਤੱਕ ਲਗਾਉਣ ਅਤੇ ਪਾਵਰਕੌਮ ਨੇ ਜਨਤਕ ਖੇਤਰ ਦੇ ਅਦਾਰਿਆਂ ਨੂੰ ਏਅਰ ਕੰਡੀਸ਼ਨਰ ਨਾ ਵਰਤਣ ਦੀ ਸਲਾਹ ਦਿੱਤੀ ਹੈ। ਕਿਸਾਨਾਂ ਨੂੰ ਅੱਠ ਘੰਟੇ ਬਿਜਲੀ ਦੀ ਜਗ੍ਹਾ ਛੇ ਤੋਂ ਸਾਢੇ ਛੇ ਘੰਟੇ ਹੀ ਮਿਲ ਰਹੀ ਹੈ। ਇਸ ਦੇ ਨਾਲ ਹੀ ਬਿਜਲੀ ਕੰਪਨੀਆਂ ਨਾਲ ਜੁੜੇ ਪੁਰਾਣੇ ਸਮਝੌਤਿਆਂ ਉੱਤੇ ਮੁੜ ਵਿਚਾਰ ਕਰਨ ਦੇ ਵਾਅਦੇ ਉੱਤੇ ਅਮਲ ਦਾ ਮੁੱਦਾ ਵੀ ਜੁੜਿਆ ਹੋਇਆ ਹੈ। ਕੁਦਰਤੀ ਤੌਰ ਉੱਤੇ ਜੂਨ ਦੇ ਮਹੀਨੇ ਮੀਂਹ ਦੀ ਕਮੀ ਇੱਕ ਕਾਰਨ ਵਜੋਂ ਦੇਖੀ ਜਾ ਰਹੀ ਹੈ। ਇਨ੍ਹਾਂ ਕਾਲਮਾਂ ਵਿੱਚ ਇਸ ਸਮੁੱਚੇ ਸੰਕਟ ਨੂੰ ਗਹਿਰਾਈ ਨਾਲ ਸਮਝਣ ਦੀ ਇੱਕ ਕੋਸ਼ਿਸ਼ ਹੈ।

**ਸੂਬੇ ਵਿੱਚ ਇਸ ਵਕਤ ਬਿਜਲੀ ਦੀ ਕਿੰਨੀ ਕਮੀ ਹੈ?**

ਇੱਕ ਅਨੁਮਾਨ ਅਨੁਸਾਰ ਗਰਮੀ ਦੇ ਇਨ੍ਹਾਂ ਮਹੀਨਿਆਂ ਵਿੱਚ ਪੰਜਾਬ ਦੀ ਬਿਜਲੀ ਦੀ ਮੰਗ ਲਗਪਗ 14500 ਮੈਗਾਵਾਟ ਤੱਕ ਪਹੁੰਚ ਸਕਦੀ ਹੈ। ਪੰਜਾਬ ਦੀ ਆਪਣੀ ਖੁਦ ਦੀ ਬਿਜਲੀ ਲਗਪਗ 5700 ਮੈਗਾਵਾਟ ਹੈ। ਸੂਬੇ ਦੇ ਪਣ ਬਿਜਲੀ ਪ੍ਰੋਜੈਕਟਾਂ ਤੋਂ 1015 ਮੈਗਾਵਾਟ ਉਤਪਾਦਨ ਹੁੰਦਾ ਹੈ ਪਰ ਇਸ ਵਾਰ ਡੈਮਾਂ ਵਿੱਚ ਪਾਣੀ ਦੀ ਕਮੀ ਕਰਕੇ 894 ਮੈਗਾਵਾਟ ਹੀ ਮਿਲ ਰਹੀ ਹੈ।ਸਰਕਾਰੀ ਥਰਮਲਾਂ ਤੋਂ 1558 ਮੈਗਾਵਾਟ ਬਿਜਲੀ ਮਿਲਦੀ ਹੈ। ਰਾਜਪੁਰਾ ਥਰਮਲ ਤੋਂ 1339 ਮੈਗਾਵਾਟ, ਤਲਵੰਡੀ ਸਾਬੋ ਦੇ ਲਗਪਗ 1980 ਮੈਗਾਵਾਟ ਸਮਰੱਥਾ ਵਾਲੇ ਥਰਮਲ ਪਲਾਂਟ ਤੋਂ ਕਰੀਬ 1228 ਮੈਗਾਵਾਟ ਮਿਲ ਰਹੀ ਹੈ। ਬਾਕੀ ਸਾਰੀ ਬਿਜਲੀ ਬਾਹਰੋਂ ਖਰੀਦਣੀ ਪੈਂਦੀ ਹੈ। ਇਸ ਵਾਸਤੇ ਟ੍ਰਾਂਸਮਿਸ਼ਨ ਸਿਸਟਮ ਅਜਿਹਾ ਹੈ ਕਿ ਉਸ ਦੀ ਸਮਰੱਥਾ ਹੀ 6800 ਮੈਗਾਵਾਟ ਹੈ। ਇਸ ਸਮੇਂ ਅਸਥਾਈ ਤੌਰ ਉਤੇ 7300 ਮੈਗਾਵਾਟ ਕੀਤੀ ਗਈ ਹੈ ਕਿਉਂਕਿ ਤਲਵੰਡੀ ਸਾਬੋ ਦਾ 660 ਮੈਗਾਵਾਟ ਦਾ ਯੂਨਿਟ ਬੰਦ ਪਿਆ ਹੈ ਅਤੇ ਇਸ ਤੋਂ 615 ਮੈਗਾਵਾਟ ਬਿਜਲੀ ਮਿਲਣੀ ਸੀ। ਟਰਾਂਸਮਿਸ਼ਨ 100 ਫੀਸਦ ਸਮਰੱਥਾ ਉੱਤੇ ਨਹੀਂ ਵਰਤੀ ਜਾ ਸਕਦੀ, ਸਿਸਟਮ ਓਵਰਲੋਡ ਹੋਣ ਦਾ ਖਤਰਾ ਰਹਿੰਦਾ ਹੈ। ਇਸ ਕਰਕੇ ਕਰੀਬ 7100 ਮੈਗਾਵਾਟ ਤੱਕ ਹੀ ਸੰਭਵ ਹੈ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਸਮੇਤ ਤਿੰਨ ਮੰਤਰੀਆਂ ਦੀ ਬਣਾਈ ਕੈਬਿਨਟ ਸਬ ਕਮੇਟੀ ਦੀ ਸਿਫਾਰਿਸ਼ ਤਹਿਤ ਬਠਿੰਡਾ ਦੇ 440 ਮੈਗਾਵਾਟ ਅਤੇ ਰੋਪੜ ਥਰਮਲ ਦੇ 440 ਯੂਨਿਟ ਭਾਵ 880 ਯੂਨਿਟ ਉਤਪਾਦਨ ਬੰਦ ਕਰ ਦਿੱਤੇ ਗਏ। ਨਵਾਂ ਕੋਈ ਬਦਲ ਸੋਚਿਆ ਹੀ ਨਹੀਂ ਗਿਆ। ਇਸ ਤਰ੍ਹਾਂ ਸਾਰੇ ਵਸੀਲਿਆਂ ਤੋਂ ਬਿਜਲੀ 12800 ਮੈਗਾਵਾਟ ਦੇ ਕਰੀਬ ਮਿਲਦੀ ਹੈ। ਕੁੱਲ ਮਿਲਾ ਕੇ 1700 ਮੈਗਾਵਾਟ ਦੇ ਲਗਪਗ ਮੰਗ ਦੀ ਪੂਰਤੀ ਨਹੀਂ ਹੋ ਰਹੀ। ਜਿਸ ਕਰਕੇ ਬਿਜਲੀ ਕੱਟਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

**ਬਿਜਲੀ ਦੀ ਕਮੀ ਦਾ ਕਾਰਨ ਕੀ ਹੈ?**

ਪੰਜਾਬ ਵਿੱਚ ਹਰ ਸਾਲ ਬਿਜਲੀ ਦੀ ਮੰਗ ਵਿੱਚ ਲਗਪਗ 1000 ਮੈਗਾਵਾਟ ਦਾ ਵਾਧਾ ਹੁੰਦਾ ਹੈ। ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ (ਪਾਵਰਕੌਮ), ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ (ਟ੍ਰਾਂਸਕੋ) ਜਾਂ ਪੰਜਾਬ ਸਰਕਾਰ ਨੇ ਇਸ ਦੇ ਹਿਸਾਬ ਨਾਲ ਬਿਜਲੀ ਦਾ ਪ੍ਰਬੰਧ ਕਰਨਾ ਹੁੰਦਾ ਹੈ। ਸਾਲ 2018-19 ਵਿੱਚ ਬਿਜਲੀ ਦੀ ਮੰਗ 13633 ਮੈਗਾਵਾਟ ਤੱਕ ਚਲੀ ਗਈ ਸੀ। ਸਾਲ 2019-20 ਅਤੇ 2020-21 ਦੌਰਾਨ ਕਰੋਨਾ ਦੀ ਤਾਲਾਬੰਦੀ ਕਰਕੇ ਉਦਯੋਗ ਅਤੇ ਹੋਰ ਕਾਰੋਬਾਰ ਬੰਦ ਰਹਿਣ ਕਰਕੇ ਮੰਗ ਜ਼ਿਆਦਾ ਨਹੀਂ ਵਧੀ। ਸਰਕਾਰ ਨੇ ਇਸ ਸਾਲ ਲਈ ਵੀ ਤਿਆਰੀ ਕਰਨ ਵਿੱਚ ਅਣਗਹਿਲੀ ਕੀਤੀ, ਇਸ ਕਰਕੇ 1300 ਮੈਗਾਵਾਟ ਦੀ ਮੰਗ ਵੀ ਪੂਰੀ ਨਹੀਂ ਕਰ ਪਾ ਰਹੇ। ਤਲਵੰਡੀ ਸਾਬੋ ਥਰਮਲ ਪਲਾਂਟ ਦੀ ਇੱਕ ਟਰਬਾਈਨ ਮਾਰਚ ਮਹੀਨੇ ਤੋਂ ਬੰਦ ਹੈ। **ਬਿਜਲੀ ਸਮਝੌਤਿਆਂ ਵਿੱਚ ਅਜਿਹੀ ਕੋਈ ਸ਼ਰਤ ਨਹੀਂ ਕਿ ਗਰਮੀ ਵੇਲੇ ਥਰਮਲ ਜਰੂਰ ਚੱਲਣ ਜਾਂ ਹਰਜ਼ਾਨਾ ਭਰਨਾ ਪਵੇ।** ਕੋਲੇ ਦੀ ਧੁਲਾਈ ਦੇ ਵਿਵਾਦ ਕਰਕੇ ਟਾਟਾ ਮੁਦਰਾ 200 ਮੈਗਾਵਾਟ ਬਿਜਲੀ ਘੱਟ ਦੇ ਰਿਹਾ ਹੈ। ਇਸ ਤੋਂ ਇਲਾਵਾ ਟਰਾਂਸਕੋ ਦੀ ਟਰਾਂਸਮਿਸ਼ਨ ਸਮਰੱਥਾ ਪਿਛਲੇ ਚਾਰ ਸਾਲਾਂ ਦੌਰਾਨ 100 ਮੈਗਾਵਾਟ ਪ੍ਰਤੀ ਸਾਲ ਦੇ ਲਿਹਾਜ਼ ਨਾਲ ਕੇਵਲ 400 ਮੈਗਾਵਾਟ ਵਧੀ ਹੈ। ਇਹ ਹੁਣ 6800 ਮੈਗਾਵਾਟ ਹੋਈ ਹੈ। ਇਸ ਤੋਂ ਵੱਧ ਬਾਹਰੋਂ ਲਿਆਂਦੀ ਨਹੀਂ ਜਾ ਸਕਦੀ।

**ਬਿਜਲੀ ਬਾਹਰੋਂ ਖਰੀਦੀ ਕਿਉਂ ਨਹੀਂ ਜਾ ਸਕਦੀ?**

ਬਿਜਲੀ ਬੋਰਡ ਅਤੇ ਪਾਵਰਕੌਮ ਵੀ ਝੋਨੇ ਦੇ ਸੀਜ਼ਨ ਤੋਂ ਪਹਿਲੇ ਸਮਿਆਂ ਵਿੱਚ ਵਾਧੂ ਬਿਜਲੀ ਹੋਰਾਂ ਸੂਬਿਆਂ ਨੂੰ ਬਿਨਾਂ ਪੈਸਾ ਲਏ ਦੇ ਦਿੰਦੀ ਸੀ। ਇਸ ਨੂੰ ਬੈਂਕਿੰਗ ਪ੍ਰਣਾਲੀ ਕਿਹਾ ਜਾਂਦਾ ਹੈ ਅਤੇ ਸੀਜ਼ਨ ਦੇ ਇਨ੍ਹਾਂ ਮਹੀਨਿਆਂ ਦੌਰਾਨ ਬਿਜਲੀ ਵਾਪਸ ਲੈਣ ਲਈ ਕੋਈ ਪੈਸਾ ਖਰਚ ਨਹੀਂ ਕਰਨਾ ਪੈਂਦਾ ਸੀ। ਇਸ ਸਾਲ ਪਾਵਰਕੌਮ ਨੇ ਬੈਂਕਿੰਗ ਪ੍ਰਣਾਲੀ ਦੇ ਕੰਮ ਨੂੰ ਜਾਰੀ ਨਹੀਂ ਰੱਖਿਆ। ਬਿਜਲੀ ਮਿਲ ਸਕਦੀ ਹੈ ਪਰ ਉਸ ਦੇ ਲਈ ਪੈਸਾ ਚਾਹੀਦਾ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਨੂੰ ਸਾਰੇ ਪੱਖਾਂ ਦਾ ਸੰਤੁਲਨ ਬਣਾਉਣ ਦੀ ਜਿੰਮੇਵਾਰੀ ਦਿੱਤੀ ਗਈ ਹੈ ਪਰ ਉਹ ਵੀ ਸਰਕਾਰ ਸਾਹਮਣੇ ਨਤਮਸਤਕ ਹੋ ਜਾਂਦਾ ਹੈ। ਬਿਜਲੀ ਕਾਨੂੰਨ 2003 ਇਹ ਕਹਿੰਦਾ ਹੈ ਕਿ ਕਿਸੇ ਵੀ ਵਰਗ ਨੂੰ ਸਬਸਿਡੀ ਦੇਣ ਦੀ ਨੀਤੀ ਬਣਾਉਣ ਦਾ ਹੱਕ ਸਰਕਾਰ ਕੋਲ ਹੈ ਪਰ ਸਰਕਾਰ ਉਸ ਦਾ ਪੈਸਾ ਐਡਵਾਂਸ ਵਿੱਚ ਜ਼ਮਾ ਕਰਵਾਏਗੀ। ਮਾਰਚ 2021 ਵਿੱਚ ਪੰਜਾਬ ਸਰਕਾਰ ਵੱਲ ਬਿਜਲੀ ਸਬਸਿਡੀ ਦਾ 7100 ਕਰੋੜ ਰੁਪਏ ਬਕਾਇਆ ਸੀ। ਸਾਲ 2021-22 ਲਈ ਬਿਜਲੀ ਦਰਾਂ ਦੇ ਆਦੇਸ਼ ਮੁਤਾਬਿਕ 10678.42 ਕਰੋੜ ਰੁਪਏ ਖੇਤੀ, ਅਨੁਸੂਚਿਤ ਜਾਤੀ, ਹੋਰ ਗਰੀਬਾਂ ਅਤੇ ਉਦਯੋਗਾਂ ਨੂੰ ਦਿੱਤੀ ਜਾਣ ਵਾਲੀ ਰਿਆਇਤੀ ਜਾਂ ਮੁਫਤ ਬਿਜਲੀ ਦੇ ਹਨ। ਇਸ ਤਰ੍ਹਾਂ ਕੁੱਲ ਬਕਾਇਆ 17796.28 ਕਰੋੜ ਰੁਪਏ ਹੋ ਗਿਆ। ਪੰਜਾਬ ਵਿੱਚ ਬਿਜਲੀ ਸਬਸਿਡੀ ਦੀਆਂ 12 ਕਿਸ਼ਤਾਂ ਬਣਾ ਦਿੱਤੀਆਂ ਜਾਂਦੀਆਂ ਹਨ। ਜਦਕਿ ਬਿਜਲੀ ਦੀ ਖਪਤ ਪਹਿਲੇ ਛੇ ਮਹੀਨਿਆਂ ਦੌਰਾਨ ਹੀ 70 ਫੀਸਦ ਹੋ ਜਾਂਦੀ ਹੈ। ਇਸੇ ਸਮੇਂ ਵਿੱਚ ਬਿਜਲੀ ਖਰੀਦ ਦੀ ਲੋੜ ਪੈਂਦੀ ਹੈ। ਪਾਵਰਕੌਮ ਵੱਲੋਂ ਪਹਿਲੇ ਛੇ ਮਹੀਨਿਆਂ ਵਿੱਚ ਖਪਤ ਦੇ ਅਨੁਸਾਰ ਸਬਸਿਡੀ ਦੇਣ ਦੀ ਮੰਗ ਨੂੰ ਮੰਨਿਆ ਨਹੀਂ ਗਿਆ। ਮਾਰਚ 2021 ਤੱਕ ਸਬਸਿਡੀ ਦਾ 7100 ਕਰੋੜ ਉਸੇ ਸਾਲ ਵਿੱਚ ਨਹੀਂ ਮਿਲੇਗਾ, ਇਹ ਵੀ ਅਗਲੇ 12 ਮਹੀਨਿਆਂ ਵਿੱਚ ਵੰਡ ਦਿੱਤਾ ਗਿਆ ਹੈ। ਪਾਵਰਕੌਮ ਇਸ ਦਾ ਵਿਆਜ਼ ਭੁਗਤੇਗੀ। ਇਸ ਤਰੀਕੇ ਨਾਲ ਬਕਾਇਆ ਸਬਸਿਡੀ ਕੇਵਲ 2919 ਕਰੋੜ ਰੁਪਏ ਦਰਸਾ ਦਿੱਤੀ ਗਈ ਹੈ।

**ਪ੍ਰਸ਼ਾਸਨਿਕ ਸਮੱਸਿਆ ਕੀ ਹੈ?**

ਪ੍ਰਸ਼ਾਸਨ ਚਲਾਉਣ ਲਈ ਪੇਸ਼ੇਵਰ ਬਨਾਮ ਬਿਊਰੋਕ੍ਰੇਟਿਕ ਅਧਿਕਾਰੀਆਂ ਦੀ ਇੱਕ ਲੰਬੀ ਬਹਿਸ ਹੈ ਪਰ ਬਿਜਲੀ ਵਰਗੇ ਤਕਨੀਕੀ ਮਾਮਲੇ ਵਿੱਚ ਤਕਨੀਕੀ ਮਾਹਿਰਾਂ ਦੀ ਰਾਇ ਅਣਸੁਣੀ ਕਰ ਦੇਣ ਨਾਲ ਪ੍ਰਬੰਧ ਸਹੀ ਨਹੀਂ ਚੱਲ ਸਕਦੇ। ਬਿਜਲੀ

ਦੀ ਟ੍ਰਾਂਸਮਿਸ਼ਨ ਵਾਲੀ ਟ੍ਰਾਂਸਕੋ ਦਾ ਤਾਂ 2010 ਤੋਂ ਬਾਅਦ ਕੋਈ ਰੈਗੂਲਰ ਚੇਅਰਮੈਨ ਕਦੇ ਲਗਾਇਆ ਹੀ ਨਹੀਂ ਗਿਆ। ਪਾਵਰਕੌਮ ਦੇ ਚੇਅਰਮੈਨ ਨੂੰ ਵੀ ਇੱਕ ਸਾਲ ਤੋਂ ਵੱਧ ਵਾਧੂ ਚਾਰਜ ਵਾਲੇ ਅਧਿਕਾਰੀ ਨਾਲ ਚਲਾਉਣ ਦਾ ਰੁਝਾਨ ਹੋ ਗਿਆ ਹੈ। ਉਸੇ ਅਧਿਕਾਰੀ ਕੋਲ ਆਬਕਾਰੀ ਅਤੇ ਕਰ ਵਰਗਾ ਹੋਰ ਮਹੱਤਵਪੂਰਨ ਵਿਭਾਗ ਵੀ ਹੈ। ਪ੍ਰਸ਼ਾਸਨਿਕ ਕਮਜ਼ੋਰੀ ਵੀ ਬਿਜਲੀ ਕੱਟਾਂ ਦਾ ਇੱਕ ਕਾਰਨ ਹੈ।

**ਪ੍ਰਾਈਵੇਟ ਥਰਮਲਾਂ ਦੇ ਸਮਝੌਤਿਆਂ ਤੇ ਮੁੜ ਵਿਚਾਰ ਕਰਨ ਦੀ ਮੰਗ ਕਿਉਂ ਉੱਠ ਰਹੀ ਹੈ?**

ਪੰਜਾਬ ਵਿੱਚ ਬਿਜਲੀ ਦੀ ਮੰਗ ਸਾਰਾ ਸਾਲ ਇੱਕਸਾਰ ਨਹੀਂ ਰਹਿੰਦੀ ਕਿਉਂਕਿ ਸੂਬੇ ਵਿੱਚ ਤਿੰਨ ਸਿਫਟ ਵਾਲੇ ਵੱਡੇ ਉਦਯੋਗ ਨਹੀਂ ਹਨ, ਜ਼ਿਆਦਾਤਰ ਦੋ ਸਿਫਟਾਂ ਵਾਲੇ ਉਦਯੋਗ ਹੀ ਹਨ। ਇਨ੍ਹਾਂ ਦੀ ਮੰਗ ਲਗਪਗ 1500 ਮੈਗਾਵਾਟ ਦੇ ਨੇੜੇ ਤੇੜੇ ਰਹਿੰਦੀ ਹੈ। ਕੋਈ ਵੱਡਾ ਮੈਟਰੋ ਸ਼ਹਿਰ ਵੀ ਨਹੀਂ ਹੈ ਜਿਸ ਨੂੰ 24 ਘੰਟੇ ਵਪਾਰਕ ਬਿਜਲੀ ਦੀ ਲੋੜ ਹੋਵੇ। ਇਸ ਲਈ ਸਰਦੀਆਂ ਵਿੱਚ ਮੰਗ 5 ਤੋਂ 6 ਹਜ਼ਾਰ ਮੈਗਾਵਾਟ ਦੇ ਅੰਦਰ ਰਹਿੰਦੀ ਹੈ। ਮੰਗ ਵਿੱਚ ਵਾਧਾ 15 ਜੂਨ ਤੋਂ 15 ਸਤੰਬਰ ਤੱਕ ਹੁੰਦਾ ਹੈ। ਕੇਂਦਰੀ ਇਲੈਕਟ੍ਰੀਸਿਟੀ ਅਥਾਰਟੀ ਵੱਲੋਂ ਕਰਵਾਏ 17ਵੇਂ ਇਲੈਕਟ੍ਰਿਕ ਪਾਵਰ ਸਰਵੇ (ਈ.ਪੀ.ਐਸ.) ਮੁਤਾਬਿਕ ਪੰਜਾਬ ਨੂੰ ਆਪਣੀ ਲੋੜ ਲਈ 1800 ਮੈਗਾਵਾਟ ਬਿਜਲੀ ਦੀ ਹੋਰ ਲੋੜ ਸੀ। 2006 ਵਿੱਚ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਤਲਵੰਡੀ ਸਾਬੋ ਅਤੇ ਨਾਭਾ (ਹੁਣ ਰਾਜਪੁਰਾ) ਵਿਖੇ 1000-1000 ਮੈਗਾਵਾਟ ਦੇ ਦੋ ਥਰਮਲ ਨਿੱਜੀ ਖੇਤਰ ਵਿੱਚ ਲਗਾਉਣ ਦਾ ਫੈਸਲਾ ਕਰ ਦਿੱਤਾ ਗਿਆ। ਇਸ ਸਮੇਂ ਤੱਕ ਬਿਜਲੀ ਬੋਰਡ ਨੂੰ ਪਛਵਾੜਾ (ਝਾਰਖੰਡ) ਵਿੱਚ ਲਗਪਗ ਤਿੰਨ ਹਜ਼ਾਰ ਮੈਗਾਵਾਟ ਬਿਜਲੀ ਵਾਸਤੇ 30-40 ਸਾਲਾਂ ਲਈ ਕੋਲੇ ਦੀ ਖਾਣ ਅਲਾਟ ਹੋ ਗਈ। 1000 ਮੈਗਾਵਾਟ ਬਿਜਲੀ ਦੀ ਵਰਤੋਂ ਲਹਿਰਾ ਮੁਹੱਬਤ ਥਰਮਲ ਪਹਿਲਾਂ ਹੀ ਕਰ ਰਿਹਾ ਸੀ। 2007 ਵਿੱਚ ਮੰਤਰੀ ਮੰਡਲ ਨੇ ਨਿੱਜੀ ਥਰਮਲਾਂ ਦੀ ਸਮਰੱਥਾ ਤਲਵੰਡੀ ਸਾਬੋ ਦੀ 1980 ਮੈਗਾਵਾਟ ਅਤੇ ਨਾਭਾ (ਰਾਜਪੁਰਾ) ਥਰਮਲ ਦੀ ਸਮਰੱਥਾ 1350 ਮੈਗਾਵਾਟ ਕਰਨ ਨੂੰ ਹਰੀ ਝੰਡੀ ਦੇ ਦਿੱਤੀ। ਇਨ੍ਹਾਂ ਲਈ ਕੋਲਾ ਕਿੱਥੋਂ ਆਵੇਗਾ ਇਸ ਦਾ ਕੋਈ ਧਿਆਨ ਨਹੀਂ ਰੱਖਿਆ।

**ਵੱਧ ਰੇਟ ਦੇ ਸਮਝੌਤੇ -**

ਤਲਵੰਡੀ ਸਾਬੋ ਥਰਮਲ ਪਲਾਂਟ ਦੇ ਟੈਂਡਰ ਮੁਤਾਬਿਕ ਪ੍ਰਤੀ ਯੂਨਿਟ ਬਿਜਲੀ 2.86 ਰੁਪਏ ਅਤੇ ਰਾਜਪੁਰਾ ਤੋਂ 2.89 ਰੁਪਏ ਪ੍ਰਤੀ ਯੂਨਿਟ ਦੇਣ ਦੀ ਤਜਵੀਜ਼ ਮਨਜ਼ੂਰੀ ਕੀਤੀ ਗਈ। ਹਕੀਕਤ ਵਿੱਚ 2019-20 ਦੌਰਾਨ ਇਹ ਬਿਜਲੀ ਤਲਵੰਡੀ ਸਾਬੋ ਤੋਂ 6.62 ਰੁਪਏ ਅਤੇ ਰਾਜਪੁਰਾ ਤੋਂ 5.05 ਰੁਪਏ ਪ੍ਰਤੀ ਯੂਨਿਟ ਮਿਲੀ ਹੈ। ਜੀ.ਵੀ.ਕੇ. ਥਰਮਲ ਪਲਾਂਟ ਬਟਾਲਾ ਤੋਂ ਤਾਂ ਇਹ 9.54 ਰੁਪੇ ਪ੍ਰਤੀ ਯੂਨਿਟ ਖਰੀਦੀ ਹੈ। ਸਮਝੌਤਿਆਂ ਅਨੁਸਾਰ ਬਿਜਲੀ ਦੀ ਲੋੜ ਨਾ ਹੋਣ ਦੇ ਬਾਵਜੂਦ ਫਿਕਸਡ ਚਾਰਜ 25 ਸਾਲ ਤੱਕ ਦੇਣ ਦਾ ਫੈਸਲਾ ਪੰਜਾਬ ਵਿਰੋਧੀ ਹੈ। ਇਸੇ ਕਰਕੇ 2012-13 ਤੋਂ 2019-20 ਦੌਰਾਨ ਰਾਜਪੁਰਾ ਥਰਮਲ ਪ੍ਰਬੰਧਕਾਂ ਨੂੰ 1633.97 ਕਰੋੜ ਰੁਪਏ ਅਤੇ ਤਲਵੰਡੀ ਸਾਬੋ ਨੂੰ 2014-15 ਤੋਂ 2019-20 ਤੱਕ 2050 ਕਰੋੜ ਰੁਪਏ ਖਪਤਕਾਰਾਂ ਤੋਂ ਵਾਧੂ ਵਸੂਲ ਕੇ ਦੇਣੇ ਪਏ।

**ਕੀ ਇਨ੍ਹਾਂ ਸਮਝੌਤਿਆਂ ਵਿੱਚੋਂ ਨਿਕਲਣ ਦਾ ਕੋਈ ਰਾਹ ਹੈ?**

ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਸਮਝੌਤਿਆਂ ਉੱਤੇ ਮੁੜ ਵਿਚਾਰ ਤੋਂ ਪਿੱਛੇ ਹਟਦਿਆਂ ਸਫੈਦ ਪੱਤਰ ਲਿਆਉਣ ਦਾ ਵਾਅਦਾ ਕਰ ਲਿਆ ਸੀ। ਉਸ ਵਾਸਤੇ ਵੀ ਇੱਕ ਕਮੇਟੀ ਬਣਾ ਦਿੱਤੀ ਗਈ। ਸੂਤਰਾਂ ਅਨੁਸਾਰ ਕਮੇਟੀ ਨੇ ਸਰਕਾਰ ਦੀ ਮਨਸ਼ਾ ਮੁਤਾਬਿਕ ਸਿਫਾਰਿਸ਼ ਨਾ ਕੀਤੀ ਗਈ। ਇਸ ਲਈ ਸਫੇਦ ਪੱਤਰ ਵੀ ਹਵਾ ਵਿੱਚ ਲਟਕ ਗਿਆ। ਇੱਕ ਅਨੁਮਾਨ ਅਨੁਸਾਰ ਕਮਿਸ਼ਨਾਂ ਅਤੇ ਅਦਾਲਤਾਂ ਵਿੱਚ ਚੱਲਦੇ ਕੇਸਾਂ ਅਤੇ ਆ ਰਹੇ ਫੈਸਲਿਆਂ ਕਾਰਨ ਪਾਵਰਕੌਮ ਨੂੰ ਲਗਪਗ 25 ਹਜ਼ਾਰ ਕਰੋੜ ਰੁਪਏ ਦਾ ਵਾਧੂ ਬੋਝ ਝੱਲਣਾ ਪੈ ਸਕਦਾ ਹੈ। ਇਹ ਬੋਝ ਆਖਿਰ ਖ਼ਪਤਕਾਰਾਂ ਉੱਤੇ ਹੀ ਪਵੇਗਾ। ਬਿਜਲੀ ਖਰੀਦ ਸਮਝੌਤਿਆਂ ਨੂੰ ਰੱਦ ਕਰਨ ਦੀ ਕੋਈ ਸਿੱਧੀ ਮੱਦ ਨਹੀਂ ਹੈ ਪਰ ਜੇਕਰ ਰੱਦ ਹੋਣ ਤਾਂ ਪਾਵਰਕੌਮ ਨੂੰ ਤਿੰਨ ਸਾਲਾਂ ਤੱਕ ਫਿਕਸਡ ਚਾਰਜ ਦੇਣੇ ਪੈ ਸਕਦੇ ਹਨ। ਇਸ ਨਾਲ ਵੀ ਅਗਲੇ 20 ਸਾਲਾਂ ਲਈ ਖਹਿੜਾ ਛੁਡਾਇਆ ਜਾ ਸਕਦਾ ਹੈ।

-0-

## ਦਲ ਬਦਲੂ

-ਹਰਲਾਜ ਸਿੰਘ ਬਹਾਦਰਪੁਰ
# 94170-23911

ਦਲ ਬਦਲੂਆਂ ਨੂੰ ਲੈ ਕੇ ਬਹੁਤ ਰੌਲਾ ਪੈਂਦਾ ਰਹਿੰਦਾ ਹੈ, ਜਦੋਂ ਕੋਈ ਲੀਡਰ ਦਲ ਬਦਲ ਕੇ ਸਾਡੀ ਪਾਰਟੀ ਵਿੱਚ ਆਉਂਦਾ ਹੈ ਉਦੋਂ ਉਹ ਇਮਾਨਦਾਰ ਹੁੰਦਾ ਹੈ, ਜਦੋਂ ਉਹ ਫਿਰ ਸਾਡੀ ਪਾਰਟੀ ਛੱਡ ਕੇ ਵਾਪਸ ਆਪਣੀ ਪਹਿਲੀ ਪਾਰਟੀ ਜਾਂ ਕਿਸੇ ਹੋਰ ਪਾਰਟੀ ਵਿੱਚ ਚਲਾ ਜਾਂਦਾ ਹੈ ਫਿਰ ਅਸੀਂ ਉਸ ਨੂੰ ਗੱਦਾਰ ਹੋਣ ਦਾ ਸਰਟੀਫਿਕੇਟ ਦੇ ਦਿੰਦੇ ਹਾਂ। ਇਹ ਨਹੀਂ ਸੋਚਦੇ ਕਿ ਜਿਸ ਦਿਨ ਉਹ ਕਿਸੇ ਹੋਰ ਪਾਰਟੀ ਨੂੰ ਛੱਡ ਕੇ ਸਾਡੀ ਪਾਰਟੀ ਵਿੱਚ ਆਇਆ ਸੀ ਕੀ ਓਦੋਂ ਉਹ ਗੱਦਾਰ ਨਹੀਂ ਸੀ ? ਅਸਲ ਵਿੱਚ ਅਸੀਂ ਸਾਰੇ ਹੀ ਆਪਣੇ ਫਾਇਦੇ ਲਈ ਬਦਲਦੇ ਰਹਿੰਦੇ ਹਾਂ, ਵੋਟਰ ਵੀ ਬਦਲਦੇ ਹਨ, ਸਪੋਟਰ ਵੀ ਬਦਲਦੇ ਹਨ ਅਤੇ ਲੀਡਰ ਵੀ ਬਦਲਦੇ ਹਨ, ਸਭ ਆਪਣੇ ਵੱਲੋਂ ਠੀਕ ਕਰ ਰਹੇ ਹੁੰਦੇ ਹਨ, ਸਭ ਆਪਣੇ ਨਫੇ ਨੁਕਸਾਨ ਦੀਆਂ ਗਿਣਤੀਆਂ ਮਿਣਤੀਆਂ ਕਰਕੇ ਕਿਸੇ ਪਾਸਿਉਂ ਟੁੱਟ ਜਾਂਦੇ ਹਨ ਕਿਸੇ ਪਾਸੇ ਜੁੜ ਜਾਂਦੇ ਹਨ, ਧਾਰਮਿਕ ਖੇਤਰ ਵਿੱਚ ਵੀ ਲੋਕ ਬਦਲਦੇ ਰਹਿੰਦੇ ਹਨ, ਉੱਥੇ ਵੀ ਇਹੀ ਹਾਲ ਹੁੰਦਾ ਹੈ, ਜਦੋਂ ਕੋਈ ਹੋਰ ਧਰਮ ਦਾ ਬੰਦਾ ਸਾਡੇ ਧਰਮ ਵਿੱਚ ਆ ਜਾਵੇ ਤਾਂ ਬਹੁਤ ਚੰਗਾ, ਜੇ ਕੋਈ ਸਾਡੇ ਧਰਮ ਨੂੰ ਛੱਡ ਕੇ ਦੂਜੇ ਧਰਮ ਵਿੱਚ ਚਲਾ ਜਾਵੇ, ਫਿਰ ਗੱਦਾਰ ਜਾਂ ਵਿਕ ਗਿਆ। ਜੇ ਗੁਰੂ ਘਰ ਦੀ ਕਮੇਟੀ ਨੂੰ ਠੀਕ ਨਾ ਲੱਗੇ ਤਾਂ ਗੁਰੂ ਘਰ ਦੀਆਂ ਕਮੇਟੀਆਂ ਗ੍ਰੰਥੀਆਂ, ਰਾਗੀਆਂ ਨੂੰ ਬਦਲ ਦਿੰਦੀਆਂ ਹਨ, ਜੇ ਗ੍ਰੰਥੀਆਂ, ਰਾਗੀਆਂ ਨੂੰ ਠੀਕ ਨਾ ਲੱਗੇ ਤਾਂ ਉਹ ਵੀ ਗੁਰੂ ਘਰ ਬਦਲ ਦਿੰਦੇ ਹਨ, ਅਸੀਂ ਆਪਣੇ ਆਂਢ ਗੁਆਂਢ ਵਿੱਚ ਵੀ ਬਦਲਦੇ ਰਹਿੰਦੇ ਹਾਂ, ਅੱਜ ਕਿਸੇ ਗੁਆਂਢੀ ਨਾਲ ਨੇੜਤਾ ਹੈ ਕੱਲ੍ਹ ਨੂੰ ਕਿਸੇ ਹੋਰ ਨਾਲ ਹੋ ਜਾਂਦੀ ਹੈ। ਜਿੰਨੇ ਉਮੀਦਵਾਰ ਜਿੱਤਦੇ ਹਨ ਉਸ ਤੋਂ ਕਈ ਗੁਣਾਂ ਵੱਧ ਉਮੀਦਵਾਰ ਹਾਰਦੇ ਵੀ ਹਨ, ਕਈ ਵਾਰ ਚੰਗੇ ਉਮੀਦਵਾਰ ਵੀ ਹਾਰ ਜਾਂਦੇ ਹਨ, ਕੀ ਫਿਰ ਉਹ ਵੀ ਵੋਟਰਾਂ ਨੂੰ ਗੱਦਾਰ ਕਹਿਣਗੇ? ਕਈ ਵਾਰ ਉਸ ਬੰਦੇ ਦੀ ਗੱਲ ਵੀ ਸਹੀ ਹੋ ਸਕਦੀ ਹੈ ਜਿਸ ਨਾਲ਼ ਕੋਈ ਵੀ ਨਹੀਂ ਹੁੰਦਾ, ਜਰੂਰੀ ਨਹੀਂ ਹੁੰਦਾ ਕਿ ਹਰ ਵਾਰ ਬਹੁ ਗਿਣਤੀ ਦਾ ਫੈਸਲਾ ਸਹੀ ਹੋਵੇ, ਮੋਦੀ ਦੀ ਸਰਕਾਰ ਬਣਾਉਣਾ ਸਾਡੇ ਭਾਰਤੀਆਂ ਦੀ ਬਹੁ ਗਿਣਤੀ ਦਾ ਕਿੰਨਾ ਮਾੜਾ ਫੈਸਲਾ ਸੀ, ਉਹ ਅੱਜ ਸਭ ਦੇ ਸਾਹਮਣੇ ਹੈ, ਮੇਰੀ ਸੋਚ ਮੁਤਾਬਿਕ ਮਾੜਾ ਹੋਣਾ ਮਾੜਾ ਹੈ ਬਦਲਣਾ ਮਾੜਾ ਨਹੀਂ ਹੁੰਦਾ। ਕਈ ਵਾਰ ਅਸੀਂ ਮਾੜੇ ਲੀਡਰ ਮਗਰ ਲੱਗ ਜਾਂਦੇ ਹਾਂ, ਕੀ ਫਿਰ ਸਾਨੂੰ ਬਦਲਣਾ ਨਹੀਂ ਚਾਹੀਦਾ? ਕਈ ਵਾਰ ਲੀਡਰ ਵੀ ਗਲਤ ਪਾਰਟੀ ਵਿੱਚ ਚਲਾ ਜਾਂਦਾ ਹੈ ਕੀ ਫਿਰ ਉਸ ਨੂੰ ਉੱਥੇ ਹੀ ਰਹਿਣਾ ਚਾਹੀਦਾ ਹੈ? ਜਿਹੜੇ ਲੀਡਰ ਸਾਰੀ ਉਮਰ ਪਾਰਟੀ ਨਹੀਂ ਬਦਲਦੇ ਜਰੂਰੀ ਨਹੀਂ ਹੈ ਕਿ ਉਹ ਇਮਾਨਦਾਰ ਜਾਂ ਲੋਕ ਪੱਖੀ ਹੋਣ, ਇਹ ਵੀ ਜਰੂਰੀ ਨਹੀਂ ਹੁੰਦਾ ਕਿ ਪਾਰਟੀ ਬਦਲਣ ਵਾਲੇ ਬੇਈਮਾਨ ਜਾਂ ਲੋਕ ਵਿਰੋਧੀ ਹੋਣ, ਸਾਨੂੰ ਪਾਰਟੀ ਜਾਂ ਧਰਮ ਆਦਿ ਬਦਲਣ ਤੇ ਰੌਲਾ ਪਾਉਣ ਵਾਲਿਆਂ ਨੂੰ ਚਾਹੀਦਾ ਹੈ ਕਿ ਅਸੀਂ ਸਾਡੇ ਚੁਣੇ ਹੋਏ ਲੀਡਰਾਂ ਦੀ ਕਾਰਗੁਜ਼ਾਰੀ ਨੂੰ ਵੇਖੀਏ ਕਿ ਉਸ ਨੇ ਲੋਕਾਂ ਲਈ ਕੀ ਕੀਤਾ ਹੈ, ਕਿਤੇ ਉਸ ਨੇ ਲੋਕਾਂ ਦੇ ਹੱਕ ਤਾਂ ਨਹੀਂ ਮਾਰੇ, ਉਸ ਤੋਂ ਹਿਸਾਬ ਮੰਗੋ ਕਿ ਤੈਂ ਪੰਜ ਸਾਲਾਂ ਵਿੱਚ ਕੀ ਕੀਤਾ ਹੈ, ਉਸ ਨੂੰ ਪੁੱਛੋ ਕਿ ਤੈਂ ਜੰਤਾ ਦੇ ਕਿੰਨੇ ਪੈਸੇ ਤਨਖਾਹਾਂ ਅਤੇ ਭੱਤਿਆਂ ਵਿੱਚ ਹੜੱਪ ਕੀਤੇ ਹਨ, ਆਪਣੇ ਲੀਡਰਾਂ ਨੂੰ ਪੁੱਛੋ ਕਿ ਤੁਹਾਡੀਆਂ ਤਨਖਾਹਾਂ ਇੰਨੀਆਂ ਕਿਉਂ ਹਨ, ਜੋ ਲੀਡਰ ਸਾਨੂੰ ਇੱਕੋ ਥਾਂ ਟਿਕ ਕੇ ਖਾ ਰਹੇ ਹਨ ਉਹਨਾਂ ਬਾਰੇ ਤਾਂ ਅਸੀਂ ਬੋਲਦੇ ਨਹੀਂ, ਜਦੋਂ ਕਿ ਇੱਥੇ ਬੋਲਣਾ ਸਾਡਾ ਹੱਕ ਹੈ, ਪਰ ਅਸੀਂ ਆਪਣੇ ਹੱਕਾਂ ਲਈ ਬੋਲਣ ਦੀ ਥਾਂ ਦੂਜੇ ਦੇ ਹੱਕਾਂ ਵਿਰੁੱਧ ਬੋਲਣ ਨੂੰ ਹੀ ਆਪਣੇ ਹੱਕ ਸਮਝਦੇ ਹਾਂ, ਅਸੀਂ ਸਭ ਆਪਣੇ ਫੈਸਲੇ ਲੈਣ ਲਈ ਆਜ਼ਾਦ ਹਾਂ, ਅਸੀਂ ਜੋ ਮਰਜੀ ਕਰੀਏ, ਇਸ ਲਈ ਕਿਸੇ ਨੂੰ ਪਾਰਟੀ ਜਾਂ ਧਰਮ ਆਦਿ ਬਦਲਣ ਤੇ ਮੰਦਾ ਨਹੀਂ ਬੋਲਣਾ ਚਾਹੀਦਾ, ਹਾਂ ਤੁਹਾਨੂੰ ਉਹ ਪਸੰਦ ਨਹੀਂ ਹੈ ਤੁਸੀਂ ਉਸ ਦਾ ਸਾਥ ਨਾ ਦਿਓ।

# ਪਾਠਕਾਂ ਦੇ ਸਵਾਲਾਂ ਦੇ ਜਵਾਬ

-ਗੁਰਮਤਿ ਵਿਰਸਾ ਬਿਊਰੋ

**1. ਸਵਾਲ- ਸੰਧਿਆ ਤੋਂ ਕੀ ਭਾਵ ਹੈ?**

**ਜਵਾਬ**—ਹਿੰਦੂ ਮਤ ਅਨੁਸਾਰ ਸੂਰਜ ਨਿਕਲਣ ਤੋਂ ਸੱਠ ਪਲ (ਇਕ ਘੜੀ) ਪਹਿਲਾਂ ਅਤੇ ਸੱਠ ਪਲ ਸੂਰਜ ਨਿਕਲਣ ਪਿੱਛੋਂ ਅਰ ਸੂਰਜ ਦੀ ਟਿੱਕੀ ਡੁੱਬਣ ਤੋਂ ਸੱਠ ਪਲ ਪਹਿਲਾਂ ਸੂਰਜ ਦੀ ਟਿੱਕੀ ਡੁੱਬਣ ਤੋਂ ਪਿੱਛੋਂ ਇਹ ਦੋ ਘੜੀਆਂ ਦਾ ਵੇਲਾ ਸੰਧਿਆ ਕਾਲ ਹੈ।

ਸਵੇਰ ਅਤੇ ਸ਼ਾਮ ਦੀ ਸੰਧਿਆ ਅਖਵਾਉਂਦੀ ਹੈ। ਦੁਪਹਿਰ ਵੇਲੇ ਦਾ ਅਰਥਾਤ ਬਾਰਾਂ ਵੱਜਣ ਤੋਂ 22 ਮਿੰਟ ਪਹਿਲਾਂ ਅਤੇ 22 ਮਿੰਟ ਪਿੱਛੋਂ ਦਾ ਸਮਾਂ ਵੀ ਸੰਧਿਆ ਕਾਲ ਅਖਵਾਉਂਦਾ ਹੈ। ਇਸ ਨੂੰ ਮਧਿਆਨ ਸੰਧਿਆ ਵੀ ਕਿਹਾ ਜਾਂਦਾ ਹੈ।

**2. ਸਵਾਲ—ਸੰਧਿਆ ਵੇਲੇ ਪਾਠ ਕਰਦਿਆਂ ਮੂੰਹ ਕਿਸ ਪਾਸੇ ਹੋਣੇ ਚਾਹੀਦੇ ਹਨ?**

**ਜਵਾਬ**— ਹਿੰਦੂ ਮੱਤ ਅਨੁਸਾਰ ਸਵੇਰ ਦੀ ਸੰਧਿਆ ਪੂਰਬ ਵੱਲ ਮੂੰਹ ਕਰਕੇ, ਮਧਿਆਨ ਭਾਵ ਦੁਪਹਿਰ ਦੀ ਸੰਧਿਆ ਉੱਤਰ ਵਲ ਮੂੰਹ ਕਰਨਾ ਹੈ ਜਦ ਕਿ ਸ਼ਾਮ ਦੀ ਸੰਧਿਆ ਪੱਛਮ ਵਾਲੇ ਪਾਸੇ ਨੂੰ ਮੂੰਹ ਕਰਨਾ ਹੈ। ਸੰਧਿਆ ਕਰਨ ਵੇਲੇ ਗਾਇਤ੍ਰੀ ਦਾ ਪਾਠ ਜਪ, ਸੂਰਜ, ਦੇਵ, ਆਦਿ ਨੂੰ ਤਰਪਣ ਅਤੇ ਪ੍ਰਾਣਾਯਾਮ (ਗਾਇਤ੍ਰੀ) ਕਰਨਾ ਜ਼ਰੂਰੀ ਹੈ। ਦਿਵਜਾਤੀਆਂ ਦੇ ਨਿੱਤ ਕਰਮ ਵਿੱਚ ਸੰਧਿਆ ਉਪਾਸਨਾ ਪ੍ਰਧਾਨ ਕਰਮ ਹੈ। ਦੁਆਦਸੀ, ਅਮਾਵਸ, ਪੂਰਨਮਾਸ਼ੀ, ਸੰਗਰਾਂਦ ਅਤੇ ਸ਼ਰਾਧ ਦੇ ਦਿਨਾਂ ਸੰਝ ਵੇਲੇ ਦੀ ਸੰਧਿਆ ਦਾ ਤਿਆਗ ਕਰਨਾ ਵਿਧਾਨ ਹੈ ਕੀਤਾ ਹੈ।

**ਸਿੱਖ ਧਰਮ** ਵਿੱਚ ਅੰਮ੍ਰਿਤ ਵੇਲੇ, ਸੰਝ ਵੇਲੇ ਅਤੇ ਸੌਣ ਸਮੇਂ ਕਰਤਾਰ ਨਾਲ ਮਨ ਦੀ ਲਿਵ ਲਾ ਕੇ ਗੁਰਬਾਣੀ ਦਾ ਵਿਚਾਰ ਸਹਿਤ ਪਾਠ ਕਰਨਾ ਨਿਤਨੇਮ ਹੈ। ਕਿਸੇ ਖਾਸ ਦਿਸ਼ਾ ਵੱਲ ਮੂੰਹ ਕਰਨ ਦੀ ਕੋਈ ਲੋੜ ਨਹੀਂ ਹੈ।

ਗੁਰਬਾਣੀ ਵਾਕ ਹੈ-

**ਏਹਾ ਸੰਧਿਆ ਪਰਵਾਣੁ ਹੈ**
**ਜਿਤੁ ਹਰਿ ਪ੍ਰਭੁ ਮੇਰਾ ਚਿਤਿ ਆਵੈ ॥**
**ਹਰਿ ਸਿਉ ਪ੍ਰੀਤਿ ਊਪਜੈ**
**ਮਾਇਆ ਮੋਹੁ ਜਲਾਵੈ ॥**
**ਗੁਰ ਪਰਸਾਦੀ ਦੁਬਿਧਾ ਮਰੈ**
**ਮਨੂਆ ਅਸਥਿਰੁ ਸੰਧਿਆ ਕਰੇ ਵੀਚਾਰੁ ॥**
**ਨਾਨਕ ਸੰਧਿਆ ਕਰੈ ਮਨਮੁਖੀ**
**ਜੀਉ ਨ ਟਿਕੈ ਮਰਿ ਜੰਮੈ ਹੋਇ ਖੁਆਰੁ ॥**
**(553)**

ਅਤੇ

**ਸੰਧਿਆ ਤਰਪਣੁ ਕਰਹਿ ਗਾਇਤ੍ਰੀ**
**ਬਿਨੁ ਬੂਝੇ ਦੁਖੁ ਪਾਇਆ ॥ (603)**

**3. ਸਵਾਲ—ਸੰਨਿਆਸ ਤੋਂ ਕੀ ਭਾਵ ਹੈ?**

**ਜਵਾਬ**— ਕੁਟੰਬ, ਧਨ ਪਦਰਾਥ ਅਤੇ ਵਿਹਾਰ ਛੱਡ ਦੇਣ ਦਾ ਨਾਉਂ ਸੰਨਿਆਸ ਨਹੀਂ ਹੈ। ਪਰਿਵਾਰ ਵਿੱਚ ਰਹਿੰਦਿਆਂ ਨਿਤਾ ਪ੍ਰਤੀ ਕਾਰ ਵਿਹਾਰ ਕਰਦਿਆਂ ਤ੍ਰਿਸ਼ਨਾ, ਈਰਖਾ ਤੇ ਹਉਮੈ ਨੂੰ ਮਾਰਨ ਵਾਲਾ ਸੰਨਿਆਸੀ ਹੈ।

**ਸੋ ਸੰਨਿਆਸੀ ਜੋ ਸਤਿਗੁਰ ਸੇਵੈ**
**ਵਿਚਹੁ ਆਪੁ ਗਵਾਏ ॥**
**ਛਾਦਨ ਭੋਜਨ ਕੀ ਆਸ ਨ**
**ਕਰਈ ਅਚਿੰਤੁ ਮਿਲੈ ਸੋ ਪਾਏ ॥ (1013)**

**4. ਸਵਾਲ—ਕੀ ਕੋਈ ਸ਼ਰਧਾ ਪੂਰਵਕ ਗ੍ਰੰਥ ਹੈ?**

**ਜਵਾਬ**— ਨਹੀਂ ਜੀ-- ਸਿੱਖ ਧਰਮ ਵਿਚ ਇਸ ਤਰ੍ਹਾਂ ਦਾ ਕੋਈ ਉਚੇਚਾ ਗ੍ਰੰਥ ਨਹੀਂ ਹੈ।

**5. ਸਵਾਲ—ਕੀ ਜੁਗਤੀਆਂ ਨਾਲ ਕੀਤੇ ਪਾਠ ਸਾਡੀ ਕੋਈ ਮਦਦ ਕਰ ਸਕਦੇ ਹਨ?**

**ਜਵਾਬ**- ਨਹੀਂ ਜੀ। ਚਲਾਕ ਬਿਰਤੀ ਵਾਲਿਆਂ ਨੇ ਭੋਲੇ ਲੋਕਾਂ ਨੂੰ ਠੱਗਣ ਲਈ ਕਈ ਪ੍ਰਕਾਰ ਦੀਆਂ ਜੁਗਤੀਆਂ ਪੈਦਾ ਕੀਤੀਆਂ ਹੋਈਆਂ ਹਨ। ਲੋਕਾਂ ਨੂੰ ਭਰਮਾਉਣ ਲਈ ਸੰਕਟ ਮੋਚਨ ਵਰਗੀਆਂ ਪੁਸਤਕਾਂ ਤਿਆਰ ਕਰ ਲਈਆਂ ਹਨ। ਜਿਸ ਵਿੱਚ ਵੱਖ-ਵੱਖ ਮੰਗਾਂ ਦੀ ਪੂਰਤੀ ਲਈ ਵੱਖ-ਵੱਖ ਵਿਧੀਆਂ ਸਮਝਾਈਆਂ ਹੋਈਆਂ ਹਨ। ਕੁਝ ਕੁ ਮਿਸਾਲਾਂ-

**ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥**

ਇਸ ਪਉੜੀ ਦਾ ਪਾਠ ਐਤਵਾਰ ਤੋਂ ਨਿੱਤ 100 ਵਾਰ ਕਰਨਾ। ਇਕ ਲੱਖ ਪਾਠ ਤੋਂ ਸੰਪਦਾ ਵਧੇ ਅਤੇ ਰਾਜ ਪੁੱਤਰੀ ਵਿਆਹੇ।

**ਸਾਚਾ ਸਾਹਿਬੁ ਸਾਚੁ ਨਾਇ ॥**

ਇਸ ਪਉੜੀ ਦਾ ਪਾਠ ਮੰਗਲਵਾਰ ਤੋਂ ਅਰੰਭੇ, 25 ਦਿਨਾਂ ਵਿੱਚ 25 ਸੌ ਪਾਠ ਕਰੇ, ਝਗੜਾ ਜੀਤੇ ਮਜਲਸ ਵਿੱਚ ਫਤਹ ਹੋਵੇ।

**ਸੁਣਿਐ ਸਤੁ ਸੰਤੋਖੁ ਗਿਆਨੁ ॥**

ਸੋਮਵਾਰ ਤੋਂ ਪ੍ਰਾਤਾਕਾਲ 11 ਹਜ਼ਾਰ ਪਾਠ 91 ਦਿਨਾਂ ਵਿੱਚ ਕਰੇ, ਰਾਜਾ ਤੇ ਰਾਣੀ ਵੱਸ ਹੋਏ।

ਵਿਚਾਰਵਾਨ ਗੁਰਸਿੱਖ, ਤਾਂਤਰਿਕ ਪਰਪੰਚੀਆਂ ਦੇ ਦੱਸੇ ਹੋਏ ਸ਼ਬਦਾਂ ਦੇ ਜਪ ਅਤੇ ਫਲ ਪੜ੍ਹ ਕੇ ਫੇਰ ਗੁਰਬਾਣੀ ਦੇ ਭਾਵ ਵੱਲ ਵਿਚਾਰ ਕਰਨ ਤਾਂ ਆਪ ਹੀ ਪਤਾ ਲੱਗ ਜਾਂਦਾ ਹੈ ਕਿ ਸੰਕਟ ਮੋਚਨ ਗ੍ਰੰਥ ਗੁਰਮਤਿ ਤੋਂ ਕਿੰਨਾਂ ਦੂਰ ਲਿਜਾਂਦਾ ਹੈ।

**ਗੁਰਬਾਣੀ ਗਾਵਹ ਭਾਈ ॥**
**ਓਹ ਸਫਲ ਸਦਾ ਸੁਖਦਾਈ ॥ (628)**

ਲੇਖਿਆਂ ਵਾਲੇ ਪਾਠ ਨੂੰ ਗੁਰਬਾਣੀ ਨੇ ਨਕਾਰਿਆ ਹੈ—

**ਲੇਖੈ ਕਤਹਿ ਨ ਛੂਟੀਐ**
**ਖਿਨੁ ਖਿਨੁ ਭੂਲਨਹਾਰ ॥ (261)**

**6. ਸਵਾਲ- ਸਵਤੰਤ੍ਰਤਾ ਤੋਂ ਕੀ ਭਾਵ ਹੈ?**

**ਜਵਾਬ**— ਸਵ (ਆਪਣਾ) ਤੰਤ੍ਰਤਾ (ਵਸ਼ਿਕਾਰ) ਆਪਣਾ ਨਿਰਵਾਹ, ਆਪਣਾ ਆਚਰਣ, ਆਪਣਾ ਕਾਰ-ਵਿਹਾਰ, ਕਿਸੇ ਅਧੀਨ ਨਾ ਰੱਖਣਾ, ਕਿੰਤੂ ਸਭ ਤੇ ਆਪਣਾ ਵਸ਼ਿਕਾਰ ਹੋਣਾ ਸਵਤੰਤ੍ਰਤਾ ਹੈ।

**7. ਸਵਾਲ—ਸਵਤੰਤ੍ਰਤਾ ਕਿੰਨੇ ਪ੍ਰਕਾਰ ਦੀ ਹੁੰਦੀ ਹੈ?**

**ਜਵਾਬ**— ਸਵਤੰਤ੍ਰਤਾ ਦੋ ਪ੍ਰਕਾਰ ਦੀ ਹੁੰਦੀ ਹੈ। ਇਕ ਆਤਮਿਕ ਤੇ ਦੂਜੀ ਸੰਸਾਰਿਕ।

ਆਤਮਿਕ ਸਵਤੰਤ੍ਰਤਾ ਭ੍ਰਮ ਵਹਿਮ ਅਗਿਆਨ ਦੀ ਨਿਵਿਰਤੀ ਤੋਂ ਹੁੰਦੀ ਹੈ। ਏਸੇ ਨੂੰ ਗੁਰਬਾਣੀ ਵਿੱਚ ਮੁਕਤ ਬੰਧਨ ਰਹਿਤ ਹੋਣਾ ਲਿਖਿਆ ਹੈ।

**ਬੰਧਨ ਕਾਟਿ ਮੁਕਤਿ ਗੁਰਿ ਕੀਨਾ॥**
**(804)**

**ਫੂਟੋ ਆਂਡਾ ਭਰਮ ਕਾ**
**ਮਨਹਿ ਭਇਓ ਪਰਗਾਸੁ ॥**
**ਕਾਟੀ ਬੇਰੀ ਪਗਹ ਤੇ**
**ਗੁਰਿ ਕੀਨੀ ਬੰਦਿ ਖਲਾਸੁ ॥ (1002)**

ਸੰਸਾਰਿਕ ਸਵਤੰਤ੍ਰਤਾ ਦਾ ਕਾਰਨ ਹੈ—ਏਕਾ, ਵਿਦਿਆ, ਹੁਨਰ, ਸਿਹਤਮੰਦ, ਅਤੇ ਆਤਮ ਵਿਸ਼ਵਾਸ।

**8. ਸਵਾਲ—ਕੌਮ ਲਈ ਸਵਤੰਤ੍ਰਤਾ ਤੋਂ ਕੀ ਭਾਵ ਹੈ?**

**ਜਵਾਬ**— ਜਿਸ ਕੌਮ, ਜਿਸ ਸਮਾਜ, ਜਿਸ ਦੇਸ਼ ਨੂੰ ਸਵਤੰਤ੍ਰਤਾ ਪ੍ਰਾਪਤ ਹੈ ਉਹ ਆਪਣੀ ਪੂਰਨ ਉਨਤੀ ਕਰ ਸਕਦਾ ਹੈ। ਸਵਤੰਤ੍ਰ ਕੌਮ ਹੀ ਆਪਣੇ ਸਮਾਜ ਲਈ ਨੀਤੀਆਂ ਘੜ੍ਹ ਸਕਦੀ ਹੈ। ਗੁਲਾਮ ਕੌਮਾਂ ਦੀਆਂ ਨੀਤੀਆਂ ਉਹਨਾਂ ਦੇ ਮਾਲਕ ਘੜਦੇ ਹਨ।

ਸਵਤੰਤ੍ਰਤਾ ਇਸ ਦਾ ਨਾਉਂ ਨਹੀਂ ਹੈ ਕਿ ਹਰੇਕ ਆਦਮੀ ਆਪਣੀ ਮਰਜ਼ੀ ਕਰੇ ਅਤੇ ਦੇਸ਼ ਦੇ ਅਮਨ ਨੂੰ ਵਿਗਾੜੇ ਤਥਾ ਆਪਣੇ ਮਨ ਇੰਦ੍ਰੀਆਂ ਤੇ ਵਸ਼ਿਕਾਰ ਨਾ ਰੱਖਦਾ ਹੋਇਆ ਵਿਸ਼ੇ ਵਿਕਾਰਾਂ ਦਾ ਸ਼ਿਕਾਰ ਹੋ ਜਾਵੇ, ਅਜਿਹੇ ਸਵਤੰਤਰ ਹੋਣ ਵਾਲੇ ਸਵਤੰਤਰ ਹੋ ਕੇ ਵੀ ਬਿਪਤਾ ਦਾ ਸ਼ਿਕਾਰ ਬਣ ਜਾਂਦੇ ਹਨ ਅਤੇ ਦੂਸਰਿਆਂ ਨੂੰ ਕਲੇਸ਼ ਦਿੰਦੇ ਹਨ।

-0-



# ਸ਼ਬਦ ਵਿਚਾਰ

## ਮੁਰਾਦਾਂ ਪੂਰੀਆਂ ਹੋਣੀਆਂ



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

ਧਰਮ ਦੀ ਦੁਨੀਆਂ ਵਿਚ ਬਹੁਤ ਵੱਡਾ ਅਕੀਦਾ ਹੈ ਕਿ ਧਾਰਮਿਕ ਕਰਮ ਕਰਨ ਨਾਲ ਸਾਡੀਆਂ ਮੂੰਹ ਮੰਗੀਆਂ ਮੁਰਾਦਾਂ ਪੂਰੀਆਂ ਹੁੰਦੀਆਂ ਹਨ। ਭਾਰਤ ਵਿਚ ਧਾਰਮਿਕ ਅਸਥਾਨ ਵੀ ਇਸੇ ਕਰਕੇ ਬਣੇ ਹੋਏ ਹਨ। ਦੁਨੀਆਂ ਵਿਚ ਆਮ ਮਨੁੱਖ ਕਿਸੇ ਨਾ ਕਿਸੇ ਵਜਾ ਕਰਕੇ ਅਵਾਜ਼ਾਰ ਹੈ। ਬੁਨਿਆਦੀ ਨੁਕਸ ਲੱਭਣ ਦੀ ਥਾਂ 'ਤੇ ਮਨੁੱਖ ਪੂਜਾ ਵਲ ਨੂੰ ਤੁਰ ਪੈਂਦਾ ਹੈ। ਮੁਰਾਦਾਂ ਦੀ ਪੂਰਤੀ ਲਈ ਪੁਜਾਰੀ ਵਰਗ ਨੇ ਸੰਕਟ ਮੋਚਨ ਵਰਗੀਆਂ ਪੁਸਤਕਾਂ ਵੀ ਬਣਾ ਲਈਆਂ ਹਨ। ਹੁਣ ਤਾਂ ਹੋਰ ਤਰੱਕੀ ਹੋ ਗਈ ਕਿ ਹਰ ਕੰਮ ਲਈ ਦੇਵਤੇ ਵੀ ਵੱਖੋ ਵੱਖਰੇ ਹਨ। ਮਨੋਂ ਕਾਮਨਾ ਦੀ ਪੂਰਤੀ ਲਈ ਤਰ੍ਹਾਂ ਤਰ੍ਹਾਂ ਦੀ ਅਰਾਧਨਾ ਹੋ ਰਹੀ ਹੈ। ਪੁੱਤਰ ਦੀ ਪਰਾਪਤੀ ਲਈ ਸਿੱਖੀ ਵਿਚ ਮਿੱਸੇ ਪ੍ਰਸ਼ਾਦਿਆਂ ਦਾ ਲੰਗਰ ਤਿਆਰ ਹੋਣ ਲੱਗ ਪਿਆ ਹੈ। ਇਥੋਂ ਤਕ ਇਤਿਹਾਸਕ ਗੁਰਦੁਆਰਿਆਂ ਵਿਚ ਜੋਤਾਂ ਵਿਚ ਤੇਲ ਪਾਉਣਾ, ਕੇਲਿਆਂ ਦਾ ਪ੍ਰਸ਼ਾਦ ਚੜ੍ਹਾਨਾ, ਵੀਜ਼ਿਆਂ ਦੀ ਖਾਤਰ ਜਹਾਜ਼ਾਂ ਦੇ ਖਿਡਾਉਣੇ ਚੜ੍ਹਾਉਣੇ ਤੇ ਘੋੜੇ ਭੇਟ ਕਰਨੇ ਮਨੋਂ ਕਾਮਨਾ ਦੀ ਪੂਰਤੀ ਪ੍ਰਗਟ ਹੁੰਦੀ ਹੈ। ਵੀਰਵਾਰ ਨੂੰ ਕਬਰਾਂ 'ਤੇ ਮੱਥਾ ਟੇਕਣਾ, ਦੀਵੇ ਜਗਾਉਣੇ ਅਤੇ ਰੋਟ ਭੇਟ ਕਰਨ ਨੂੰ ਸਮਝਿਆ ਜਾਂਦਾ ਹੈ ਕਿ ਸਾਡੇ ਬੱਚੇ ਵਧੀਆ ਨੰਬਰ ਲੈ ਕੇ ਪਾਸ ਹੋਣਗੇ। ਵੋਟਾਂ ਤੋਂ ਪਹਿਲਾਂ ਰਾਜਨੀਤਿਕ ਨੇਤਾ ਜੋਤਸ਼ੀਆਂ ਤੋਂ ਕੁੰਡਲੀਆਂ ਬਣਾਉਂਦੇ, ਲਾਲ ਰੰਗ ਦੇ ਧਾਗੇ ਬੰਨ੍ਹੀ ਫਿਰਦੇ ਜਾਂ ਫਿਰ ਉਹਨਾਂ ਕੋਲੋਂ ਉਪਾਅ ਪੁਛਦੇ ਫਿਰਦੇ ਨਜ਼ਰ ਆਉਂਦੇ ਹਨ। ਇਹ ਜੋਤਸ਼ੀ ਐਨੇ ਚਤਰ ਹਨ ਕਿ ਹਰ ਨੇਤਾ ਨੂੰ ਜਿੱਤ ਦਾ ਸਰਟੀਫਿਕੇਟ ਦੇਈ ਜਾਂਦੇ ਹਨ ਅਤੇ ਕੋਲ ਰੱਖੇ ਨਗ ਵੇਚੀ ਜਾਂਦੇ ਹਨ।

ਗੁਰਬਾਣੀ ਸਿਧਾਂਤ ਫੋਕਟ ਦੇ ਕਰਮਕਾਂਡਾਂ ਨੂੰ ਨਕਾਰਦਾ ਹੈ। ਹਰ ਚੌਂਕ ਵਿਚ ਮੰਗਣ ਵਾਲਾ ਦਾਨ ਦੇਣ ਵਾਲੇ ਨੂੰ ਲੱਖਪਤੀ ਦਾ ਵਰ ਦਿੰਦਾ ਹੈ ਪਰ ਆਪ ਚਵਾਨੀਆਂ ਅਠੰਨੀਆਂ ਮੰਗੀ ਜਾਂਦਾ ਹੈ। ਅਸੀਂ ਦੁਨਿਆਵੀ ਲੋੜਾਂ ਦੀ ਪੂਰਤੀ ਲਈ ਧਾਰਮਿਕ ਅਸਥਾਨਾਂ ਤੋਂ ਮੰਗਦੇ ਹਾਂ ਜਦ ਕਿ ਗੁਰਬਾਣੀ ਆਤਮਿਕ ਤਲ ਦੀਆਂ ਲੋੜਾਂ ਦੀ ਪੂਰਤੀ ਦੀ ਵਿਚਾਰ ਕਰਦੀ ਹੈ।

ਸਹਿਸਕ੍ਰਿਤੀ ਦੇ ਵੀਹਵੇਂ ਸਲੋਕ ਵਿਚ ਗੁਰਦੇਵ ਪਿਤਾ ਜੀ ਸਾਡੀ ਮਾਨਸਿਕ ਸਥਿੱਤੀ ਨੂੰ ਸਮਝਦਿਆਂ ਔਝੜ ਰਾਹ ਤੋਂ ਬਚਾਉਂਦਿਆਂ ਸਮਝਾਇਆ ਹੈ ਕਿ ਬੰਦਿਆ ਤੇਰੀਆਂ ਸਾਰੀਆਂ ਆਤਮਿਕ ਤਲ ਦੀਆਂ ਮੁਰਾਦਾਂ ਪੂਰੀਆਂ ਹੋ ਸਕਦੀਆਂ ਹਨ ਜੇ ਤੂੰ ਗੁਰੂ ਉਪਦੇਸ਼ ਵਿਚ ਆਪਣੇ ਆਪ ਨੂੰ ਢਾਲ ਲਏਂ। ਗੁਰੂ ਸਾਹਿਬ ਦੀ ਸਿੱਖਿਆ 'ਤੇ ਤੁਰਨ ਵਾਲਾ ਆਦਰਸ਼ਕ ਜੀਵਨ ਬਣਦਾ ਹੈ---

**ਪਾਛੰ ਕਰੋਤਿ ਅਗ੍ਰਣੀਵਹ**
**ਨਿਰਾਸੰ ਆਸ ਪੂਰਨਹ ॥**
**ਨਿਰਧਨ ਭਯੰ ਧਨਵੰਤਹ**
**ਰੋਗੀਅੰ ਰੋਗ ਖੰਡਨਹ ॥**
**ਭਗਤ੍ਯੰ ਭਗਤਿ ਦਾਨੰ**
**ਰਾਮ ਨਾਮ ਗੁਣ ਕੀਰਤਨਹ ॥**
**ਪਾਰਬ੍ਰਹਮ ਪੁਰਖ ਦਾਤਾਰਹ**
**ਨਾਨਕ ਗੁਰ ਸੇਵਾ ਕਿੰ ਨ ਲਭ੍ਹਤੇ ॥20॥**

**ਅਰਥ:** ਸਰਬ-ਵਿਆਪਕ ਪ੍ਰਭੂ ਸਭ ਦਾਤਾਂ ਦੇਣ ਵਾਲਾ ਹੈ। ਹੇ ਨਾਨਕ! ਗੁਰੂ ਦੀ ਸੇਵਾ ਦੀ ਰਾਹੀਂ (ਉਸ ਪਾਸੋਂ) ਕੀ ਕੁਝ ਨਹੀਂ ਮਿਲਦਾ?

ਉਹ ਪ੍ਰਭੂ ਪਿੱਛੇ ਤੁਰਨ ਵਾਲਿਆਂ ਨੂੰ ਆਗੂ ਬਣਾ ਦੇਂਦਾ ਹੈ, ਨਿਰਾਸਿਆਂ ਦੀਆਂ ਆਸਾਂ ਪੂਰੀਆਂ ਕਰਦਾ ਹੈ। (ਉਸ ਦੀ ਮੇਹਰ ਨਾਲ) ਕੰਗਾਲ ਧਨ ਵਾਲਾ ਬਣ ਜਾਂਦਾ ਹੈ। ਉਹ ਮਾਲਕ ਰੋਗੀਆਂ ਦੇ ਰੋਗ ਨਾਸ ਕਰਨ-ਜੋਗ ਹੈ। ਪ੍ਰਭੂ ਆਪਣੇ ਭਗਤਾਂ ਨੂੰ ਆਪਣੀ ਭਗਤੀ ਨਾਮ ਅਤੇ ਗੁਣਾਂ ਦੀ ਸਿਫ਼ਤਿ-ਸਾਲਾਹ ਦੀ ਦਾਤਿ ਦੇਂਦਾ ਹੈ।20।

**ਵਿਚਾਰ ਚਰਚਾ—**

1. ਕੀ ਗੁਰੂ ਸਾਹਿਬ ਦੀ ਕੇਵਲ ਸ਼ਰਣ ਵਿਚ ਆਉਣ ਨਾਲ ਹੀ ਸਾਡੀਆਂ ਮੁਰਾਦਾਂ ਪੂਰੀਆਂ ਹੋ ਜਾਂਦੀਆਂ ਹਨ?

2. ਕੀ ਆਪ ਉੱਦਮ ਨਾ ਕੀਤਾ ਜਾਏ ਤਾਂ ਵੀ ਸਾਡੀਆਂ ਮੁਰਾਦਾਂ ਪੂਰੀਆਂ ਹੁੰਦੀਆਂ ਹਨ?

3. ਇਲਾਜ ਕਰਾਉਣ ਤੋਂ ਬਿਨਾ ਕੇਵਲ ਧਾਰਮਿਕ ਅਸਥਾਨਾਂ 'ਤੇ ਆਉਣ ਨਾਲ ਸਾਡੇ ਸਰੀਰਕ ਰੋਗ ਦੂਰ ਹੋ ਸਕਦੇ ਹਨ?

4. ਕੀ ਕਿਰਸਾਨ ਆਪਣੇ ਖੇਤਾਂ ਵਿਚ ਕੰਮ ਨਾ ਕਰੇ ਤਦ ਵੀ ਉਸ ਦੀ ਫਸਲ ਤਿਆਰ ਹੋ ਜਾਂਦੀ ਹੈ?

5. ਮੋਟੇ ਤੌਰ 'ਤੇ ਧਰਮ ਦੀ ਦੁਨੀਆਂ ਵਿੱਚ ਏਦਾਂ ਹੀ ਜਾਪਦਾ ਹੈ ਕਿ ਸ਼ਾਇਦ ਗੁਰਦੁਆਰੇ ਆਉਣ ਨਾਲ ਹੀ ਸਾਡੇ ਕਾਰਜ ਰਾਸ ਹੋਣੇ ਹਨ।

6. ਇਸ ਤਰ੍ਹਾਂ ਕਦੇ ਵੀ ਸਾਡੀਆਂ ਮੁਰਾਦਾਂ ਪੂਰੀਆਂ ਨਹੀਂ ਹੋ ਸਕਦੀਆਂ।

7. ਇਸ ਸਲੋਕ ਵਿਚ ਅਹਿਮ ਮੁੱਦਾ ਗੁਰੂ ਦੀ ਸ਼ਰਨ ਵਿਚ ਆ ਕੇ ਰੱਬ ਕੋਲੋਂ ਮੰਗਣ ਦਾ ਹੈ। ਇਸ ਦਾ ਭਾਵ ਅਰਥ ਹੈ ਕਿ ਗੁਰ-ਗਿਆਨ ਦੁਆਰਾ ਕੀ ਮੰਗਣਾ ਹੈ ਇਸ ਗੱਲ ਦੀ ਸਮਝ ਆਉਂਦੀ ਹੈ। ਜਦੋਂ ਸਮਝ ਆਉਂਦੀ ਹੈ ਤਾਂ ਫਿਰ ਦੁਨਿਆਵੀ ਮੰਗਾਂ ਨਹੀਂ ਮੰਗੀਆਂ ਜਾਂਦੀਆਂ ਸਗੋਂ ਆਤਮਿਕ ਜੀਵਨ ਸਮਝਣ ਦਾ ਉਪਰਾਲਾ ਕੀਤਾ ਜਾਂਦਾ ਹੈ।

8. ਸ਼ਰਨ ਦਾ ਭਾਵ ਗੁਰਬਾਣੀ ਗਿਆਨ ਨੂੰ ਆਪਣੀ ਸਮਝ ਦਾ ਹਿੱਸਾ ਬਣਾਉਣਾ ਹੈ। ਪ੍ਰਭੂ ਪਿੱਛੇ ਤੁਰਨ ਦਾ ਭਾਵ ਉੱਦਮ, ਸੰਤੋਖ, ਮਿਹਨਤ, ਇਮਾਨਦਾਰੀ ਤੇ ਵਫ਼ਾਦਾਰੀ ਤੋਂ ਹੈ।

9. ਆਗੂ ਤੋਂ ਭਾਵ ਕੇਵਲ ਸਿਆਸੀ ਨੇਤਾ ਨਹੀਂ ਹੈ— ਆਗੂ ਦੁਨੀਆਂ ਨਾਲ ਨਹੀਂ ਤੁਰਦਾ, ਸਗੋਂ ਗੁਰੂ ਅਨੁਸਾਰੀ ਹੋ ਕੇ ਤੁਰਨ ਤੋਂ ਹੈ। ਕਿਸੇ ਮਨੁੱਖ ਦੀ ਆਸ ਰੱਖਣ ਨਾਲੋਂ ਆਪ ਮਿਹਨਤ ਵਲ ਨੂੰ ਤੁਰਦਾ ਹੈ।

10. ਬੰਦਾ ਮਾਨਸਿਕ ਤੌਰ 'ਤੇ ਰੋਗੀ ਹੈ, ਗੁਰੂ ਦੀ ਸ਼ਰਨ ਵਿੱਚ ਆਉਣ ਨਾਲ ਇਨ੍ਹਾਂ ਰੋਗਾਂ ਦਾ ਇਲਾਜ ਹੋ ਜਾਂਦਾ ਹੈ।

11. ਮੁਕਦੀ ਗੱਲ ਕਿ ਮੁਥਾਜ਼ਗੀ ਖਤਮ ਹੁੰਦੀ ਹੈ ਤੇ ਸ਼ੁੱਭ ਗੁਣਾਂ ਦੀਆਂ ਆਸਾਂ ਪੂਰੀਆਂ ਹੁੰਦੀਆਂ ਹਨ।

**ਤੂ ਪ੍ਰਭ ਦਾਤਾ ਦਾਨਿ ਮਤਿ ਪੂਰਾ**
**ਹਮ ਥਾਰੇ ਭੇਖਾਰੀ ਜੀਉ ॥**
**ਮੈ ਕਿਆ ਮਾਗਉ ਕਿਛੁ ਥਿਰੁ ਨ ਰਹਾਈ**
**ਹਰਿ ਦੀਜੈ ਨਾਮੁ ਪਿਆਰੀ ਜੀਉ ॥**


**(597)**

-0-

# ਸਿੱਖ ਰਹਿਤ ਮਰਿਯਾਦਾ ਨੂੰ 1936 'ਚ ਜਨਰਲ ਹਾਊਸ ਤੋਂ ਮਿਲ ਚੁੱਕੀ ਹੈ ਪ੍ਰਵਾਨਗੀ

**-ਜੋਗਿੰਦਰ ਸਿੰਘ # 98151-95829**

ਬੀਤੇ ਕੁਝ ਦਿਨਾਂ 'ਚ ਦਮਦਮੀ ਟਕਸਾਲ ਜਥਾ ਭਿੰਡਰਾਂ ਮਹਿਤਾ ਦੇ ਪ੍ਰਮੁੱਖ ਨੁਮਾਇੰਦਿਆਂ ਵੱਲੋਂ ਸ਼੍ਰੋਮਣੀ ਕਮੇਟੀ ਦੇ ਧਰਮ ਪ੍ਰਚਾਰ ਵਿੰਗ ਰਾਹੀਂ ਛਾਪੀ ਜਾ ਰਹੀ ਸਿੱਖ ਰਹਿਤ ਮਰਿਯਾਦਾ ਦੀ ਪ੍ਰਵਾਨਗੀ ਦੇ ਇਤਿਹਾਸ ਸਬੰਧੀ ਸਵਾਲ ਉਠਾਉਣ ਮਗਰੋਂ ਪੰਥਕ ਸਫ਼ਾਂ 'ਚ ਇਸ ਨਵੇਂ ਵਿਵਾਦ ਦੀ ਆਰੰਭਤਾ ਬਾਰੇ ਤਿੱਖਾ ਪ੍ਰਤੀਕਰਮ ਵੇਖਿਆ ਗਿਆ ਹੈ। ਮਾਮਲੇ ਨੂੰ ਜਿਥੇ ਸ਼੍ਰੋਮਣੀ ਕਮੇਟੀ, ਪੰਜ ਪਿਆਰਿਆਂ, ਦਲ ਖ਼ਾਲਸਾ ਵਰਗੀਆਂ ਸੰਸਥਾਵਾਂ, ਜਥੇਬੰਦੀਆਂ ਵੱਲੋਂ ਨਵੇਂ ਬਖੇੜੇ ਦੀ ਕੋਸ਼ਿਸ਼ ਕਰਾਰ ਦਿੱਤਾ ਗਿਆ ਹੈ, ਉਥੇ ਕੁਝ ਇਤਿਹਾਸਕ ਤੱਥ ਦਮਦਮੀ ਟਕਸਾਲ ਦੇ ਦਾਅਵੇ ਨੂੰ ਨਕਾਰਦੇ ਹਨ, ਜਿਨ੍ਹਾਂ ਸਬੰਧੀ ਸ਼੍ਰੋਮਣੀ ਕਮੇਟੀ ਨੂੰ ਵੀ ਸ਼ਾਇਦ ਪੁਖਤਾ ਜਾਣਕਾਰੀ ਨਜ਼ਰ ਨਹੀਂ ਆ ਰਹੀ।




ਦਮਦਮੀ ਟਕਸਾਲ ਦੇ ਮੁਖੀ ਦੀ ਗੈਰ ਹਾਜ਼ਰੀ 'ਚ ਕੱਲ੍ਹ ਸੰਸਥਾ ਦੇ ਨੁਮਾਇੰਦਿਆਂ ਵੱਲੋਂ ਦਾਅਵਾ ਕੀਤਾ ਗਿਆ ਸੀ ਕਿ ਜਿਸ ਰਹਿਤ ਮਰਿਯਾਦਾ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪ੍ਰਵਾਨਿਤ ਪ੍ਰਚਾਰਿਆ ਜਾ ਰਿਹਾ ਹੈ, ਉਹ ਮਹਿਜ਼ ਇਕ ਖਰੜਾ ਹੀ ਹੈ, ਜਿਸ ਨੂੰ ਹੁਣ ਤੱਕ ਸ਼੍ਰੋਮਣੀ ਕਮੇਟੀ ਹਾਊਸ ਜਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਰਸਮੀ ਪ੍ਰਵਾਨਗੀ ਨਹੀਂ ਮਿਲੀ।

ਇਤਿਹਾਸਕ ਤੱਥਾਂ ਨੂੰ ਘੋਖੀਏ ਤਾਂ 'ਦਰਪਣ ਸਿੱਖ ਰਹਿਤ ਮਰਿਯਾਦਾ' ਨਾਮੀ ਕਿਤਾਬ, ਜਿਸ ਨੂੰ ਸ਼੍ਰੋਮਣੀ ਕਮੇਟੀ ਦੇ ਦੋ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਅਤੇ ਬੀਬੀ ਜਗੀਰ ਕੌਰ, ਤਤਕਾਲੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ, ਜਥੇਦਾਰ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਸਮੇਤ ਸਿੰਘ ਸਾਹਿਬ ਗਿਆਨੀ ਤਰਲੋਚਨ ਸਿੰਘ (ਮਰਹੂਮ), ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ, ਸਿੰਘ ਸਾਹਿਬ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਵੱਲੋਂ ਸ਼ਲਾਘਾ ਅਤੇ ਮਾਨਤਾ ਪ੍ਰਾਪਤ ਹੈ, 'ਚ ਦਰਜ ਵੇਰਵਿਆਂ ਅਨੁਸਾਰ ਮੌਜੂਦਾ ਰਹਿਤ ਮਰਿਯਾਦਾ ਨੂੰ 1936 'ਚ ਸਰਬ ਹਿੰਦੂ-ਸਿੱਖ ਮਿਸ਼ਨ ਬੋਰਡ ਵੱਲੋਂ ਪ੍ਰਵਾਨ ਕਰਨ ਮਗਰੋਂ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ 'ਚ ਮਾਨਤਾ ਦੇ ਦਿੱਤੀ ਗਈ ਸੀ ਅਤੇ ਤਤਕਾਲੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਮੋਹਨ ਸਿੰਘ ਨੇ ਇਸ ਨੂੰ ਪੰਥ ਦੇ ਨਾਂਅ ਜਾਰੀ ਕੀਤਾ ਸੀ।

ਇਤਿਹਾਸਕ ਅੰਕੜਿਆਂ ਮੁਤਾਬਿਕ 15 ਮਾਰਚ 1927 ਨੂੰ ਸ: ਤੇਜਾ ਸਿੰਘ ਦੀ ਅਗਵਾਈ 'ਚ ਰਹਿਤ ਮਰਿਯਾਦਾ ਸਬੰਧੀ ਸਬ ਕਮੇਟੀ ਦਾ ਗਠਨ ਕੀਤਾ ਗਿਆ ਸੀ ਅਤੇ ਇਸ ਕਮੇਟੀ ਵੱਲੋਂ ਅਪ੍ਰੈਲ 1931 ਦੇ ਗੁਰਦੁਆਰਾ ਗਜ਼ਟ 'ਚ ਸੰਗਤ ਦੀ ਰਾਏ ਲੈਣ ਸਬੰਧੀ ਪਹਿਲਾ ਖਰੜਾ ਛਾਪ ਕੇ ਵੰਡਿਆ ਗਿਆ। 30 ਦਸੰਬਰ 1933 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਰਹਿਤ ਮਰਿਯਾਦਾ ਵਿਚਾਰਨ ਲਈ ਸਮੂਹ ਸਿੱਖ ਜਥੇਬੰਦੀਆਂ ਦੀ ਕਾਨਫਰੰਸ 'ਚ ਸ਼੍ਰੋਮਣੀ ਕਮੇਟੀ ਨੂੰ ਅਗਾਮੀ ਕਾਰਵਾਈ ਦਾ ਅਧਿਕਾਰ ਦਿੱਤਾ ਗਿਆ। 1 ਅਗਸਤ 1936 ਨੂੰ ਸਰਬ ਹਿੰਦ ਸਿੱਖ ਮਿਸ਼ਨ ਬੋਰਡ ਵੱਲੋਂ ਰਹਿਤ ਮਰਿਯਾਦਾ ਦਾ ਖਰੜਾ ਪ੍ਰਵਾਨ ਕੀਤਾ ਗਿਆ ਅਤੇ ਇਸੇ ਵਰ੍ਹੇ 12 ਅਕਤੂਬਰ ਨੂੰ ਸ਼੍ਰੋਮਣੀ ਕਮੇਟੀ ਦੀ ਜਨਰਲ ਇਕੱਤਰਤਾ ਵੱਲੋਂ ਖਰੜੇ ਨੂੰ ਪ੍ਰਵਾਨਗੀ ਦੇਣ ਉਪਰੰਤ ਤਤਕਾਲੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਥ ਦੇ ਨਾਂਅ ਜਾਰੀ ਕਰ ਦਿੱਤਾ ਗਿਆ। ਇਸ ਦੌਰਾਨ ਮੁੜ ਕੁੱਝ ਸੋਧਾਂ ਅਤੇ ਵਾਧੇ ਘਾਟੇ ਦੀ ਮੰਗ ਉੱਠਣ ਮਗਰੋਂ ਸ਼੍ਰੋਮਣੀ ਕਮੇਟੀ ਦੀ 12ਵੀਂ ਇਕੱਤਰਤਾ 'ਚ 28 ਜੁਲਾਈ 1944 ਨੂੰ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ 7 ਜਨਵਰੀ 1945 ਨੂੰ ਸ਼੍ਰੋਮਣੀ ਕਮੇਟੀ ਦੀ 13ਵੀਂ ਇਕੱਤਰਤਾ 'ਚ ਸੋਧ ਦੀ ਸਿਫਾਰਸ਼ ਕਰ ਦਿੱਤੀ ਗਈ, ਜਿਸ ਤਹਿਤ 3 ਫਰਵਰੀ 1945 ਨੂੰ ਸ਼੍ਰੋਮਣੀ ਕਮੇਟੀ ਦੀ ਜਨਰਲ ਇਕੱਤਰਤਾ 'ਚ ਮਹੱਤਵਪੂਰਨ ਸੋਧਾਂ ਨੂੰ ਮਤਾ ਨੰਬਰ 97 ਰਾਹੀਂ ਪ੍ਰਵਾਨਗੀ ਦੇ ਦਿੱਤੀ ਗਈ।

ਉਕਤ ਅੰਕੜਿਆਂ ਤਹਿਤ ਜੇਕਰ ਖਰੜੇ 'ਤੇ ਵਿਚਾਰ ਅਤੇ ਸੋਧਾਂ ਉਪਰੰਤ ਸ਼੍ਰੋਮਣੀ ਕਮੇਟੀ ਜਨਰਲ ਇਜਲਾਸ ਵੱਲੋਂ ਇਸ ਨੂੰ ਪ੍ਰਵਾਨਗੀ ਦੇ ਕੇ ਲਗਾਤਾਰ ਲਿਖਤੀ ਰੂਪ 'ਚ ਛਾਪਿਆ ਜਾ ਰਿਹਾ ਹੈ, ਤਾਂ ਇਹ ਮਹਿਜ਼ ਖਰੜਾ ਕਿਵੇਂ ਕਿਹਾ ਜਾ ਸਕਦਾ ਹੈ, ਇਸ ਬਾਬਤ ਸ਼੍ਰੋਮਣੀ ਕਮੇਟੀ ਵੀ ਤੱਥਾਂ ਤੋਂ ਬੇਖ਼ਬਰ ਨਜ਼ਰ ਆਉਂਦੀ ਹੈ। ਬਹਰਹਾਲ ਤਤਕਾਲੀ ਸ਼੍ਰੋਮਣੀ ਕਮੇਟੀ ਪ੍ਰਧਾਨ ਮਰਹੂਮ ਜਥੇਦਾਰ ਅਵਤਾਰ ਸਿੰਘ ਵੱਲੋਂ ਦਮਦਮੀ ਟਕਸਾਲ ਦੇ ਸਵਾਲਾਂ ਨੂੰ ਕੌਮ 'ਚ ਨਵੀਂ ਦੁਬਿਧਾ ਖੜ੍ਹੀ ਕਰਨ ਵਾਲਾ ਮੰਨਿਆ ਗਿਆ। ਉਨ੍ਹਾਂ ਕਿਹਾ ਕਿ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਿਯਾਦਾ 'ਤੇ ਕਿੰਤੂ ਪ੍ਰੰਤੂ ਕਰਨਾ ਪਹਿਲਾਂ ਹੀ ਬਖੇੜਿਆਂ 'ਚ ਪਈ ਕੌਮ ਨੂੰ ਨਵੇਂ ਵਿਵਾਦ ਵੱਲ ਧੱਕਣਾ ਹੀ ਕਿਹਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਰਹਿਤ ਮਰਿਯਾਦਾ ਬੇਹੱਦ ਸੰਜੀਦਾ ਮਾਮਲਾ ਹੈ ਅਤੇ ਅਜਿਹੇ ਮੁੱਦੇ ਬਾਰੇ ਬੋਲਣ ਤੋਂ ਪਹਿਲਾਂ ਹਰੇਕ ਸਿੱਖ ਜਥੇਬੰਦੀ ਨੂੰ ਕਈ ਵਾਰ ਸੋਚਣਾ ਚਾਹੀਦਾ ਹੈ। ਉਨ੍ਹਾਂ ਦਮਦਮੀ ਟਕਸਾਲ ਦੇ ਅਨੇਕਾਂ ਵਿਦਿਆਰਥੀਆਂ ਵੱਲੋਂ ਇਸੇ ਰਹਿਤ ਮਰਿਯਾਦਾ ਅਨੁਸਾਰ ਸੇਵਾ ਕਰਨ ਦੀ ਉਦਾਹਰਨ ਵੀ ਦਿੱਤੀ।

ਹੋਰਨਾਂ ਸਿੱਖ ਸਫ਼ਾਂ ਵੱਲੋਂ ਦਲ ਖ਼ਾਲਸਾ ਦੇ ਬੁਲਾਰੇ ਭਾਈ ਕੰਵਰਪਾਲ ਸਿੰਘ ਨੇ ਕਿਹਾ ਕਿ 22 ਵਰ੍ਹੇ ਪਹਿਲਾਂ 1994 'ਚ ਵੀ ਸੰਤ ਸਮਾਜ ਵੱਲੋਂ ਪ੍ਰਵਾਨਿਤ ਰਹਿਤ ਮਰਿਯਾਦਾ 'ਤੇ ਕਿੰਤੂ ਪ੍ਰੰਤੂ ਕੀਤਾ ਗਿਆ ਸੀ ਪਰ ਤਤਕਾਲੀ ਪ੍ਰਧਾਨ ਸ਼੍ਰੋਮਣੀ ਕਮੇਟੀ ਜਥੇਦਾਰ ਗੁਰਚਰਨ ਸਿੰਘ ਟੌਹੜਾ (ਮਰਹੂਮ) ਨੇ ਬਾ-ਦਲੀਲ ਅਜਿਹੀ ਪਹੁੰਚ ਨੂੰ ਨਕਾਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਇਸ ਸਮੇਂ ਪੰਥ ਨੂੰ ਦਰਪੇਸ਼ ਹੋਰਨਾਂ ਮੁਸ਼ਕਿਲਾਂ ਦੇ ਸਾਂਝੇ ਹੱਲ ਲੱਭਣ ਦੀ ਥਾਂ ਸ਼ਹੀਦ ਬਾਬਾ ਦੀਪ ਸਿੰਘ ਅਤੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਸੇਧ ਪ੍ਰਾਪਤ ਸੰਸਥਾ ਦਮਦਮੀ ਟਕਸਾਲ ਵੱਲੋਂ ਅਜਿਹੇ ਮਤਭੇਦ ਪੈਦਾ ਕਰਨੇ ਉਚਿਤ ਨਹੀਂ ਹਨ। ਇਸੇ ਤਰ੍ਹਾਂ ਹੀ ਸ਼੍ਰੋਮਣੀ ਕਮੇਟੀ ਦੀ ਮੁਲਾਜ਼ਮਤ ਤੋਂ ਬਰਖ਼ਾਸਤ ਹੋਣ ਮਗਰੋਂ ਪੰਥਕ ਹਲਕਿਆਂ 'ਚ ਸਰਗਰਮ ਪੰਜ ਪਿਆਰਿਆਂ ਨੇ ਵੀ ਅਜਿਹੀ ਕਿਸੇ ਵੀ ਕੋਸ਼ਿਸ਼ ਨੂੰ ਪੰਥ ਵਿਰੋਧੀ ਦੱਸਿਆ ਹੈ, ਜਿਸ ਤਹਿਤ ਕੌਮ 'ਚ ਮੁੜ ਕੋਈ ਨਵੀਂ ਦਰਾੜ ਪੈਦਾ ਹੁੰਦੀ ਹੋਵੇ ਅਤੇ ਇਸ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪ੍ਰਵਾਨਿਤ ਮਰਿਯਾਦਾ 'ਤੇ ਉਂਗਲਾਂ ਚੁੱਕੀਆਂ ਗਈਆਂ ਹੋਣ।-0-

# ਮੋਰਚਾ 'ਗੁਰੂ ਕਾ ਬਾਗ'




-ਕੈਪਟਨ
ਅਵਤਾਰ ਸਿੰਘ
97819-90206


ਸਿੱਖ ਇਤਿਹਾਸ ਵਿਚ ਕੋਈ ਹੀ ਪੰਨਾ ਅਜਿਹਾ ਹੋਵੇਗਾ ਜੋ ਸ਼ਹਾਦਤਾਂ ਦੀ ਗਵਾਹੀ ਨਾ ਭਰਦਾ ਹੋਵੇ। ਸਿੱਖ ਸੰਗਤ ਗੁਰੂ ਗਰੰਥ ਸਾਹਿਬ ਅਤੇ ਆਪਣੇ ਧਾਰਮਿਕ ਸਥਾਨਾਂ ਨਾਲ ਅਥਾਹ ਪਿਆਰ, ਸਤਿਕਾਰ ਅਤੇ ਸ਼ਰਧਾ ਭਾਵਨਾ ਰੱਖਦੀ ਹੈ। ਗੁਰੂ ਗਰੰਥ ਸਾਹਿਬ ਤੋਂ ਹੀ ਸਿੱਖ ਨੂੰ ਹੱਕ-ਸੱਚ ਲਈ ਜੂਝਣ ਦੀ ਪ੍ਰੇਰਨਾ ਮਿਲਦੀ ਹੈ। ਇਹੋ ਹੀ ਕਾਰਨ ਰਿਹਾ ਹੈ ਕਿ ਹਮੇਸ਼ਾ ਸਮੇਂ ਦੇ ਹਾਕਮਾਂ ਦਾ ਇਹ ਰੁਝਾਨ ਰਿਹਾ ਹੈ ਕਿ ਸਿੱਖ ਧਰਮ ਦੇ ਇਨ੍ਹਾਂ ਗੁਰਧਾਮਾਂ ਤੋਂ ਸਿੱਖ ਸੰਗਤ ਨੂੰ ਕਿਸੇ ਨਾ ਕਿਸੇ ਤਰੀਕੇ ਤੋੜਿਆ ਜਾਵੇ। ਅੰਗਰੇਜ਼ਾਂ ਨੇ ਮੁਗ਼ਲਾਂ ਦੁਆਰਾ ਸਿੱਖਾਂ 'ਤੇ ਕੀਤੇ ਜ਼ੁਲਮਾਂ ਨੂੰ ਪੜ੍ਹਿਆ ਅਤੇ ਵੇਖਿਆ ਸੀ ਕਿ ਸਿੱਖ ਐਨੇ ਜ਼ੁਲਮ ਸਹਿ ਕੇ ਵੀ ਗੁਰਦੁਆਰਾ ਸਾਹਿਬ ਤੋਂ ਜਾਂ ਆਪਣੇ ਧਰਮ ਤੋਂ ਟੁੱਟੇ ਨਹੀਂ ਫਿਰ ਸਿੱਖਾਂ ਨੂੰ ਗੁਰਧਾਮਾਂ ਤੋਂ ਤੋੜਣ ਲਈ ਅਜਿਹੀ ਚਾਲ ਅੰਗਰੇਜ਼ੀ ਹਕੂਮਤ ਨੇ ਵੀ ਖੇਡੀ। ਉਨ੍ਹਾਂ ਨੇ ਗੁਰਦੁਆਰੇ 'ਤੇ ਕਾਬਜ਼ ਮਹੰਤਾਂ ਨੂੰ ਸਰਕਾਰੀ ਸ਼ਹਿ ਦਿੱਤੀ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਮਹੰਤ ਸ਼ਰੇਆਮ ਗੁਰੂ ਘਰਾਂ ਵਿੱਚ ਗੁਰਮਤਿ ਦੇ ਉਲਟ ਗਤੀਵਿਧੀਆਂ ਕਰਨ ਲੱਗ ਪਏ ਸਨ। ਇਸ ਸਮੇਂ ਦੌਰਾਨ ਕੁੱਝ ਅਜਿਹੀਆਂ ਘਟਨਾਵਾਂ ਘਟੀਆਂ ਜਿਸ ਕਾਰਨ ਸਿੱਖ ਸੰਗਤ ਵਿੱਚ ਰੋਸ ਹੋਣਾ ਸੁਭਾਵਿਕ ਹੀ ਸੀ ਜਿਵੇਂ ਅੰਗਰੇਜ਼ ਸਰਕਾਰ ਦੇ ਹੁਕਮ ਮੰਨਣ ਵਾਲਿਆਂ ਦਾ ਦਰਬਾਰ ਸਾਹਿਬ 'ਤੇ ਕਬਜ਼ਾ ਹੋ ਗਿਆ ਸੀ, ਜਿਨ੍ਹਾਂ ਨੇ ਅੰਗਰੇਜ਼ ਸਰਕਾਰ ਦੀ ਸ਼ਹਿ 'ਤੇ ਕਲਕੱਤੇ ਦੇ ਬੱਜ-ਬੱਜ ਘਾਟ ਦੇ ਸ਼ਹੀਦਾਂ ਵਿਰੁੱਧ ਪਤਿਤ ਹੋਣ ਦਾ ਫ਼ਰਮਾਨ ਜਾਰੀ ਕੀਤਾ। ਦੂਜਾ ਜਲਿਆਂ ਵਾਲੇ ਬਾਗ ਦੇ ਖ਼ੂਨੀ ਸਾਕੇ ਦੇ ਜ਼ਿੰਮੇਵਾਰ ਅਫ਼ਸਰ ਜਨਰਲ ਡਾਇਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੁਜਾਰੀਆਂ ਵੱਲੋਂ ਸਿਰੋਪਾ ਦੇ ਕੇ ਸਨਮਾਨਿਤ ਕਰਨਾ ਸੀ। ਅਜਿਹੇ ਵਰਤਾਰੇ ਨੂੰ ਠੱਲ੍ਹ ਪਾਉਣ ਲਈ ਸਿੱਖ ਧਰਮ ਵਿੱਚ "ਗੁਰਦੁਆਰਾ ਸੁਧਾਰ ਲਹਿਰ" ਦਾ ਜਨਮ ਹੋਇਆ, ਜਿਸ ਨੇ ਸਿੱਖ ਸਮਾਜ ਵਿੱਚ ਇਕ ਨਵੀਂ ਜਾਗ੍ਰਿਤੀ ਲਿਆਂਦੀ। ਇਸ ਸਮੇਂ ਦੌਰਾਨ ਗੁਰਦੁਆਰੇ ਦੇ ਸੁਚੱਜੇ ਪ੍ਰਬੰਧ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਹੋਂਦ ਵਿੱਚ ਆ ਚੁੱਕੀ ਸੀ, ਜਿਸ ਨਾਲ ਪੰਥ ਨੂੰ ਇਕ ਕੇਂਦਰੀ ਮਜ਼ਬੂਤ ਜਥੇਬੰਦੀ ਪ੍ਰਾਪਤ ਹੋਈ।


ਗੁਰਦੁਆਰਾ ਗੁਰੂ ਕਾ ਬਾਗ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਉੱਤਰ ਦਿਸ਼ਾ ਵੱਲ 21 ਕਿਲੋਮੀਟਰ ਦੂਰੀ 'ਤੇ ਪਿੰਡ ਘੁੱਕੇਵਾਲੀ 'ਚ ਸੁਭਾਇਮਾਨ ਹੈ। ਇਹ ਸਥਾਨ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਨੌਵੇਂ ਸਤਿਗੁਰੂ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਹੈ। ਇਸ ਸਥਾਨ ਦਾ ਪੁਰਾਣਾ ਨਾਂ 'ਗੁਰੂ ਕੀ ਰੌੜ' ਸੀ, ਜੋ ਗੁਰੂ ਅਰਜਨ ਦੇਵ ਜੀ ਦੇ ਇਸ ਬੇਅਬਾਦ ਥਾਂ 'ਤੇ ਟਿਕਾਣਾ ਕਰਨ ਕਰਕੇ ਪ੍ਰਚਲਤ ਹੋਇਆ ਸੀ। ਰੌੜ ਦਾ ਅਰਥ ਹੈ 'ਰੜਾ ਮੈਦਾਨ'। ਇਲਾਕੇ ਦੀ ਜ਼ਮੀਨ ਵਿੱਚ ਕੱਲਰ ਹੋਣ ਕਰਕੇ ਇਥੇ ਕੋਈ ਰੁੱਖ ਜਾਂ ਫਸਲ ਨਹੀਂ ਹੁੰਦੀ ਸੀ ਤੇ ਸਹਿੰਸਰੇ ਪਿੰਡ ਦੇ ਆਸ-ਪਾਸ ਦਾ ਇਹ ਇਲਾਕਾ ਰੜਾ ਮੈਦਾਨ ਸੀ। ਸੰਨ 1585 ਈ ਨੂੰ ਪਿੰਡ ਸਹਿੰਸਰੇ ਦੀ ਸੰਗਤ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਨੂੰ ਆਪਣੇ ਪਿੰਡ 'ਚ ਭਰਦੇ ਸਲਾਨਾ ਮੇਲੇ ਵਿਚ ਲੈ ਗਈ ਤਾਂ ਗੁਰੂ ਜੀ ਨੇ ਇਥੇ ਰੌੜ 'ਚ ਟਿਕਾਣਾ ਕੀਤਾ। ਇਥੇ ਹੀ ਮੰਡੀ ਦਾ ਰਾਜਾ ਗੁਰੂ ਜੀ ਦੇ ਦਰਸ਼ਨਾਂ ਲਈ ਆਇਆ ਸੀ।

ਰੜੇ ਥਾਂ 'ਤੇ ਟਿਕਾਣਾ ਕਰਨ ਕਰਕੇ ਇਸ ਸਥਾਨ ਦਾ ਨਾਂ ਰੌੜ ਤੋਂ 'ਗੁਰੂ ਕੀ ਰੌੜ' ਪ੍ਰਚੱਲਤ ਹੋ ਗਿਆ। ਨੌਵੇਂ ਜਾਮੇ ਵਿਚ ਗੁਰੂ ਤੇਗ ਬਹਾਦਰ ਜੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਬਾਅਦ ਪਿੰਡ ਵਲੇ ਗਏ ਤੇ ਫਿਰ ਇਸ ਸਥਾਨ 'ਤੇ ਟਿਕਾਣਾ ਕੀਤਾ। ਇਥੇ "ਗੁਰੂ ਕੀ ਰੌੜ" ਵਿਖੇ ਅੰਬਾਂ ਦਾ ਬਾਗ ਲਗਵਾਇਆ। ਉਸ ਦਿਨ ਪਿੱਛੋਂ ਇਸ ਸਥਾਨ ਦਾ ਨਾਂ **'ਗੁਰੂ ਕਾ ਬਾਗ'** ਹੋਇਆ।

ਗੁਰੂ ਘਰ ਦੇ ਸੇਵਾਦਾਰ ਭਾਈ ਘੁੱਖਾ ਜੀ ਨੇ ਨੇੜੇ ਪਿੰਡ ਘੁੱਕੇਵਾਲੀ ਬੰਨਿਆ ਤੇ ਗੁਰੂ ਸਾਹਿਬ ਜੀ ਦੀ ਯਾਦ 'ਚ ਇਮਾਰਤ ਬਣਵਾਈ। ਇਸ ਸਥਾਨ 'ਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਲੰਮਾ ਸਮਾਂ ਟਿਕਾਣਾ ਕਰਕੇ ਇਕ ਬਾਉਲੀ ਖੁਦਵਾਈ ਅਤੇ ਬਾਗ ਵਿਚ ਖੂਹ ਲਗਵਾਇਆ।

ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਨੇ ਗੁਰੂ-ਯਾਦ ਵਿਚ ਇਸ ਸਥਾਨ 'ਤੇ ਸੁੰਦਰ ਗੁਰਦੁਆਰਾ ਸਾਹਿਬ ਬਣਾਇਆ ਤੇ ਗੁਰਦੁਆਰੇ ਦੇ ਨਾਂ ਜਗੀਰ ਲਵਾਈ। ਇਸ ਅਸਥਾਨ 'ਤੇ ਪੱਕੇ ਸਰੋਵਰ ਦੀ ਸੇਵਾ ਸ. ਲਹਿਣਾ ਸਿੰਘ ਮਜੀਠੀਆ ਨੇ ਕਰਵਾਈ। ਗੁਰੂ ਕਾਲ ਤੋਂ ਹੀ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਉਦਾਸੀ ਮਹਾਂਪੁਰਖ ਸੰਭਾਲਦੇ ਆ ਰਹੇ ਸਨ। ਸਮੇਂ ਨਾਲ ਉਨ੍ਹਾਂ ਦੇ ਆਚਰਨ 'ਚ ਭਾਰੀ ਵਿਗਾੜ ਪੈਦਾ ਹੋ ਗਿਆ। ਅੰਗਰੇਜ ਸਰਕਾਰ ਦੀ ਸਿਆਸੀ ਸ਼ਹਿ ਹੋਣ ਕਰਕੇ ਕੁਝ ਮਹੰਤ ਮਨਮਾਨੀਆਂ ਕਰਨ ਲੱਗੇ। ਗੁਰੂ ਕੇ ਬਾਗ ਵਿਖੇ ਮਹੰਤ ਜਨ ਪਿਤਾ ਪੁਰਖੀ ਪ੍ਰਬੰਧ ਸੰਭਾਲਦੇ ਆ ਰਹੇ ਸਨ। ਇਸ ਗੁਰਦੁਆਰੇ ਦਾ ਪ੍ਰਬੰਧ ਮਹੰਤ ਸੁੰਦਰ ਦਾਸ ਕੋਲ ਸੀ, ਜੋ ਕਿ

ਬਾਕੀ ਸਫਾ 11 'ਤੇ



**ਗੁਰੂ ਕੇ ਬਾਗ ਵਿਖੇ ਮਹੰਤ ਜਨ ਪਿਤਾ ਪੁਰਖੀ ਪ੍ਰਬੰਧ ਸੰਭਾਲਦੇ ਆ ਰਹੇ ਸਨ। ਇਸ ਗੁਰਦੁਆਰੇ ਦਾ ਪ੍ਰਬੰਧ ਮਹੰਤ ਸੁੰਦਰ ਦਾਸ ਕੋਲ ਸੀ, ਜੋ ਕਿ ਗਿਰੇ ਹੋਏ ਇਖ਼ਲਾਕ ਦਾ ਮਾਲਕ ਸੀ। ਇਸ ਕਾਰਨ ਸੰਗਤ ਗੁਰਦੁਆਰੇ ਦਾ ਪ੍ਰਬੰਧ ਉਸ ਤੋਂ ਵਾਪਸ ਲੈਣਾ ਚਾਹੁੰਦੀ ਸੀ ਪਰ ਅੰਗਰੇਜ਼ ਸਰਕਾਰ ਕਦੇ ਵੀ ਨਹੀਂ ਚਾਹੁੰਦੀ ਸੀ ਕਿ ਮਹੰਤ ਤੋਂ ਇਸ ਗੁਰੂ ਘਰ ਦਾ ਪ੍ਰਬੰਧ ਨਿਕਲ ਕੇ ਸਿੱਖਾਂ ਦੇ ਹੱਥਾਂ ਵਿੱਚ ਚਲਾ ਜਾਏ। ਇਸ ਹੀ ਸੰਦਰਭ ਵਿੱਚ ਮੋਰਚਾ "ਗੁਰੂ ਕਾ ਬਾਗ" ਵਾਪਰਿਆ, ਜਿਸ ਵਿੱਚ ਅੰਗਰੇਜ਼ ਸਰਕਾਰ ਮਹੰਤ ਸੁੰਦਰ ਦਾਸ ਦੀ ਪਿੱਠ 'ਤੇ ਆਣ ਖੜੋਤੀ। ਉੱਧਰ ਸਿੱਖ ਵੀ ਆਪਣੀ ਇਸ ਮੰਗ ਤੇ ਦ੍ਰਿੜ ਇਰਾਦੇ ਨਾਲ ਡਟੇ ਹੋਏ ਸਨ। ਜਦੋਂ ਸੰਗਤ 31 ਜਨਵਰੀ 1921 ਨੂੰ ਜਥੇਦਾਰ ਕਰਤਾਰ ਸਿੰਘ ਝੱਬਰ ਦੀ ਅਗਵਾਈ ਹੇਠ ਮਹੰਤ ਸੁੰਦਰ ਦਾਸ ਤੋਂ ਪ੍ਰਬੰਧ ਵਾਪਸ ਲੈਣ ਲਈ ਘੁਕੇਵਾਲੀ ਪਹੁੰਚ ਗਈ ਤਾਂ ਮਹੰਤ ਸੁੰਦਰ ਦਾਸ ਨੇ ਸਮੇਂ ਦੀ ਨਜ਼ਾਕਤ ਨੂੰ ਸਮਝਦੇ ਹੋਏ ਲਿਖਤੀ ਮਾਫ਼ੀ ਮੰਗ ਲਈ।**

# ਕੇਸ ਅਤੇ ਦਸਤਾਰ ਦੀ ਮਹਤੱਤਾ

**–ਇੰਜੀ. ਜਸਵੰਤ ਸਿੰਘ # 75892-64221**

ਪਰਮਾਤਮਾ ਨੇ ਮਨੁੱਖੀ ਜੀਵਨ ਦੀ ਬਣਤਰ ਐਸੀ ਬਣਾਈ ਹੈ ਕਿ ਇਸ ਦਾ ਹਰ ਅੰਗ, ਸਰੀਰ ਰੂਪੀ ਗੱਡੀ ਦੇ ਸੁਚਾਰੂ ਢੰਗ ਨਾਲ ਚੱਲਣ ਲਈ ਆਪਸੀ ਤਾਲ-ਮੇਲ ਨਾਲ ਕੰਮ ਕਰਦਾ ਹੈ। ਸਰੀਰ ਦੇ ਸਾਰੇ ਅੰਗਾਂ ਦੀ ਤਰਾਂ, ਕੇਸ (ਵਾਲ) ਪਰਮਾਤਮਾ ਦੀ ਬਖ਼ਸ਼ੀ ਇੱਕ ਖ਼ਾਸ ਦੇਣ ਹੈ ਜੋ ਮਨੁੱਖ ਜਨਮ ਵੇਲੇ ਨਾਲ ਹੀ ਲੈ ਕੇ ਆਉਂਦਾ ਹੈ ਅਤੇ ਇਹ ਸਰੀਰ ਦਾ ਅਨਿੱਖੜਵਾਂ ਅੰਗ ਹੈ। ਅਗਿਆਨਤਾ ਦੇ ਕਾਰਨ ਇਨਸਾਨ ਨੇ ਕੇਸਾਂ ਦੀ ਮਹੱਤਤਾ ਨੂੰ ਅਧਿਆਤਮਿਕ, ਸਭਿਆਚਾਰਕ, ਧਾਰਮਿਕ ਅਤੇ ਵਿਸ਼ੇਸ਼ ਕਰਕੇ ਵਿਗਿਆਨਕ ਪੱਖ ਤੋਂ ਗੰਭੀਰਤਾ ਨਾਲ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ। ਅੱਜ ਦਾ ਯੁੱਗ ਵਿਗਿਆਨਕ ਯੁੱਗ ਹੈ, ਇਸ ਲਈ ਕੇਸਾਂ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਸਮਝਣਾ ਹੋਰ ਵੀ ਜ਼ਰੂਰੀ ਹੈ।

ਡਾਕਟਰੀ ਵਿਗਿਆਨਕ ਖੋਜ ਅਨੁਸਾਰ ਕੇਸ ਇੱਕ ਮਜ਼ਬੂਤ ਵਸਤੂ ਹੈ। ਕਈ ਸਾਲ ਪੁਰਾਣੀਆਂ ਕਬਰਾਂ ਖੋਦ ਕੇ ਵੇਖਿਆ ਗਿਆ ਤਾਂ ਮੁਰਦੇ ਸਰੀਰ ਦਾ ਕੋਈ ਵੀ ਸਰੀਰਿਕ ਅੰਗ ਸਾਬਤ ਨਹੀਂ ਮਿਲਿਆ ਪਰ ਕੇਸ ਮਿਲੇ, ਜਿਸ ਤੋਂ ਕੇਸਾਂ ਦੀ ਮਜ਼ਬੂਤੀ ਦਾ ਪ੍ਰਮਾਣ ਮਿਲਦਾ ਹੈ। ਕੇਸ ਸਰੀਰ ਦਾ ਇੱਕ ਐਸਾ ਅੰਗ ਹੈ ਜੋ ਸਰੀਰ ਵਿੱਚ ਵਿਟਾਮਿਨ 'ਡੀ' ਪੈਦਾ ਕਰਨ ਲਈ ਕੁਦਰਤੀ ਸਾਧਨ ਹੈ। ਵਿਟਾਮਿਨ 'ਡੀ' ਸਰੀਰ ਦੀਆਂ ਹੱਡੀਆਂ, ਦੰਦਾਂ ਅਤੇ ਨਰਵਸ ਸਿਸਟਮ (Nervous Systern) ਲਈ ਜ਼ਰੂਰੀ ਹੈ। ਕੇਸਾਂ ਉੱਤੇ ਕੀਤੀ ਵਿਗਿਆਨਕ ਖੋਜ ਇਹ ਵੀ ਸਿੱਧ ਕਰਦੀ ਹੈ ਕਿ ਕੇਸ ਸਰੀਰ ਨੂੰ ਸਰਦੀ ਗਰਮੀ ਤੋਂ ਬਚਾਉਣ ਲਈ ਸਹਾਇਤਾ ਕਰਦੇ ਹਨ। (Hair is the good conductor of heat and cold for the body) ਕੇਸਾਂ ਦੀ ਐਸੀ ਕਿਰਿਆ ਹੈ ਜਿਸ ਦੇ ਫਲਸਰੂਪ ਇਨਸਾਨ ਦੇ ਸਰੀਰ ਵਿੱਚ ਲੋੜੀਂਦੀਆਂ ਧਾਤਾਂ ਜਿਵੇਂ ਕਿ ਜਿਸਤ, ਕਰੋਮੀਅਮ, ਸਿੱਕਾ ਆਦਿ ਦਾ ਭੰਡਾਰ ਕਾਇਮ ਹੁੰਦਾ ਹੈ ਜੋ ਕਈ ਪ੍ਰਕਾਰ ਦੀਆਂ ਬੀਮਾਰੀਆਂ ਦੀ ਰੋਕਥਾਮ ਲਈ ਜ਼ਰੂਰੀ ਹੈ। ਕੇਸਾਂ ਦੇ ਬਾਰ ਬਾਰ ਕੱਟਣ ਅਤੇ ਦੁਬਾਰਾ ਵੱਧਣ ਦੀ ਕਿਰਿਆ ਸਦਕਾ ਇੱਕ ਤਾਂ ਸਾਡੀ ਸਰੀਰਿਕ ਸ਼ਕਤੀ ਵਧੇਰੇ ਖਰਚ ਹੁੰਦੀ ਹੈ ਦੂਜੇ ਸਾਬਤ ਸੂਰਤ ਨਾਂ ਹੋਣ ਕਰਕੇ ਅਸੀਂ ਕੇਸਾਂ ਤੋਂ ਮਿਲਦੀ ਸਰੀਰਿਕ ਖੁਰਾਕ ਤੋਂ ਵੀ ਵਾਂਝੇ ਰਹਿ ਜਾਂਦੇ ਹਾਂ, ਜਿਸ ਨਾਲ ਸਾਡਾ ਦੁਗਣਾ ਨੁਕਸਾਨ ਹੁੰਦਾ ਹੈ।



ਕੇਸਾਂ ਨੂੰ ਅਧਿਆਤਮਿਕ ਪੱਖ ਤੋਂ ਦੇਖਿਆ ਜਾਵੇ ਤਾਂ ਸੰਸਾਰ ਦੇ ਲਗਭਗ ਸਾਰੇ ਧਾਰਮਿਕ ਆਗੂ ਕੇਸਾਧਾਰੀ ਹੋਏ ਹਨ, ਜਿਵੇਂ ਕਿ ਬ੍ਰਹਮਾ, ਵਿਸ਼ਨੂੰ, ਸ਼ਿਵਜੀ, ਰਾਮ, ਕ੍ਰਿਸ਼ਨ, ਵਿਸ਼ਕਰਮਾ, ਹਜ਼ਰਤ ਮੁਹੰਮਦ, ਹਜ਼ਰਤ ਮੂਸਾ, ਹਜ਼ਰਤ ਈਸਾ ਤੋਂ ਇਲਾਵਾ ਸਾਰੇ ਹੀ ਸਿੱਖ ਗੁਰੂ ਸਾਹਿਬਾਨ ਆਦਿ। ਕੁੱਝ ਲੋਕਾਂ ਦਾ ਵਿਚਾਰ ਹੈ ਕਿ ਸਿੱਖ ਧਰਮ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਵਿਖੇ 1699 ਈ: ਨੂੰ ਅੰਮ੍ਰਿਤਪਾਨ ਕਰਾਉਣ ਵੇਲੇ ਕੇਸ ਰੱਖਣ ਦੀ ਮਰਯਾਦਾ ਨੂੰ ਤੋਰਿਆ। ਇਹ ਸੱਚਹੀਣ ਵਿਚਾਰ ਹੈ ਜੋ ਠੀਕ ਨਹੀਂ। ਸਾਰੇ ਗੁਰੂ ਸਾਹਿਬਾਨ ਕੇਸਾਧਾਰੀ ਹੋਏ ਤੇ ਉਹਨਾਂ ਨੇ ਸਾਰੀ ਮਾਨਵਤਾ ਨੂੰ ਕੇਸਾਧਾਰੀ ਹੋਣ ਲਈ ਪ੍ਰੇਰਿਤ ਕੀਤਾ। ਗੁਰਬਾਣੀ ਪੜ੍ਹਿਆਂ ਇਹ ਤੱਥ ਵੀ ਉਜਾਗਰ ਹੁੰਦਾ ਹੈ ਕਿ ਗੁਰੂ ਸਾਹਿਬਾਨ ਨੇ ਰੱਬ ਨੂੰ ਲੰਮੜੇ ਵਾਲਾ, ਕੇਸ਼ਵ ( ਕੇਸਾਂ ਵਾਲਾ ) ਆਦਿ ਨਾਵਾਂ ਨਾਲ ਸੰਬੋਧਨ ਕੀਤਾ ਹੈ। ਸਮਾਜਕ ਅਖਾਣ ਪ੍ਰਚੱਲਤ ਹੈ "ਸਾਬਤ ਸੂਰਤ – ਰੱਬ ਦੀ ਮੂਰਤ"। ਗੁਰਬਾਣੀ ਵਿੱਚ ਕੇਸਾਂ ਬਾਰੇ ਗੁਰੂ ਸਾਹਿਬਾਨ ਦੇ ਅਨੇਕਾਂ ਵਚਨ ਮਿਲਦੇ ਹਨ ਜਿਵੇਂ ਕਿ:-

**ਕੇਸ ਸੰਗਿ ਦਾਸ ਪਗ ਝਾਰਉ ਇਹੈ ਮਨੋਰਥ ਮੋਰ॥ (500)**

**ਤੇਰੇ ਬੰਕੇ ਲੋਇਣ ਦੰਤ ਰੀਸਾਲਾ॥ ਸੋਹਣੇ ਨਕ ਜਿਨ ਲੰਮੜੇ ਵਾਲਾ॥ (567)**

**ਕੇਸਾ ਕਾ ਕਰਿ ਬੀਜਨਾ ਸੰਤ ਚਉਰੁ ਢੁਲਾਵਉ॥ (745)**

**ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ॥ (1084)**

ਕੇਸ ਕਿਸੇ ਧਰਮ ਦੀਆਂ ਕਦਰਾਂ ਕੀਮਤਾਂ ਨੂੰ ਹਲਕਾ (ਧਲਿਟਏ) ਨਹੀਂ ਕਰਦੇ ਸਗੋਂ ਕੇਸ ਤਾਂ ਮਨੁੱਖੀ ਜੀਵਨ ਦੀਆਂ ਅਨੇਕਾਂ ਲੋੜਾਂ ਪੂਰੀਆਂ ਕਰਨ ਲਈ ਇੱਕ ਅਨਮੋਲ ਕੁਦਰਤੀ ਸਾਧਨ ਹੈ। ਕੇਸਾਂ ਦੀ ਸੁਭਾਵਕ ਅਤੇ ਸੁਤੰਤਰ ਹੋਂਦ, ਇਨਸਾਨ ਨੂੰ ਇੱਕ ਕੁਦਰਤੀ ਜੀਵਨ ਜਿਊਣ ਲਈ ਪ੍ਰੇਰਿਤ ਕਰਦੀ ਹੈ। ਕੇਸਾਂ ਸਦਕਾ ਹੀ ਮਨੁੱਖੀ ਸਾਬਤ ਸੂਰਤ ਇੱਕ ਸ਼ੁੱਧ ਸਰੂਪ ਹੋਣ ਦਾ ਮਾਣ ਪ੍ਰਾਪਤ ਕਰਦੀ ਹੈ। ਸੰਨ 1699 ਈ: ਵਿੱਚ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਦੀ ਰਖਸ਼ਾ ਕਰਨ ਅਤੇ ਮੁਗ਼ਲ ਸ਼ਾਸਕਾਂ ਦੇ ਜ਼ੁਲਮ ਵਿਰੁੱਧ ਸੰਘਰਸ਼ ਕਰਨ ਲਈ ਖ਼ਾਲਸਾ ਪੰਥ ਦੀ ਸਿਰਜਣਾ ਕੀਤੀ ਅਖੌਤੀ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਅਰਥਾਤ ਸ਼ੇਰ ਬਣਾ ਦਿੱਤਾ। ਖ਼ਾਲਸੇ ਨੂੰ ਪੰਜ ਕਕਾਰਾਂ ਦੀ ਬਖ਼ਸ਼ਿਸ਼ ਕੀਤੀ ਜਿਨ੍ਹਾਂ ਵਿੱਚੋਂ ਕੇਸ ਇੱਕ ਪ੍ਰਥਮ ਕਕਾਰ ਹੈ। ਇਸ ਪ੍ਰਕਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਨੂੰ ਸ਼ੁੱਧ ਸਰੂਪ ਦੀ ਬਖ਼ਸ਼ਿਸ਼ ਕਰਕੇ ਜ਼ੁਲਮ ਵਿਰੁੱਧ ਲੜਨ ਲਈ ਇੱਕ ਸੰਤ ਸਿਪਾਹੀ ਬਣਾ ਦਿੱਤਾ। ਸਵਾਮੀ ਵਿਵੇਕਾ ਨੰਦ ਜੀ ਨੇ ਖ਼ਾਲਸੇ ਦੇ ਸ਼ੁੱਧ ਸਰੂਪ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਵੰਗਾਰ ਕੇ ਕਿਹਾ:

**"COME UP, O, LIONS AND SHAKE OFF THE DELUTION THAT YOU ARE SHEEP;**

**YOU ARE SOULS IMMORTAL, SPIRITS FREE, BLEST AND ETERNAL"**

**"ਐ ਸ਼ੇਰੋ, ਆਓ ! ਆਪਣਾ ਭਰਮ ਜਾਲ ਤੋੜ ਦਿਓ ਕਿ ਤੁਸੀਂ ਭੇਡਾਂ ਹੋ। ਤੁਸੀਂ ਅਮਰ ਹੋ, ਅਨੰਤ ਮੁਕਤ ਆਤਮਾ ਹੋ।"**

ਦਸਤਾਰ ਦੀ ਮਹਤੱਤਾ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਹਿੰਦੂ ਅਤੇ ਸਿੱਖ

ਸਮਾਜ ਵਿੱਚ ਦਸਤਾਰ (ਪਗੜੀ) ਦੀ ਪ੍ਰਥਾ ਪੁਰਾਣੇ ਸਮੇਂ ਤੋਂ ਚਲਦੀ ਆ ਰਹੀ ਹੈ। ਬਾਕੀ ਧਰਮਾਂ ਦੇ ਲੋਕਾਂ ਨੇ ਵੀ ਸਿਰ ਨੂੰ ਢੱਕ ਕੇ ਰੱਖਣ ਦੀ ਮਰਯਾਦਾ ਨੂੰ ਕਿਸੇ ਨ ਕਿਸੇ ਰੂਪ ਵਿੱਚ ਯਾਨੀ ਟੋਪੀ ਜਾਂ ਕਿਸੇ ਹੋਰ ਢੰਗ ਨਾਲ ਸਿਰ ਢੱਕਣ ਦੀ ਲੋੜ ਨੂੰ ਸਵੀਕਾਰ ਕੀਤਾ ਹੈ। ਹਿੰਦੂ ਸਮਾਜ ਵਿੱਚ ਪਗੜੀ ਦੀ ਪ੍ਰਥਾ ਖ਼ਤਮ ਹੋ ਕੇ ਕੇਵਲ ਵਿਆਹ-ਸ਼ਾਦੀ ਦੇ ਸ਼ੁਭ ਅਵਸਰ ਵੇਲੇ ਇਕ ਸਮਾਜਿਕ ਰਸਮ ਤੱਕ ਹੀ ਸੀਮਿਤ ਹੋ ਗਈ ਹੈ। ਸਿੱਖ ਸਮਾਜ ਵਿੱਚ ਦਸਤਾਰ ਸਮਾਜਿਕ ਅਤੇ ਧਾਰਮਿਕ ਪੱਖੋਂ ਸਜਾਈ ਜਾਂਦੀ ਹੈ। ਦਸਤਾਰ (ਪਗੜੀ) ਸਾਡੇ ਸਮਾਜ ਦਾ ਗੌਰਵ, ਇੱਜ਼ਤ ਅਤੇ ਵਿਸ਼ੇਸ਼ ਤੌਰ ਤੇ ਸਿੱਖ ਸਮਾਜ ਦਾ ਧਾਰਮਿਕ ਚਿੰਨ੍ਹ ਹੈ। ਦਸਵੇਂ ਨਾਨਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਦੀ ਸਾਬਤ ਸੂਰਤ ਅਤੇ ਦਸਤਾਰ ਵੱਲ ਵਿਸ਼ੇਸ਼ ਧਿਆਨ ਦਿੱਤਾ ਅਤੇ ਇਸੇ ਲਈ ਪਾਉਂਟਾ ਸਾਹਿਬ ਵਿਖੇ ਯਮਨਾ ਨਦੀ ਦੇ ਕੰਢੇ ਸਿੱਖਾਂ ਵਿੱਚ ਸੁੰਦਰ ਦਸਤਾਰ ਸਜਾਉਣ ਦਾ ਮੁਕਾਬਲਾ ਕਰਾਇਆ ਕਰਦੇ ਅਤੇ ਸੁੰਦਰ ਦਸਤਾਰ ਸਜਾਉਣ ਵਾਲੇ ਸਿੰਘਾਂ ਨੂੰ ਇਨਾਮ ਵੀ ਦਿੱਤੇ ਜਾਂਦੇ ਸਨ। ਇਸ ਅਸਥਾਨ ਤੇ ਗੁਰਦਵਾਰਾ ਦਸਤਾਰ ਅਸਥਾਨ ਸਥਾਪਿਤ ਹੈ।

ਇਨਸਾਨ ਦੀ ਤੰਗਦਿਲੀ ਅਤੇ ਅਗਿਆਨਤਾ ਨੇ ਕੇਸਾਂ ਨੂੰ ਕੇਵਲ ਸਿੱਖ ਧਰਮ ਦੇ ਧਾਰਮਿਕ ਚਿੰਨ੍ਹ ਤੱਕ ਹੀ ਸੀਮਿਤ ਕਰ ਰੱਖਿਆ ਹੈ। ਇਹ ਦ੍ਰਿਸ਼ਟੀਕੋਣ ਠੀਕ ਨਹੀਂ, ਕਿਉਂਕਿ ਪਰਮਾਤਮਾ ਨੇ ਇਨਸਾਨ ਦੇ ਸਰੀਰ ਤੇ ਐਸੀ ਕੋਈ ਚੀਜ਼ ਨਹੀਂ ਲਗਾਈ ਜੋ ਬੇਲੋੜੀ ਹੋਵੇ। ਲਗਭਗ ਸਾਰੇ ਧਰਮਾਂ ਦੇ ਅਧਿਆਤਮਿਕ ਆਗੂ ਕੇਸਾਧਾਰੀ ਹੋਏ ਹਨ। ਇਸ ਲਈ ਕੇਸ ਰੱਖਣਾ ਅਰਥਾਤ ਸਾਬਤ ਸੂਰਤ ਹੋਣਾ ਕੇਵਲ ਧਾਰਮਿਕ ਲੋੜ ਹੀ ਨਹੀਂ ਸਗੋਂ ਇਸ ਤੋਂ ਕਈ ਗੁਣਾਂ ਵੱਧ ਮਨੁੱਖੀ ਸਰੀਰ ਦੇ ਵੱਧਣ-ਫੁੱਲਣ ਲਈ ਖ਼ੁਰਾਕ ਦਾ ਵਡਮੁੱਲਾ ਕੁਦਰਤੀ ਸਾਧਨ ਹੈ। ਕੇਸਾਂ ਦੀ ਲੋੜੀਂਦੀ ਸੰਭਾਲ, ਸਿਰ ਨੂੰ ਗਰਮੀ-ਸਰਦੀ ਤੋਂ ਬੱਚਣ ਅਤੇ ਕਿਸੇ ਪ੍ਰਕਾਰ ਦੀ ਸੱਟ-ਚੋਟ ਤੋਂ ਬਚਣ ਲਈ, ਦਸਤਾਰ ਦਾ ਇਕ ਅਹਿਮ ਰੋਲ ਹੈ। ਧਾਰਮਿਕ ਅਸਥਾਨਾਂ ਵਿੱਚ ਵੀ ਸਾਰੇ ਧਰਮਾਂ ਦੇ ਲੋਕ ਸੰਗਤ ਦੇ ਰੂਪ ਵਿੱਚ ਰੱਬ ਦੇ ਸਤਿਕਾਰ ਵਜੋਂ ਸਿਰ ਢੱਕ ਕੇ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦੇ ਹਨ। ਇਸ ਲਈ ਕੇਸ ਅਤੇ ਦਸਤਾਰ ਦੀ ਮਹਤੱਤਾ ਨੂੰ ਸਮਝਣਾ ਅਤੇ ਅਮਲੀ ਰੂਪ ਦੇਣਾ, ਪਰਮਾਤਮਾ ਦਾ ਸਤਿਕਾਰ ਹੈ, ਜਿਸ ਨੇ ਸਾਰੀ ਮਾਨਵਤਾ ਦੀ ਸਿਰਜਣਾ ਕੀਤੀ ਹੈ।

**ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ ॥ (1084)**

-0-

**ਮੋਰਚਾ ਗੁਰੂ ਕਾ ਬਾਗ** **ਸਫ਼ਾ 9 ਦਾ ਬਾਕੀ** **ਮੋਰਚਾ ਗੁਰੂ ਕਾ ਬਾਗ**

ਗਿਰੇ ਹੋਏ ਇਖ਼ਲਾਕ ਦਾ ਮਾਲਕ ਸੀ। ਇਸ ਕਾਰਨ ਸੰਗਤ ਗੁਰਦੁਆਰੇ ਦਾ ਪ੍ਰਬੰਧ ਉਸ ਤੋਂ ਵਾਪਸ ਲੈਣਾ ਚਾਹੁੰਦੀ ਸੀ ਪਰ ਅੰਗਰੇਜ਼ ਸਰਕਾਰ ਕਦੇ ਵੀ ਨਹੀਂ ਚਾਹੁੰਦੀ ਸੀ ਕਿ ਮਹੰਤ ਤੋਂ ਇਸ ਗੁਰੂ ਘਰ ਦਾ ਪ੍ਰਬੰਧ ਨਿਕਲ ਕੇ ਸਿੱਖਾਂ ਦੇ ਹੱਥਾਂ ਵਿੱਚ ਚਲਾ ਜਾਏ। ਇਸ ਹੀ ਸੰਦਰਭ ਵਿੱਚ ਮੋਰਚਾ "ਗੁਰੂ ਕਾ ਬਾਗ" ਵਾਪਰਿਆ, ਜਿਸ ਵਿੱਚ ਅੰਗਰੇਜ਼ ਸਰਕਾਰ ਮਹੰਤ ਸੁੰਦਰ ਦਾਸ ਦੀ ਪਿੱਠ 'ਤੇ ਆਣ ਖੜੋਤੀ। ਉੱਧਰ ਸਿੱਖ ਵੀ ਆਪਣੀ ਇਸ ਮੰਗ ਤੇ ਦ੍ਰਿੜ੍ਹ ਇਰਾਦੇ ਨਾਲ ਡਟੇ ਹੋਏ ਸਨ। ਜਦੋਂ ਸੰਗਤ 31 ਜਨਵਰੀ 1921 ਨੂੰ ਜਥੇਦਾਰ ਕਰਤਾਰ ਸਿੰਘ ਝੱਬਰ ਦੀ ਅਗਵਾਈ ਹੇਠ ਮਹੰਤ ਸੁੰਦਰ ਦਾਸ ਤੋਂ ਪ੍ਰਬੰਧ ਵਾਪਸ ਲੈਣ ਲਈ ਘੁਕੇਵਾਲੀ ਪਹੁੰਚ ਗਈ ਤਾਂ ਮਹੰਤ ਸੁੰਦਰ ਦਾਸ ਨੇ ਸਮੇਂ ਦੀ ਨਜ਼ਾਕਤ ਨੂੰ ਸਮਝਦੇ ਹੋਏ ਲਿਖਤੀ ਮਾਫ਼ੀ ਮੰਗ ਲਈ ਅਤੇ ਹੇਠ ਲਿਖੀਆਂ ਸ਼ਰਤਾਂ ਵੀ ਮੰਨ ਲਈਆਂ: 1. ਮਹੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਨਾਮਜ਼ਦ ਕਮੇਟੀ ਅਧੀਨ ਕੰਮ ਕਰੇਗਾ। 2. ਉਹ ਅੰਮ੍ਰਿਤ ਛੱਕ ਕੇ ਸਿੰਘ ਸਜੇਗਾ। 3. ਉਹ ਆਪਣੇ ਨਾਲ ਰੱਖੀ ਇਸਤਰੀ ਨਾਲ ਅਨੰਦ ਕਾਰਜ ਕਰਵਾ ਲਵੇਗਾ ਤੇ ਹੋਰ ਕਿਸੇ ਪਰਾਈ ਇਸਤਰੀ ਨਾਲ ਨਾਜਾਇਜ਼ ਸਬੰਧ ਨਹੀਂ ਰੱਖੇਗਾ। ਫਰਵਰੀ 1922 ਨੂੰ ਮਹੰਤ ਨਾਲ ਹੋਏ ਮੁੜ ਸਮਝੌਤੇ ਅਨੁਸਾਰ ਗੁਰਦੁਆਰਾ ਗੁਰੂ ਕਾ ਬਾਗ ਦਾ ਸਾਰਾ ਕਬਜ਼ਾ ਦੇਣ ਬਦਲੇ 120 ਰੁਪਏ ਮਹੀਨਾ ਪੈਨਸ਼ਨ ਤੇ ਅੰਮ੍ਰਿਤਸਰ ਵਿੱਚ ਰਿਹਾਇਸ਼ ਲਈ ਮਕਾਨ ਲੈਣ ਲਈ ਰਾਜ਼ੀ ਹੋ ਗਿਆ ਪਰ ਕੁੱਝ ਮਹੀਨੇ ਬਾਅਦ ਫਿਰ ਮਹੰਤ ਮੁੱਕਰ ਗਿਆ।

ਅਗਸਤ 1922 ਨੂੰ ਪੁਲੀਸ ਅਤੇ ਮਹੰਤ ਦੀ ਚਾਲ ਨੇ ਅਦਾਲਤ ਰਾਹੀਂ ਪੰਜ ਸਿੰਘਾਂ ਨੂੰ ਲੰਗਰ ਲਈ ਗੁਰੂ ਘਰ ਦੀ ਮਲਕੀਅਤ ਵਾਲੀ ਜ਼ਮੀਨ ਵਿੱਚੋਂ ਲੱਕੜਾਂ ਵੱਢ ਕੇ ਲਿਆਉਣ ਦੇ ਦੋਸ਼ ਹੇਠ ਛੇ-ਛੇ ਮਹੀਨੇ ਦੀ ਕੈਦ ਅਤੇ ਪੰਜਾਹ-ਪੰਜਾਹ ਰੁਪਏ ਜੁਰਮਾਨਾ ਕਰਵਾ ਦਿੱਤਾ। ਜਿਸ ਦੇ ਸਿੱਟੇ ਵਜੋਂ ਮੋਰਚਾ 'ਗੁਰੂ ਕਾ ਬਾਗ' ਆਰੰਭ ਹੋ ਗਿਆ। ਆਰੰਭ ਵਿੱਚ ਪੰਜ-ਪੰਜ ਸਿੰਘਾਂ ਦੇ ਜਥੇ ਜਾਣ ਲੱਗੇ ਫਿਰ ਸੌ-ਸੌ ਦੇ ਜਥੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਕਰ ਕੇ ਸ਼ਾਂਤਮਈ ਤਰੀਕੇ ਨਾਲ ਆਪਣਾ ਵਿਰੋਧ ਪ੍ਰਗਟ ਕਰਨ ਲਈ ਜਾਣ ਲੱਗੇ। ਮੌਕੇ ਦਾ ਅਫ਼ਸਰ ਐੱਸਜੀਐੱਸ ਬੀਟੀ ਜਥੇ ਵਿੱਚ ਆਏ ਸਿੱਖਾਂ 'ਤੇ ਉਸ ਸਮੇਂ ਤੱਕ ਤਸ਼ੱਦਦ ਢਾਹੁੰਦਾ ਜਦੋਂ ਤੱਕ ਅਕਾਲੀ ਬੇਸੁੱਧ ਹੋ ਕੇ ਜ਼ਮੀਨ ਤੇ ਡਿਗ ਨਾ ਪੈਂਦੇ। ਕਾਫੀ ਜ਼ੁਲਮ ਸਹਿਣ ਤੋਂ ਬਾਅਦ ਵੀ ਸਿੱਖ ਜਥਿਆਂ ਦੇ ਹੌਸਲੇ ਅਤੇ ਗਿਣਤੀ ਵਿੱਚ ਕੋਈ ਕਮੀ ਨਹੀਂ ਆਈ। ਇਸ ਅੰਨ੍ਹੇ ਤਸ਼ੱਦਦ ਦੀਆਂ ਖ਼ਬਰਾਂ ਦੇਸ਼ ਵਿਦੇਸ਼ ਦੀਆਂ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਹੋਣ ਲੱਗੀਆਂ। ਲਾਹੌਰ ਤੋਂ ਛਪਦੇ ਅੰਗਰੇਜ਼ੀ ਅਖ਼ਬਾਰ 'ਦਿ ਟ੍ਰਿਬਿਊਨ' ਨੇ ਤਾਂ ਇਕ ਵਿਸ਼ੇਸ਼ ਕਾਲਮ 'ਗੁਰੂ ਕੇ ਬਾਗ ਦਾ ਮਾਮਲਾ' ਸ਼ੁਰੂ ਕੀਤਾ ਹੋਇਆ ਸੀ ਤਾਂ ਜੋ ਰੋਜ਼ ਹੋਣ ਵਾਲੇ ਘਟਨਾਕ੍ਰਮ ਦੀ ਸੂਚਨਾ ਆਪਣੇ ਪਾਠਕਾਂ ਤੱਕ ਪਹੁੰਚ ਸਕੇ। ਹੋਰਨਾਂ ਅਖ਼ਬਾਰਾਂ ਵਿੱਚ ਵਿਦੇਸ਼ੀ ਅਖ਼ਬਾਰ 'ਮਾਨਚੈਸਟਰ ਗਾਰਡੀਅਨ', 'ਲੰਡਨ ਟਾਈਮਜ਼', 'ਨੈਸ਼ਨਲ ਹੈਰਲਡ' ਆਦਿ ਸ਼ਾਮਿਲ ਸਨ, ਜੋ ਇਸ ਸਾਕੇ ਦੀਆਂ ਖ਼ਬਰਾਂ ਵਿਸ਼ੇਸ਼ ਕਰ ਕੇ ਆਪਣੇ ਅੰਕ ਵਿੱਚ ਛਾਪਦੇ ਸਨ। ਅਮਰੀਕਾ ਤੋਂ ਆਏ ਕੈਪਟਨ ਏ.ਐਲ.ਵਰਗੀਜ਼ ਨੇ 12 ਅਤੇ 13 ਸਤੰਬਰ ਨੂੰ 'ਗੁਰੂ ਕੇ ਬਾਗ' ਵਿਖੇ ਪੁਲੀਸ ਜਬਰ-ਜ਼ੁਲਮ ਦੀ ਫ਼ਿਲਮ ਬਣਾਈ। ਜਦੋਂ ਇਹ ਫ਼ਿਲਮ ਅਮਰੀਕਾ ਵਿੱਚ ਵਿਖਾਈ ਗਈ ਤਾਂ ਦਰਸ਼ਕਾਂ ਦੇ ਮਨਾਂ ਵਿੱਚ ਸਿੱਖ ਭਾਈਚਾਰੇ ਪ੍ਰਤੀ ਹਮਦਰਦੀ ਪੈਦਾ ਹੋਣੀ ਸ਼ੁਰੂ ਹੋ ਗਈ।

ਪਾਦਰੀ ਸੀ.ਐੱਫ.ਐਂਡਰਿਊ ਨੇ ਲੈਫਟੀਨੈਂਟ ਗਵਰਨਰ ਨੂੰ ਪੁਲੀਸ ਦੀ ਇਸ ਕਾਰਵਾਈ ਤੋਂ ਜਾਣੂ ਕਰਵਾਇਆ। ਗਵਰਨਰ ਸਰ ਐਡਵਰਡ ਮੈਕਲਾਗਨ 13 ਸਤੰਬਰ 1922 ਨੂੰ 'ਗੁਰੂ ਕਾ ਬਾਗ' ਪਹੁੰਚਿਆ ਤੇ ਉਸ ਦੇ ਹੁਕਮ ਨਾਲ ਇਹ ਜ਼ੁਲਮ ਬੰਦ ਹੋ ਗਿਆ। 17 ਨਵੰਬਰ 1922 ਤਕ ਸਰਕਾਰ ਵੱਲੋਂ ਗ੍ਰਿਫ਼ਤਾਰ ਕੀਤੇ ਅੰਦੋਲਨਕਾਰੀਆਂ ਦੀ ਗਿਣਤੀ 5600 ਤੋਂ ਵੀ ਵੱਧ ਹੋ ਗਈ ਸੀ ਪਰ ਗੁਰੂ ਦੇ ਸਿੰਘ ਕਾਫ਼ਲਿਆਂ ਦੇ ਰੂਪ ਵਿੱਚ ਬਿਨਾਂ ਕਿਸੇ ਡਰ ਦੇ ਖ਼ੁਸ਼ੀ-ਖ਼ੁਸ਼ੀ ਗ੍ਰਿਫ਼ਤਾਰੀ ਦੇਣ ਆ ਰਹੇ ਸਨ। ਸਰਕਾਰ ਹੁਣ ਕਿਸੇ ਨਾ ਕਿਸੇ ਰੂਪ ਵਿੱਚ ਅਕਾਲੀਆਂ ਨਾਲ ਸਮਝੌਤਾ ਕਰਨਾ ਚਾਹੁੰਦੀ ਸੀ। ਅੰਤ ਸਰਕਾਰ ਨੇ ਇਕ ਸਮਝੌਤੇ ਦਾ ਰਾਹ ਲੱਭ ਲਿਆ, ਜਿਸ ਅਨੁਸਾਰ ਰਿਟਾਇਰਡ ਇੰਜਨੀਅਰ ਰਾਏ ਬਹਾਦਰ ਸਰ ਗੰਗਾ ਰਾਮ ਲਾਹੌਰ ਨੇ ਮਹੰਤ ਕੋਲੋਂ ਜ਼ਮੀਨ ਠੇਕੇ ਉੱਤੇ ਕਾਗ਼ਜ਼ਾਂ ਵਿੱਚ ਲੈ ਲਈ। ਉਸ ਨੇ ਸਰਕਾਰ ਨੂੰ ਲਿਖ ਕੇ ਦੇ ਦਿੱਤਾ ਕਿ ਉਸ ਨੂੰ ਪੁਲੀਸ ਬਲ ਦੀ ਲੋੜ ਨਹੀਂ ਅਤੇ ਨਾ ਹੀ ਉਸ ਨੂੰ ਸਿੰਘਾਂ ਦੁਆਰਾ ਗੁਰੂ ਕੇ ਲੰਗਰ ਲਈ ਲੋੜੀਂਦੇ ਬਾਲਣ ਵੱਢਣ 'ਤੇ ਕੋਈ ਇਤਰਾਜ਼ ਹੈ। ਇਸ ਤਰ੍ਹਾਂ 18 ਨਵੰਬਰ 1922 ਨੂੰ ਲਗਭਗ ਤਿੰਨ ਮਹੀਨੇ ਬਾਅਦ ਮੋਰਚਾ 'ਗੁਰੂ ਕਾ ਬਾਗ' ਫ਼ਤਹਿ ਹੋ ਗਿਆ। ਮੋਰਚੇ ਵਿੱਚ ਖ਼ਾਲਸਾ ਪੰਥ ਦੁਆਰਾ ਜਿਸ ਸਬਰ-ਸੰਤੋਖ ਅਤੇ ਦ੍ਰਿੜ੍ਹਤਾ ਨਾਲ ਅਕਹਿ ਅਤੇ ਅਸਹਿ ਤਸ਼ੱਦਦ ਝੱਲ ਕੇ ਗੁਰੂ ਘਰ ਅਜ਼ਾਦ ਕਰਵਾਇਆ ਗਿਆ ਉਸ ਦੀ ਪੂਰੀ ਦੁਨੀਆ ਵਿੱਚ ਪ੍ਰਸ਼ੰਸਾ ਹੋਈ। ਗੁਰਦੁਆਰਾ ਗੁਰੂ ਕਾ ਬਾਗ ਵਿਖੇ ਅੱਜ ਵੀ 35 ਕਨਾਲ ਜ਼ਮੀਨ ਵਿਚ ਇਤਿਹਾਸਕ ਬਾਗ ਮੌਜੂਦ ਹੈ। ਜਿਥੇ ਅੱਜ ਵੀ ਬੇਅੰਤ ਸੰਗਤਾਂ ਨਤਮਸਤਕ ਹੁੰਦੀਆਂ ਹਨ।-0-

# ਕੀ ਸ਼੍ਰੋਮਣੀ ਕਮੇਟੀ ਹਾਲੇ ਵੀ 'ਸ਼੍ਰੋਮਣੀ' ਅਖਵਾਉਣ ਦੀ ਅਧਿਕਾਰੀ ਹੈ?

-ਕੁਲਵੰਤ ਕੌਰ (ਡਾ)
98156-20515

ਆਪਣੇ ਵਿਚਾਰਾਂ ਨੂੰ ਵਿਸਤਾਰ ਦੇਣ ਤੋਂ ਪਹਿਲਾਂ, ਮੈਨੂੰ ਜਗਤ-ਗੁਰੂ, ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਇਹ ਤੁਕ ਵਾਰ-ਵਾਰ ਟੁੰਬ ਰਹੀ ਹੈ :-

**ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥**

**ਭਾਵ:** ਸ਼ੁੱਧ ਆਚਰਣ ਓਸ ਸਦੀਵੀ ਸੱਚ (ਪਰਮਾਤਮਾ) ਤੋਂ ਵੀ ਉੱਪਰ ਹੈ।

ਪੱਛਮੀ ਸੰਸਾਰ ਵਾਲੇ ਵੀ Character ਨੂੰ ਸਰਵੋਤਮ ਮੰਨਦੇ ਹਨ। ਇੰਵ, ਕੀ ਪੂਰਬ ਤੇ ਕੀ ਪੱਛਮ, ਹਰੇਕ ਥਾਂ ਉੱਚ ਇਖ਼ਲਾਕ, ਸਦਾਚਾਰ, ਨੇਕ ਵਰਤਾਰੇ, ਸੰਜਮੀ ਜੀਵਨ ਅਤੇ ਮਰਯਾਦਕ ਚਲਨ ਨੂੰ ਮਾਨਤਾ ਅਤੇ ਮਹੱਤਵ ਦਿੱਤਾ ਗਿਆ ਹੈ। ਵਿਅਕਤੀਗਤ ਚਰਿੱਤਰ ਹੀ ਇੱਕ ਇਨਸਾਨ ਨੂੰ ਫਰਸ਼ਾਂ ਤੋਂ ਅਰਸ਼ਾਂ ਤੇ ਲਿਜਾ ਸਕਦਾ ਹੈ ਤੇ ਇਵੇਂ ਹੀ ਅਰਸ਼ਾਂ 'ਚੋਂ ਧੜੰਮ ਹੇਠਾਂ ਵੀ ਡੇਗ ਸਕਦਾ ਹੈ। ਸਾਡੇ ਸਾਹਮਣੇ ਅਣਗਿਣਤ ਉਦਾਹਰਣ ਮੌਜੂਦ ਹਨ ਜਿਹੜੇ ਸਾਡੇ ਇਸ ਕਥਨ ਦੀ ਪੁਸ਼ਟੀ ਕਰਦੇ ਹਨ। ਸਾਬਕਾ ਰਾਜਪਾਲ ਐਨ.ਡੀ. ਤਿਵਾੜੀ, ਜਥੇਦਾਰ ਲੰਗਾਹ, ਸ਼ਿਕਾਗੋ ਵਾਲਾ ਬਾਬਾ, ਬਾਪੂ ਆਸਾ ਰਾਮ ਅਤੇ ਸੌਦਾ ਸਾਧ ਦੀਆਂ ਕਰਤੂਤਾਂ ਤੋਂ ਕਿਹੜਾ ਨਾਵਾਕਿਫ਼ ਹੈ?



ਉੱਚ ਆਚਰਣ ਨੂੰ ਕਾਇਮ ਦਾਇਮ ਰੱਖਣ ਦੀ ਸੋਝੀ ਜਿਸ ਰਹਿਬਰ ਨੇ ਦਿੱਤੀ ਹੈ, ਉਸੇ ਦੀ ਉੱਮਤ ਨੇ, ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਸਦੀਵਤਾ, ਵਿਧੀਵੱਧਤਾ ਅਤੇ ਅਨੇਕਤਾ ਦੇਣ ਖ਼ਾਤਿਰ ਗੁਰ ਅਸਥਾਨ ਬਣਾਏ, ਧਰਮਸ਼ਾਲਾਵਾਂ ਬਣਾਈਆਂ। ਸਾਢੇ ਪੰਜ ਸਦੀਆਂ ਦਰਮਿਆਨ, ਇਨ੍ਹਾਂ ਦੇ ਰੰਗ-ਰੂਪ, ਕੰਮ-ਕਾਰ ਅਤੇ ਆਚਾਰ-ਵਿਚਾਰ ਬਦਲੇ। ਕਦੇ ਗੁਰਸਿੱਖਾਂ ਕੋਲ, ਕਦੇ ਨਿਰਮਲਿਆਂ ਕੋਲ ਤੇ ਕਦੇ ਭੀੜ ਪਈ 'ਤੇ ਮਹੰਤਾਂ ਕੋਲ। ਜਿਸ ਸਮੇਂ ਪੱਤਾ-ਪੱਤਾ ਸਿੱਖਾਂ ਦਾ ਵੈਰੀ ਹੋ ਗਿਆ, ਓਸ ਵੇਲੇ ਜਿਨ੍ਹਾਂ ਨੂੰ ਸੇਵਾ ਸੰਭਾਲੀ, ਉਹ ਦੁਸ਼ਟਤਾ ਦੀਆਂ ਸਾਰੀਆਂ ਹੱਦਾਂ ਪਾਰ ਕਰਕੇ ਮਹੰਤ ਬਣ ਬੈਠੇ, ਖ਼ੂਨੀ ਜੋਕਾਂ! ਸਵਾਰਥਾਂ 'ਚ ਗੜੁੱਚ! ਸਰਕਾਰਾਂ ਦੇ ਝੋਲੀ ਚੁੱਕ! ਗੁਰੂ ਦੇ ਦੁਸ਼ਮਣ! ਸਿੱਖੀ ਦੇ ਨਾਸ਼ਕ! ਜਿਨ੍ਹਾਂ ਹਜ਼ਾਰਾਂ ਬੇਦੋਸ਼ਿਆਂ ਦੇ ਕਾਤਲ ਜਨਰਲ ਡਾਇਰ ਨੂੰ ਸ੍ਰੀ ਅਕਾਲ ਤਖ਼ਤ 'ਤੇ ਬੁਲਾ ਕੇ ਸਿਰੋਪਾਓ ਦਿੱਤਾ ਸੀ ਤੇ ਸ੍ਰੀ ਨਨਕਾਣਾ ਸਾਹਿਬ ਦਾ ਸਾਕਾ? ਸ਼ਬਦ ਬੌਣੇ ਹੋ ਜਾਂਦੇ ਨੇ ਓਸ ਦੁੱਖ ਨੂੰ ਬਿਆਨ ਕਰਨ ਲਈ। ਖ਼ੈਰ! ਇਨ੍ਹਾਂ ਕੁਰੀਤੀਆਂ, ਕੁਕਰਮਾਂ ਅਤੇ ਕਰਤੂਤਾਂ ਤੋਂ ਖਹਿੜਾ ਛੁਡਾਉਣ ਲਈ ਪੰਥ ਨੇ ਲੰਮੀ ਲੜਾਈ ਲੜੀ ਤੇ ਜਿੱਤ ਵੀ ਪ੍ਰਾਪਤ ਕੀਤੀ। ਗੰਗਸਰ ਜੈਤੋ (ਟਿੱਬੀ ਸਾਹਿਬ ਤੋਂ ਬੇਹੱਦ ਕਰੀਬ) ਦਾ ਗੁਰਦਵਾਰਾ ਕਦੇ ਦੇਸ਼ ਦੀ ਆਜ਼ਾਦੀ ਦੇ ਸਾਰੇ ਪਰਵਾਨਿਆਂ ਦੀ ਵੀ ਪਸੰਦੀਦੀ ਜ਼ਿਆਰਤਗਾਹ ਅਤੇ ਮੁਕੱਦਸ ਸਥੱਲੀ ਰਿਹਾ ਹੈ। ਇੱਥੋਂ ਤੱਕ ਕਿ ਨਾਭਾਪਤੀ ਮਹਾਰਾਜ ਰਿਪੁਦਮਨ ਸਿੰਘ ਦੀ ਜਬਰੀ ਸੇਵਾ ਨਵਿਰਤੀ ਮੌਕੇ, ਅੰਗਰੇਜ਼ ਸਰਕਾਰ ਵਿਰੁੱਧ ਵਿੱਢੇ ਤਿੱਖੇ ਸੰਘਰਸ਼ ਦਾ ਧੁਰਾ ਵੀ ਗੰਗਸਰ ਜੈਤੋ ਹੀ ਰਿਹਾ ਹੈ ਪਰ ਅੱਜ ਇਸੇ ਪਵਿੱਤਰ ਧਰਤੀ 'ਤੇ ਜਿਹੜੀਆਂ ਹਿਰਦਾ ਵਲੂੰਧਰਣ ਵਾਲੀਆਂ ਘਟਨਾਵਾਂ ਵਾਪਰੀਆਂ ਹਨ, ਉਹ ਵਿਅਕਤੀਆਂ ਤੋਂ ਕਿਤੇ ਵੱਧ ਓਸ ਵੱਕਾਰੀ ਸੰਸਥਾ ਦੇ ਅਕਸ ਨੂੰ ਮਲੀਨ ਕਰ ਰਹੀਆਂ ਹਨ ਜਿਹਦੇ ਅਧੀਨ ਇਹ ਸਭ ਕੁਝ ਆਉਂਦਾ ਹੈ। ਸਾਲਾਂ ਤੋਂ ਮਹੰਤ ਨਰੈਣੂ ਵਾਲਾ ਕਿਰਦਾਰ ਨਿਭਾ ਰਿਹਾ ਸਥਾਨਕ ਪ੍ਰਬੰਧਕੀ ਕਮੇਟੀ ਦਾ ਮੈਨੇਜਰ ਤੇ ਹੋਰ। ਫਿਰ ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਮੁਲਾਜ਼ਮਾਂ ਦੀ ਤਰਫਦਾਰੀ ਤੇ ਸਜ਼ਾ 'ਚ ਢਿਲਾਈ ਪਰੰਤੂ ਸਥਾਨਕ ਸੰਗਤਾਂ ਦੇ ਜ਼ਬਰਦਸਤ ਵਿਰੋਧ ਉਪਰੰਤ ਕੁਝ ਮੁਲਾਜ਼ਮਾਂ ਦੀ ਬਰਖ਼ਾਸਤਗੀ ਸਿੱਧ ਕਰਦੀ ਹੈ ਕਿ ਉੱਪਰਲਾ ਪ੍ਰਬੰਧ ਕਿੰਨਾ ਕੁ ਢਿੱਲਾ ਹੈ।

ਤਾਜ਼ਾ ਖ਼ਬਰ ਭਵਾਨੀਗੜ੍ਹ ਬਲਾਕ ਦੇ ਕਿਸੇ ਪਿੰਡ ਦੇ ਗੁਰਦਵਾਰੇ ਤੋਂ ਆਈ ਹੈ ਜਿੱਥੇ ਇੱਕ ਸਿਰਫਿਰੀ ਔਰਤ ਵੱਲੋਂ ਜਲਣਸ਼ੀਲ ਪਦਾਰਥ ਛਿੜਕ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਭਸਮ ਕਰਨ ਦੀ ਹਿਮਾਕਤ ਕੀਤੀ ਗਈ ਹੈ। ਕੈਮਰਿਆਂ ਦੀ ਤਸਵੀਰ ਅਨੁਸਾਰ ਉਹ ਪੂਰੀ ਨਿਡਰਤਾ ਅਤੇ ਬੇਫ਼ਿਕਰੀ ਦੇ ਆਲਮ ਵਿਚ ਓਸ ਇਲਾਹੀ ਗ੍ਰੰਥ ਵਲ ਵਧਦੀ ਹੈ ਜਿਸ ਨੂੰ ਸਾੜਣਾ ਓਸ ਦਾ ਮੁੱਖ ਮਕਸਦ ਹੈ। ਗੁਰਦੁਆਰਾ ਸਾਹਿਬ ਦੀ ਇਮਾਰਤ ਤੇ ਅੰਦਰਲੇ ਸਾਜ਼ੋ ਸਮਾਨ ਦਾ ਨੁਕਸਾਨ ਤਾਂ ਸੰਗਤ ਭਰ ਦੇਵੇਗੀ ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਥਾਈ ਦਿਸ਼ਾ-ਨਿਰਦੇਸ਼ ਕੀ ਤੇ ਕਿੱਥੇ ਹਨ? ਕੀ ਗੁਰਦਵਾਰਿਆਂ ਵਿਚ ਦਿਨ ਰਾਤ ਦੀ ਚੌਕਸੀ ਜ਼ਰੂਰੀ ਨਹੀਂ ਜਦੋਂ ਹੋਰ ਛੱਤੀ ਦੁਸ਼ਮਣ ਵੀ ਬੇਅਦਬੀ ਕਰਨ ਦੇ ਮੌਕੇ ਅਕਸਰ ਲੱਭਦੇ ਰਹਿੰਦੇ ਹਨ? ਕਿਉਂ ਨਹੀਂ ਸ਼੍ਰੋਮਣੀ ਕਮੇਟੀ ਸਥਾਈ ਨਿਰਦੇਸ਼ ਦਿੰਦੀ?

ਪੰਜਾਬੀ ਬਾਗ਼ ਦਿੱਲੀ ਵਿਖੇ ਸਥਾਪਿਤ ਕੀਤੇ ਜਾ ਰਹੇ ਮਾਡਲਾਂ ਵਿਚ ਲਾਸਾਨੀ ਸ੍ਰੀ ਦਰਬਾਰ ਸਾਹਿਬ ਦਾ ਵੀ ਮਾਡਲ ਬਣਾ ਕੇ ਲਾਉਣ ਦੀ ਹਿਮਾਕਤ ਕਿਵੇਂ ਕੀਤੀ ਗਈ? ਜੇ ਪ੍ਰੇਰਣਾ ਦੇ ਸਰੋਤ ਵਜੋਂ ਲੈਣਾ ਹੀ ਸੀ ਤਾਂ ਦਿਖਾਉਂਦੇ ਤੱਤੀ ਤਵੀ 'ਤੇ ਬੈਠੇ ਪੰਚਮ ਨਾਨਕ ਜੀ ਨੂੰ! ਜਾਂ ਚਾਂਦਨੀ ਚੌਂਕ ਵਿਚ ਕਤਲਾਏ ਗਏ ਨੌਵੇਂ ਪਾਤਿਸ਼ਾਹ ਜੀ ਨੂੰ। ਪਠਾਣਾਂ 'ਚ ਅੱਜ ਤੱਕ ਖ਼ੌਫ਼ ਪੈਦਾ ਕਰ ਰਹੇ ਸ੍ਰ. ਹਰੀ ਸਿੰਘ ਨਲੂਆ ਨੂੰ ਜਾਂ ਪਹਿਲੇ ਸਫ਼ਲ ਸਿੱਖ ਸ਼ਾਸਕ ਬੰਦਾ ਸਿੰਘ ਬਹਾਦਰ ਜੀ ਨੂੰ। ਫਨਾਹ ਹੋ ਜਾਣ ਵਾਲੇ ਕੁਤਬ ਮੀਨਾਰ, ਇੰਡੀਆ ਗੇਟ ਜਾਂ ਤਾਜ ਮਹਲ ਦੇ ਬਰਾਬਰ ਸਾਡੀ ਯੁਗੋ ਯੁਗ ਤੇ ਪਵਿੱਤਰ ਅਟਲ ਪਵਿੱਤਰ ਵਿਰਾਸਤ ਨੂੰ ਗਲੀਆਂ ਕੂਚਿਆਂ ਵਿਚ ਖੜ੍ਹੇ ਕਰਨਾ ਸ਼ਰੀਕਾਂ ਦੀ ਸ਼ਰਾਰਤ ਨਹੀਂ ਤਾਂ ਹੋਰ ਕੀ ਹੈ ਜਿਨ੍ਹਾਂ ਨੇ ਇੱਥੇ ਪੰਜਾਬ ਦੇ ਮਾਲਵੇ ਵਿਚ ਵੀ ਇਹੋ ਜਿਹੀ ਸ਼ਰਾਰਤ ਕੀਤੀ ਹੋਈ ਹੈ। ਕਈ ਕਈ ਵਾਰ ਸੱਥਾਂ-ਪੰਚਾਇਤਾਂ ਹੋਣ ਦੇ ਬਾਵਜੂਦ ਓਸ ਨਕਲਾਈ ਇਮਾਰਤ ਨੂੰ ਹਾਲੇ ਤੱਕ ਵੀ ਢਾਹਿਆ ਨਹੀਂ ਗਿਆ। ਜ਼ਿੰਮੇਵਾਰੀ ਕਿਸਦੀ ਸੀ? ਕਾਰਵਾਈ ਕਿਸਨੇ ਕਰਵਾਉਣੀ ਸੀ? ਸਪੱਸ਼ਟ ਹੈ ਕਿ ਸ਼੍ਰੋਮਣੀ ਕਮੇਟੀ ਨੇ ਮਸਲਾ ਲਮਕਾਈ ਰੱਖਿਆ ਹੈ ਜਿਸ ਨੂੰ ਦੇਖ ਕੇ ਹੋਰ ਦੁਸ਼ਮਣ ਵੀ ਉਤਸ਼ਾਹਿਤ ਹੁੰਦੇ ਹਨ। ਸੀਸ ਗੰਜ ਗੁਰਦਵਾਰਾ ਸਾਹਿਬ ਦੇ ਬਾਹਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੰਗਮਰਮਰੀ ਬੁੱਤ ਵੀ ਰੌਲਾ ਪੈ ਜਾਣ ਕਾਰਨ ਮਸਾਂ ਮਸਾਂ ਰੁਕਿਆ ਹੈ ਕਿਉਂਕਿ ਸਾਡੇ ਬਾਣੀਕਾਰਾਂ ਦੀ ਸਿੱਖਿਆ ਦਾ ਨਿਚੋੜ ਇਵੇਂ ਹੈ :-

ਬੁਤਿ ਪੂਜਿ ਪੂਜਿ ਹਿੰਦੂ ਮੂਏ

ਤੁਰਕ ਮੂਏ ਸਿਰ ਨਾਈ।
ਓਇ ਲੇ ਜਾਰੇ ਓਇ ਲੇ ਗਾਡੇ
ਤੇਰੀ ਗਤਿ ਦੁਹੂੰ ਨਾ ਪਾਈ।

ਕੁਝ ਹੱਦ ਤਕ ਦਿੱਲੀ ਗੁਰਦਵਾਰਾ ਕਮੇਟੀ ਥੋੜ੍ਹਾ ਬਹੁਤ ਇਨ੍ਹਾਂ ਪੱਖਾਂ ਤੋਂ ਜਾਗਰੂਕ ਤੇ ਸੁਚੇਤ ਹੈ ਪਰ ਪੰਜਾਬ ਵਿਚਲੀ ਸ਼੍ਰੋਮਣੀ ਕਮੇਟੀ ਤਾਂ ਅਕਾਲੀ ਦਲ ਦੇ ਸੌ ਫੀਸਦੀ ਦਬਾਅ ਹੇਠ ਹੈ। ਆਜ਼ਾਦਾਨਾ ਤੌਰ 'ਤੇ ਕੁਝ ਵੀ ਕਰ ਸਕਣੋਂ ਅਸਮਰੱਥ। ਇਸੇ ਕਰਕੇ, ਵੋਟ-ਬੈਂਕ ਦੀ ਨਾਰਾਜ਼ਗੀ ਨਾ ਸਹੇੜਣ ਕਾਰਨ ਸਿਰਸੇ ਵਾਲੇ ਦੇ ਦਰਬਾਰ ਵਿੱਚ ਵੀ ਸਿਜਦੇ ਹੁੰਦੇ ਰਹੇ ਅਤੇ ਆਪਣੇ ਇਸ਼ਟ ਦੀ ਬੇਅਦਬੀ ਕਰਵਾ ਕੇ, ਆਪਣੇ ਬੰਦੇ ਮਰਵਾ ਕੇ ਵੀ ਮੁਆਫ਼ੀਨਾਮੇ ਸਿਰੇ ਚੜ੍ਹਾਏ ਗਏ। ਦੁਨੀਆਂ ਤੋਂ ਤੁਰ ਗਏ ਸਾਬਕਾ ਪ੍ਰਧਾਨ ਨੇ ਤਾਂ ਬਾਨਵੇਂ ਲੱਖ ਦੇ ਇਸ਼ਤਿਹਾਰ ਇਸ ਲਈ ਅਖਬਾਰਾਂ ਨੂੰ ਦੇ ਦਿੱਤੇ ਕਿ ਸਾਧ ਨੇ ਦਸ਼ਮੇਸ਼ ਪਿਤਾ ਦੀ ਨਕਲ ਕਰਕੇ ਕੀਤੇ ਘੋਰ ਅਪਰਾਧ ਲਈ ਲਿਖਤੀ ਮੁਆਫ਼ੀ ਮੰਗ ਲਈ ਹੈ। ਡੰਡੇ ਦੇ ਜ਼ੋਰ ਨਾਲ ਉਸ ਕਾਮੀ, ਵਿਲਾਸੀ ਦੀ ਫਿਲਮ 'ਮੈਸੇਂਜਰ ਆਫ਼ ਗੌਡ' ਪੰਜਾਬ ਵਿਚ ਵੀ ਰਿਲੀਜ਼ ਕਰਵਾਈ ਗਈ। ਮੂਕ ਦਰਸ਼ਕ ਤੇ ਹੱਥ ਠੋਕਾ ਬਣੀ ਬੈਠੀ ਅਤੇ ਸਿੱਖੀ ਦੀ ਦੁਰਦਸ਼ਾ ਤੋਂ ਅਣਜਾਣ ਸਾਡੀ ਸ਼੍ਰੋਮਣੀ ਕਮੇਟੀ ਕੇਵਲ ਜੀ ਹਜ਼ੂਰੀਆਂ ਦਾ ਟੋਲਾ ਹੈ।

ਪਿਛਲੇ ਦਿਨੀਂ, ਦੱਖਣੀ ਭਾਰਤ ਦੀ ਕਿਸੇ ਬੇਸ਼ਰਮ ਕੰਪਨੀ ਨੇ ਤੰਬਾਕੂ ਦੀਆਂ ਪੁੜੀਆਂ 'ਤੇ ਸ੍ਰੀ ਦਰਬਾਰ ਸਾਹਿਬ ਦੀ ਫ਼ੋਟੋ ਛਪਵਾਈ। ਇਸ ਤੋਂ ਪਹਿਲਾਂ, ਟਾਇਲਟ ਸੀਟ ਕਵਰਾਂ 'ਤੇ ਇਹੀ ਕੁਝ ਕੀਤਾ ਜਾ ਚੁੱਕਾ ਹੈ। ਕਦੇ ਦੁਨੀਆ ਭਰ ਵਿਚ ਵਿਕਰੀ ਕਰ ਰਹੀ ਐਮੇਜਨ ਕੰਪਨੀ ਸਿੱਖ ਧਰਮ ਦੇ ਸੰਚਾਲਕਾਂ ਤੇ ਵਿਚਾਰਧਾਰਾ ਨਾਲ ਖਿਲਵਾੜ ਕਰਦੀ ਹੈ ਤੇ ਸ਼੍ਰੋਮਣੀ ਕਮੇਟੀ ਇਕ ਹਲਕੀ ਜਿਹੀ ਤੇ ਨਿੱਕੀ ਜਿਹੀ ਘੁਰਕੀ ਦੇ ਕੇ ਚੁੱਪ ਕਰ ਜਾਂਦੀ ਹੈ। ਤੀਜੇ ਦਿਨ ਵਿਚ ਉਹੋ ਜਿਹਾ ਕੁੱਤਖਾਨਾ ਫਿਰ ਆਣ ਵਾਪਰਦਾ ਹੈ। ਕਦੇ ਟੀ.ਵੀ. ਸੀਰੀਅਲਾਂ 'ਚ ਕਦੇ ਫਿਲਮਾਂ ਵਿਚ, ਕਦੇ ਸੋਸ਼ਲ ਮੀਡੀਆ ਵਿਚ ਤੇ ਕਦੇ ਭਾਈਚਾਰਕ ਤੰਦਾਂ ਤੋੜਦੀਆਂ ਵੀਡੀਓਜ਼ ਵਿਚ ਸਿੱਖ ਕਿਰਦਾਰਾਂ ਦਾ ਰੂਪ ਰੰਗ, ਕਿਰਦਾਰ ਅਤੇ ਸ਼ਕਲਾਂ ਵਿਗਾੜ ਕੇ ਜਾਂਬਾਜ਼, ਦਲੇਰ, ਸੂਰਬੀਰ, ਨਿਡਰ ਅਤੇ ਮਾਰਸ਼ਲ ਸਿੱਖ ਕੌਮ ਦਾ ਮਜ਼ਾਕ ਉਡਾਇਆ ਜਾਂਦਾ ਹੈ। ਕੀ ਕਰਦੀ ਹੈ ਸ਼੍ਰੋਮਣੀ ਕਮੇਟੀ?

ਪਾਕਿਸਤਾਨੀ ਲੇਖਕ ਹੈਰੂਨ ਖ਼ਾਲਿਦ ਨੇ 550 ਸਾਲਾ ਪ੍ਰਕਾਸ਼-ਪੁਰਬ ਮੌਕੇ ਇਕ ਕਿਤਾਬ ਲਿਖੀ - ਂੳਲਕਨਿਗ ੱਟਿਹ ਂੳਨੲਕ ਜਿਸ ਵਿਚ ਉਸ ਨੇ ਮਾਤਾ ਤ੍ਰਿਪਤਾ ਤੋਂ ਲੈ ਕੇ ਬੀਬੀ ਕੌਲਾਂ ਤੱਕ ਬਹੁਤ ਗ਼ਲਤ ਤੱਥ ਦਿੱਤੇ ਹਨ। ਪਰ ਜੋ ਕੁਝ ਉਸਨੇ ਗੁਰੂ ਹਰਿ ਰਾਇ ਬਾਰੇ ਬਕਵਾਸ ਕੀਤਾ ਹੈ, ਉਸ ਨੂੰ ਦੁਹਰਾ ਕੇ ਮੈਂ ਆਪਣੇ ਪਾਤਿਸ਼ਾਹਾਂ ਦਾ ਨਿਰਾਦਰ ਨਹੀਂ ਕਰ ਸਕਦੀ। ਅਣਗਿਣਤ ਕਿਤਾਬਾਂ ਹਨ ਜਿੱਥੇ ਇਤਿਹਾਸ 'ਤੇ ਮਿਥਿਹਾਸ ਹਾਵੀ ਹੈ। ਇੰਞ, ਸਿੱਖ ਇਤਿਹਾਸ, ਸਿੱਖ ਮਰਯਾਦਾ ਤੇ ਸਿੱਖ ਵਿਚਾਰਧਾਰਾ ਕਲੰਕਿਤ ਹੁੰਦੀ ਹੈ ਪਰ ਕੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਕੋਲ ਆਪਣੇ ਅਹੁਦੇ-ਬਖਸ਼ਕਾਂ ਦੀਆਂ ਚਾਪਲੂਸੀਆਂ, ਜੀ ਹਜ਼ੂਰੀਆਂ ਅਤੇ ਪਰਿਕਰਮਾ ਕਰਨ ਤੋਂ ਬਿਨਾਂ ਕੋਈ ਪੰਥਕ ਏਜੰਡਾ ਵੀ ਹੈ?

ਪਵਿੱਤਰ ਤੇ ਇਤਿਹਾਸਕ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਤੇ ਗ੍ਰੰਥੀਆਂ ਦੀ ਨਿਯੁਕਤੀ ਦਾ ਕੋਈ ਮਾਪਦੰਡ ਨਹੀਂ ਹੈ। ਸਗੋਂ ਯੋਗਤਾ, ਪੜ੍ਹਾਈ ਲਿਖਾਈ, ਤਜਰਬਾ, ਲਿਆਕਤ-ਪ੍ਰਸਤੁਤੀ ਅਤੇ ਇਖ਼ਲਾਕੀ ਉੱਚਤਾ ਦੀ ਬਜਾਇ ਭਾਈ ਭਤੀਜਾਵਾਦ, ਚਾਪਲੂਸੀ, ਸਵਾਰਥ ਅਤੇ ਅਜਿਹੀਆਂ ਹੀ ਹੋਰ ਕਈ ਗੱਲਾਂ ਕੰਮ ਕਰ ਰਹੀਆਂ ਹਨ। ਕਿਉਂਕਿ ਸਭ ਕੁਝ ਇਕ ਪਰਿਵਾਰ ਦੀ ਅਜ਼ਾਰੇਦਾਰੀ ਬਣ ਚੁੱਕਾ ਹੈ, ਇਸ ਲਈ ਸ੍ਰੀ ਦਰਬਾਰ ਸਾਹਿਬ ਸਮੂਹ ਵਿਚ ਭਾਵੇਂ ਇਕ ਪਾਕੀਜ਼ ਸਥੱਲ ਹੀ ਉਨ੍ਹਾਂ ਦੇ ਅਖੰਡ ਪਾਠਾਂ ਲਈ ਰਾਖਵਾਂ ਕਰ ਦਿੱਤਾ ਜਾਵੇ ਜਾਂ ਫਿਰ ਇਸ ਬ੍ਰਿਮੰਡੀ ਸਥਾਨ 'ਤੇ ਹੋ ਰਹੇ ਕੀਰਤਨ ਨੂੰ ਪ੍ਰਸਾਰਿਤ ਕਰਨ ਦੇ ਹੱਕ ਵੀ ਇਕੋ ਚੈਨਲ ਤੇ ਪਰਿਵਾਰ ਕੋਲ ਕਾਬਜ਼ ਹੋਣ, ਗੁਰਧਾਮਾਂ ਦਾ ਕੰਟਰੋਲ ਕਰਨ ਵਾਲੀ ਸ਼੍ਰੋਮਣੀ ਕਮੇਟੀ ਕੋਲ ਕੋਈ ਅਧਿਕਾਰ ਨਹੀਂ ਕਿ ਉਹ ਠੀਕ ਨੂੰ ਠੀਕ ਤੇ ਗ਼ਲਤ ਨੂੰ ਗ਼ਲਤ ਕਹਿ ਸਕੇ। ਭਾਣਜਿਆਂ, ਭਤੀਜਿਆਂ ਦੀ ਨੌਕਰੀ ਦਾ ਫ਼ਿਕਰ ਵੀ ਤਾਂ ਆਪਾਂ ਹੀ ਕਰਨਾ ਹੁੰਦੈ। ਇਕ ਵਾਰ ਸਵਰਗਵਾਸੀ ਭਾਈ ਨਿਰਮਲ ਸਿੰਘ ਖ਼ਾਲਸਾ ਨੇ ਦੱਸਿਆ ਸੀ ਕਿ ਹੁਣ ਜੇ ਬਹੁਤੇ ਰਾਗੀ ਜਥੇ ਫ਼ਿਲਮੀ ਤਰਜਾਂ 'ਤੇ ਕੀਰਤਨ ਕਰਨ ਲੱਗੇ ਹਨ ਤਾਂ ਕਸੂਰ ਸ਼੍ਰੋਮਣੀ ਕਮੇਟੀ ਦਾ ਹੀ ਹੈ ਜਿਸਨੇ ਇਨ੍ਹਾਂ ਦੀ ਨਿਯੁਕਤੀ ਨਿਰਧਾਰਤ ਮਾਪਦੰਡਾਂ ਅਨੁਸਾਰ ਨਹੀਂ, ਸਿਫਾਰਸ਼ਾਂ ਦੇ ਆਧਾਰ 'ਤੇ ਕੀਤੀ ਹੈ। ਗ਼ੌਰਤਲਬ ਮੁੱਦੇ ਤਾਂ ਭਾਵੇਂ ਹੋਰ ਵੀ ਬੇਸ਼ੁਮਾਰ ਹਨ ਪਰੰਤੂ ਇਥੇ ਮੈਂ ਇਹ ਆਖ਼ਰੀ ਨੁਕਤਾ ਵਿਚਾਰ ਕੇ ਸਮਾਪਤੀ ਕਰਨੀ ਚਾਹਾਂਗੀ। ਸ਼੍ਰੋਮਣੀ ਕਮੇਟੀ ਜਿਹੀ ਸੌ ਸਾਲ ਪੁਰਾਣੀ, ਮਾਣਮੱਤੀ, ਜੰਗਜੂ ਇਤਿਹਾਸ ਸਿਰਜਣ ਵਾਲੀ, ਸ਼ਾਨਦਾਰ ਕੀਰਤੀਮਾਨ ਸਥਾਪਤ ਕਰਨ ਵਾਲੀ ਤੇ ਕੁਰਬਾਨੀਆਂ ਦਾ ਨਵਾਂ ਖਰੜਾ ਸਿਰਜਣ ਵਾਲੀ ਸੰਸਥਾ ਦੇ ਪ੍ਰਧਾਨ ਦੀ ਚੋਣ ਦੀ ਪ੍ਰਕਿਰਿਆ ਕੀ ਹੈ? ਚੋਣ ਦਾ ਆਧਾਰ ਕੀ ਹੈ- ਚਾਪਲੂਸੀ, ਖ਼ੁਸ਼ਾਮਦ, ਤਰਫ਼ਦਾਰੀ, ਵੋਟਾਂ ਅਤੇ ਹੋਰ ਕਈ ਕੁਝ। ਸਿੱਖਾਂ ਦੀ ਮਿੰਨੀ ਪਾਰਲੀਮੈਂਟ ਹੋਵੇ ਤੇ ਗੁਰਦਵਾਰਿਆਂ ਅੰਦਰ ਤੇ ਸਿੱਖਾਂ ਵਿਚ ਇਹੋ ਜਿਹਾ ਨਿਘਾਰ, ਗਿਰਾਵਟ, ਪਤਿਤਪੁਣਾ, ਲੱਚਰਤਾ ਤੇ ਬਦਇੰਤਜ਼ਾਮੀ ਹੋਵੇ!

ਕਿੰਨੀਆਂ ਸ਼ਤਾਬਦੀਆਂ ਸਾਡੀਆਂ ਬਰੂਹਾਂ 'ਤੇ ਦਸਤਕ ਦੇ ਕੇ ਲੰਘ ਗਈਆਂ ਹਨ, ਲੰਘ ਰਹੀਆਂ ਹਨ ਤੇ ਸਾਡੀ ਪੁਰਾਤਨ ਤੇ ਸ਼ਾਨਾਮਤੀ ਹੋਣ ਦੀਆਂ ਡੀਂਗਾਂ ਮਾਰਦੀ ਇਹ ਸੰਸਥਾ ਸਥਾਈ ਪ੍ਰਾਪਤੀ ਵਜੋਂ ਕੀ ਕਰ ਰਹੀ ਹੈ? ਕਿਹੜਾ ਨਵਾਂ ਇਤਿਹਾਸ ਲਿਖਵਾਇਆ ਗਿਆ ਹੈ ਜਾਂ ਕਰਾਮਾਤੀ ਕਹਾਣੀਆਂ ਤੇ ਰਲਾਵਟਾਂ-ਮਿਲਾਵਟਾਂ ਵਾਲੇ ਇਤਿਹਾਸ ਨੂੰ ਹੀ ਸਾਡੀਆਂ ਡਿਜ਼ੀਟਲ ਪੀੜੀਆਂ ਨੂੰ ਪਰੋਸਦੀ ਤੁਰੀ ਜਾਵੇਗੀ? ਨਵੇਂ ਯੁਗ ਦੇ ਬੱਚਿਆਂ, ਨੌਜਵਾਨਾਂ ਤੇ ਵੱਡਿਆਂ ਲਈ ਕੀ ਪ੍ਰੋਗਰਾਮ ਹੈ? ਵਿਚਾਰਾਂ ਤੇ ਸਰੂਪ ਪੱਖੋਂ ਪਤਿਤਤਾ ਰੋਕਣ ਦੀ ਕੀ ਤਿਆਰੀ ਹੈ? ਆਪਣੇ ਗੌਰਵਮਈ ਵਿਰਸੇ ਨਾਲ ਵਾਸਤਾ ਕਰਨ ਲਈ ਕਿਹੜੇ ਸਾਧਨ ਅਪਣਾਏ ਜਾ ਰਹੇ ਹਨ। ਗੁਰਦਵਾਰਾ ਪ੍ਰਬੰਧ ਵਿਚ ਬਹੁਤਾਤ ਕਮੀਆਂ, ਕਮਜ਼ੋਰੀਆਂ, ਆਪਹੁਦਰੀਆਂ ਅਤੇ ਮਨਮਾਨੀਆਂ ਦੇ ਚਲਦਿਆਂ ਕਮੇਟੀ ਪ੍ਰਧਾਨ ਦਾ ਸਿਆਸਤ ਨਾਲ ਕਾਹਦਾ ਜੋੜ ਮੇਲ? ਗੁਰੂ ਪਾਤਿਸ਼ਾਹਾਂ ਨੇ ਮੀਰੀ ਤੇ ਪੀਰੀ ਦਾ ਸੁਮੇਲ ਜ਼ਰੂਰ ਕੀਤਾ ਸੀ ਪਰ ਧਰਮ ਦਾ ਝੰਡਾ ਸ੍ਰੀ ਦਰਬਾਰ ਸਾਹਿਬ ਸਮੂਹ ਵਿਚ ਵੀ ਉੱਚਾ ਹੈ ਤੇ ਮੀਰੀ ਦਾ ਨੀਵਾਂ। ਫਿਰ ਮੀਰੀ ਪੀਰੀ ਤੇ ਕਾਬਜ਼ ਕਿਉਂ? ਧਰਮ ਸਿਆਸਤ ਹੇਠਾਂ ਕਿਉਂ ਮਧੋਲਿਆ ਪਿਆ ਹੈ? ਧਰਮ ਕਿਉਂ ਹਾਰ ਰਿਹਾ ਹੈ? ਈਸਾਈਅਤ ਪਸਰ ਰਹੀ ਹੈ, ਅਣਮਤ ਬੁਲੰਦੀਆਂ 'ਤੇ ਹੈ ਪਰ ਸਿੱਖੀ ਹਰ ਪਾਸਿਓ ਸੁੰਗੜ ਰਹੀ ਹੈ। ਸਮੁੱਚੇ ਤੌਰ 'ਤੇ ਇਹੀ ਕਿਹਾ ਜਾ ਸਕਦਾ ਹੈ ਕਿ ਮੌਜੂਦਾ ਸਮੇਂ ਦੀਆਂ ਕੋਰੋਨਾ ਕਾਲ ਦੀਆਂ ਦੁਸ਼ਵਾਰੀਆਂ, ਉਜਾੜੇ, ਬੇਚੈਨੀ ਅਤੇ ਪਰੇਸ਼ਾਨੀ ਤੋਂ ਇਲਾਵਾ, ਜਿਹੜਾ ਮੁੱਦਾ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਲਈ ਨਵੀਆਂ ਮੁਸੀਬਤਾਂ ਲੈ ਕੇ ਆਇਆ ਹੈ ਉਹ ਹੈ ਨਿੱਤ ਦਿਨ ਵਧ ਰਹੀਆਂ ਬੇਅਦਬੀ ਦੀਆਂ ਵਾਰਦਾਤਾਂ। ਅਜੇ ਪਹਿਲੀਆਂ ਹੀ ਇਕ ਗੁੰਝਲਦਾਰ ਬੁਝਾਰਤ ਬਣੀਆਂ ਹੋਈਆਂ ਹਨ ਜਿੱਥੇ ਸਿਆਸਤ, ਸਿਆਸਤ ਤੇ ਸਿਆਸਤ ਹੀ ਹਾਵੀ ਹੈ ਪਰ ਰੱਬ ਭੁੱਲੀ ਬੈਠੇ ਸਾਡੇ ਨੇਤਾਗਣ ਕਦੋਂ ਆਪਣੀ ਸੁੱਤੀ ਜ਼ਮੀਰ ਨੂੰ ਜਗਾਉਣਗੇ? ਕਦੋਂ ਇਨ੍ਹਾਂ ਨੂੰ ਇਸ ਬੇਸ਼ਕੀਮਤੀ ਧਰਮ, ਸ਼ਾਨਾਮੱਤੇ ਇਤਿਹਾਸ ਅਤੇ ਰਸ਼ਕਯੋਗ ਵਿਰਸੇ ਦੀ ਸੋਝੀ ਹੋਵੇਗੀ? ਕਦੋਂ ਇਹ ਗੁਰੂ ਦੇ ਭੈਅ ਅਤੇ ਭਾਵਨੀ ਵਿਚ ਆ ਕੇ, ਸੱਚੇ ਦਿਲੋਂ ਅਤੇ ਆਜ਼ਾਦਾਨਾ ਢੰਗ ਨਾਲ ਆਪਣੇ ਫਰਜ਼ਾਂ ਪ੍ਰਤੀ ਸਮਰਪਿਤ ਹੋਣਗੇ? ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਤੋਂ ਦੁਨੀਆ ਭਰ ਵਿਚ ਖਿੱਲਰੀਆਂ ਕਰੋੜਾਂ ਗੁਰੂ ਨਾਨਕ ਨਾਮ-ਲੇਵਾ ਸੰਗਤਾਂ ਤੇ ਪੰਜਾਬੀਆਂ ਨੂੰ ਕਿਸੇ ਚੰਗੀ ਉਮੀਦ ਦੀ ਉਡੀਕ ਹੈ ਤਾਂ ਜੋ ਅਕਹਿ ਤੇ ਅਸਹਿ ਕਸਟ ਸਹਾਰ ਕੇ ਹੋਂਦ ਵਿਚ ਲਿਆਂਦੀ ਇਸ ਵੱਕਾਰੀ ਸੰਸਥਾ ਦਾ ਸ਼੍ਰੋਮਣੀ ਪੁਣਾ ਬਰਕਰਾਰ ਰਹਿ ਸਕੇ।

-0-

# ਗਨੀ ਖ਼ਾਂ-ਨਬੀ ਖ਼ਾਂ

**ਅਲੀ ਰਾਜਪੁਰਾ # 094176-79302**

ਗੁਰੂ ਸਾਹਿਬ ਚਮਕੌਰ ਦੀ ਗੜ੍ਹੀ ਛੱਡਣ ਉਪਰੰਤ ਜੰਗਲਾਂ 'ਚੋਂ ਹੁੰਦੇ ਹੋਏ ਮਾਛੀਵਾੜੇ ਆਣ ਪਹੁੰਚੇ। ਉਸ ਵੇਲੇ ਮੁਗ਼ਲ ਫੌਜਾਂ ਗੁਰੂ ਜੀ ਨੂੰ ਭਾਲਦੀਆਂ ਫਿਰ ਰਹੀਆਂ ਸਨ। ਜਨਤਾ ਡਰੀ ਹੋਈ ਸੀ ਕੋਈ ਵੀ ਗੁਰੂ ਜੀ ਨੂੰ ਆਪਣੇ ਕੋਲ ਰੱਖਣ ਦੀ ਜੁਅਰਤ ਨਹੀਂ ਸੀ ਕਰ ਰਿਹਾ। ਉਸ ਵਕਤ ਗੁਰੂ ਜੀ ਨੇ ਗੁਲਾਬਾ ਮਸੰਦ ਪਾਸ ਠਹਿਰ ਕੀਤੀ ਪਰ ਗੁਲਾਬਾ ਵੀ ਸ਼ਾਹੀ ਫ਼ੌਜਾਂ ਤੋਂ ਭੈਅ ਖਾ ਗਿਆ ਸੀ। ਉਸ ਨੇ ਅੰਤ ਨੂੰ ਗੁਰੂ ਜੀ ਨੂੰ ਆਪਣੇ ਕੋਲ ਰੁੱਕਣ ਤੋਂ ਨਾਂਹ ਕਰ ਦਿੱਤੀ ਸੀ। ਜ਼ਿਲ੍ਹਾ ਲੁਧਿਆਣਾ ਦੇ ਕਸਬਾ ਮਾਛੀਵਾੜਾ ਦੇ ਵਸਨੀਕ ਦੋ ਰੁਹੇਲੇ ਪਠਾਣ ਭਰਾ ਗਨੀ ਖ਼ਾਂ ਤੇ ਨਬੀ ਖ਼ਾਂ ਜਿਨ੍ਹਾਂ ਨੇ ਗੁਰੂ ਜੀ ਦੀ ਸੇਵਾ ਦੀ ਜ਼ਿੰਮੇਵਾਰੀ ਆਪਣੇ ਜ਼ਿੰਮੇ ਲੈ ਲਈ ਸੀ। ਉਂਝ ਇਨ੍ਹਾਂ ਦਾ ਗੁਰੂ ਜੀ ਨਾਲ ਬਹੁਤ ਸਨੇਹ ਸੀ ਇਹ ਅਕਸਰ ਹੀ ਗੁਰੂ ਜੀ ਕੋਲ਼ ਅਨੰਦਪੁਰ ਸਾਹਿਬ ਆਉਂਦੇ-ਜਾਂਦੇ ਰਹਿੰਦੇ ਸਨ।

ਜਦੋਂ ਮੁਗ਼ਲਾਂ ਨੇ ਘੇਰਾਬੰਦੀ ਕੀਤੀ ਸੀ ਤਾਂ ਇਨ੍ਹਾਂ ਦੀ ਸਲਾਹ ਨਾਲ ਹੀ ਮਾਈ ਗੁਰਦਈ ਵੱਲੋਂ ਭੇਟ ਕੀਤੇ ਨੀਲੇ ਰੰਗ ਦੇ ਖੱਦਰ ਦੀਆਂ ਪੋਸ਼ਾਕਾਂ ਬਣਾਈਆਂ ਗਈਆਂ। ਗੁਰੂ ਜੀ ਅਤੇ ਉਨ੍ਹਾਂ ਦੇ ਸਾਥੀ ਮਾਨ ਸਿੰਘ, ਦਇਆ ਸਿੰਘ, ਧਰਮ ਸਿੰਘ ਨੇ ਇਹ ਪੋਸ਼ਾਕਾਂ ਪਹਿਣ ਲਈਆਂ ਤੇ ਕੇਸ ਪਿਛਾਂਹ ਵੱਲ ਨੂੰ ਖੋਲ੍ਹ ਲਏ ਤੇ ਤਿੰਨ ਸਿੰਘਾਂ ਤੇ ਦੋ ਪਠਾਣ ਭਰਾ (ਗਨੀ ਖ਼ਾਂ, ਨਬੀ ਖ਼ਾਂ) ਗੁਰੂ ਜੀ ਨੂੰ ਮੰਜੀ 'ਤੇ ਬਿਠਾ ਕੇ ਤੁਰ ਪਏ। ਰਾਹਗੀਰ ਜਦੋਂ ਗੁਰੂ ਜੀ ਬਾਰੇ ਪੁੱਛਦਾ ਸੀ ਤਾਂ ਇਹ ਆਖਦੇ, "ਇਹ ਉੱਚ ਦਾ ਪੀਰ ਐ"। ਪਿੰਡ ਦੇ ਨੇੜੇ ਇਕ ਸ਼ੱਕੀ ਮੁਗ਼ਲ ਫ਼ੌਜੀ ਸਰਦਾਰ ਦਲੇਲ ਖ਼ਾਂ ਨੇ ਸੱਚ-ਝੂਠ ਨਿਤਾਰਨ ਲਈ ਗੁਰੂ ਜੀ ਨੂੰ ਆਪਣੇ ਘਰ ਖਾਣੇ ਦੀ ਦਾਅਵਤ ਦਿੱਤੀ ਪਰ ਗੁਰੂ ਜੀ ਨੇ ਰੋਜ਼ਾ ਰੱਖਿਆ ਹੋਣ ਦਾ ਪੱਜ ਲਾ ਕੇ ਖਾਣਾ ਖਾਣ ਤੋਂ ਇਨਕਾਰ ਕਰ ਦਿੱਤਾ। ਪਰ ਇਨ੍ਹਾਂ ਦੇ ਬਾਕੀ ਸਾਥੀਆਂ ਨੇ ਪ੍ਰਸ਼ਾਦਾ ਛਕ ਲਿਆ ਸੀ।

ਦਲੇਲ ਖ਼ਾ ਦੀ ਫਿਰ ਵੀ ਤਸੱਲੀ ਨਾ ਹੋਈ ਤਾਂ ਉਸ ਨੇ ਆਪਣੇ ਇਕ ਵਿਸ਼ਵਾਸ ਪਾਤਰ ਕਾਜ਼ੀ ਚਿਰਾਗ਼ਦੀਨ ਸ਼ਾਹ ਅਜਨੇਰੀਆ, ਅਨਾਇਤ ਅਲੀ ਨੂਰਪੁਰੀਆ, ਕਾਜ਼ੀ ਪੀਰ ਮੁਹੰਮਦ ਸਲੋਹ ਵਾਲਾ ਨੂੰ ਮਾਛੀਵਾੜੇ ਸੱਦ ਲਿਆ। ਇਹ ਸਾਰੇ ਹੀ ਕਾਜ਼ੀ ਗੁਰੂ ਜੀ ਕੋਲ ਅਨੰਦਪੁਰ ਸਾਹਿਬ ਵਿਖੇ ਆਉਂਦੇ-ਜਾਂਦੇ ਰਹਿੰਦੇ ਸਨ। ਗੁਰੂ ਜੀ ਨੂੰ ਦੇਖ ਕੇ ਇਨ੍ਹਾਂ ਕਾਜ਼ੀਆਂ ਨੇ ਪਹਿਚਾਨਣੋਂ ਸਾਫ਼ ਇਨਕਾਰ ਕਰ ਦਿੱਤਾ। ਜਦ ਕਿ ਕਾਜ਼ੀਆਂ ਨੂੰ ਇਹ ਵੀ ਪਤਾ ਸੀ ਕਿ ਜੇ ਕਰ ਮੁਗ਼ਲ ਫੌਜੀ ਨੂੰ ਇਹ ਪਤਾ ਲੱਗ ਗਿਆ ਕਿ ਇਹ ਸਿੱਖਾਂ ਦਾ ਗੁਰੂ ਐ ਤੇ ਅਸੀਂ ਜਾਣ ਬੁੱਝ ਕੇ ਝੂਠ ਬੋਲਿਆ ਹੈ ਤਾਂ ਫਿਰ ਮੁਗ਼ਲ ਸਾਨੂੰ ਜਾਨੋਂ ਮਾਰ ਦੇਣਗੇ ਪਰ ਕਾਜ਼ੀਆਂ ਨੇ ਜਾਨ ਦੀ ਪ੍ਰਵਾਹ ਕੀਤੇ ਬਿਨਾਂ ਗੁਰੂ ਜੀ ਦਾ ਸਾਥ ਦਿੱਤਾ। ਗੁਰੂ ਜੀ ਨੇ ਕਾਜ਼ੀਆਂ ਦੇ ਅੰਦਰਲੇ ਡਰ ਨੂੰ ਸਮਝਦੇ ਹੋਇਆਂ ਸਹਿਜ ਸੁਭਾ ਕਿਹਾ ਸੀ ਕਿ ਇਹ ਫ਼ੌਜਾਂ ਤੁਹਾਡਾ ਕੁਝ ਨਹੀਂ ਵਿਗਾੜ ਸਕਣਗੀਆਂ। ਤੁਸੀਂ ਜਿਨ੍ਹਾਂ ਥਾਵਾਂ ਦੇ ਰਹਿਣ ਵਾਲੇ ਓ, ਉਹ ਥਾਵਾਂ ਨੂੰ ਕਦੇ ਤੱਤੀ ਵਾ ਨਹੀਂ ਲੱਗੇਗੀ ਤੇ ਚੜਦੀ ਕਲਾ 'ਚ ਰਹਿਣਗੀਆਂ।

ਜਦੋਂ ਮੁਗ਼ਲ ਫ਼ੌਜੀ ਦੀ ਤਸੱਲੀ ਹੋ ਗਈ ਤੇ ਕਾਜ਼ੀਆਂ ਦੀ ਸ਼ਨਾਖ਼ਤ 'ਤੇ ਭਰੋਸਾ ਹੋਇਆ ਤਾਂ ਉਸ ਨੇ ਗੁਰੂ ਜੀ ਤੋਂ ਅਦਬ ਸਤਿਕਾਰ ਨਾਲ ਮਾਫ਼ੀ ਮੰਗੀ ਤੇ ਵਿਦਾਈ ਦੇ ਦਿੱਤੀ। ਇਸ ਘਟਨਾ ਤੋਂ ਬਾਅਦ ਬਹੁਤੇ ਸ਼ਰਧਾਲੂ ਸ਼ਰਧਾਪੂਰਵਕ ਸਹਿਤ ਗੁਰੂ ਜੀ ਨੂੰ ਉੱਚ ਦਾ ਪੀਰ ਵੀ ਆਖਦੇ ਹਨ। ਇਨ੍ਹਾਂ ਭਾਰਾਵਾਂ ਦੀ ਕੁਰਬਾਨੀ ਨੂੰ ਸਿੱਖ ਇਤਿਹਾਸ ਵਿਚ ਵੀ ਆਦਰ ਸਹਿਤ ਯਾਦ ਕੀਤਾ ਜਾਂਦਾ ਹੈ, ਕਿਉਂਕਿ ਗੁਰੂ ਜੀ ਨੇ ਇਨ੍ਹਾਂ ਭਰਾਵਾਂ ਨੂੰ ਆਪਣੇ ਪੁੱਤਰਾਂ ਬਰਾਬਰ ਮੰਨਿਆ ਸੀ, ਤੇ ਉਦੋਂ ਖ਼ੁਸ਼ ਹੋ ਕੇ ਇਨ੍ਹਾਂ ਨੂੰ ਸੋਨੇ ਦੇ ਕੜਿਆਂ ਦੀ ਜੋੜੀ ਵੀ ਬਖਸ਼ਿਸ਼ ਕੀਤੀ ਤੇ ਨਾਲ ਹੁਕਮਨਾਮਾਂ ਜਾਰੀ ਕੀਤਾ ਸੀ ਸਰਬ ਸਿੱਖ ਸੰਗਤ ਦੇ ਨਾਮ। ਗਨੀ ਖ਼ਾਂ ਦੀ ਧੀ ਨੂੰ ਗੁਰੂ ਜੀ ਨੇ ਆਪਣੀ ਪੋਤੀ ਮੰਨਿਆ ਤੇ ਇਹ ਲੜਕੀ ਗੁਰੂ ਜੀ ਦੀ ਪੋਤੀ ਨਾਮ ਕਰਕੇ ਪ੍ਰਸਿੱਧ ਹੋਈ। ਸਮੂੰਹ ਸਿੱਖਾਂ ਵੱਲੋਂ ਇਨ੍ਹਾਂ ਭਰਾਵਾਂ ਤੇ ਇਹਨਾਂ ਦੀਆਂ ਪੀੜੀਆਂ ਨੂੰ ਬੇਅੰਤ ਸਤਿਕਾਰ ਦਿੱਤਾ ਜਾਂਦਾ ਹੈ। ਜਿਵੇਂ ਸਿੱਖ ਰਿਆਸਤਾਂ ਸਮੇਂ ਇਨ੍ਹਾਂ ਦੇ ਨਾਮ ਜ਼ਮੀਨ ਆਦਿ ਲੱਗੀ ਰਹੀ ਹੈ। ਦੇਸ਼ ਦੀ ਵੰਡ ਮਗਰੋਂ ਭਾਵੇਂ ਇਨ੍ਹਾਂ ਦੇ ਪਰਿਵਾਰ ਪਾਕਿਸਤਾਨ ਜਾ ਵਸੇ ਪਰ ਇਨ੍ਹਾਂ ਭਰਾਵਾਂ ਦੇ ਨਾਮ ਤੇ ਮਾਛੀਵਾੜੇ ਵਿੱਚ ਯਾਦਗਾਰੀ ਦਰਸ਼ਨੀ ਗੇਟ ਹੈ ਅਤੇ ਪੁਰਾਤਨ ਘਰ ਵਿੱਚ ਗੁਰੂ ਘਰ ਉਸਰਿਆ ਹੈ। ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੂੰ ਇਨ੍ਹਾਂ ਦੀ ਪੁਸ਼ਤ ਨੂੰ ਇੱਕ ਜਗੀਰ ਵੀ ਦਿੱਤੀ ਸੀ। ਇਨ੍ਹਾਂ ਦੇ ਪਰਿਵਾਰ ਕੋਲ ਅੱਜ ਵੀ ਉਹ ਹੁਕਮਨਾਮਾ ਸਾਂਭਿਆ ਪਿਆ ਦੱਸਿਆ ਜਾਂਦਾ ਹੈ।

ਜਿਵੇਂ ਪਿੱਛੋਂ ਪੜ੍ਹ ਆਏ ਹਾਂ ਕਿ ਉੱਚ ਦੇ ਪੀਰ ਦੀ ਸ਼ਨਾਖ਼ਤ ਲਈ ਮੁਗ਼ਲ ਫ਼ੌਜੀਆਂ ਨੇ ਤਿੰਨ ਕਾਜ਼ੀ ਸੱਦੇ ਸਨ, 1. ਕਾਜ਼ੀ ਚਿਰਾਗ ਦੀਨ ਸ਼ਾਹ ਅਜਨੇਰੀਆ, 2. ਅਨਾਇਤ ਅਲੀ ਨੂਰਪੁਰੀਆ, 3.ਕਾਜ਼ੀ ਪੀਰ ਮੁਹੰਮਦ ਸਲੋਹ ਵਾਲਾ ਇਨ੍ਹਾਂ ਕਾਜ਼ੀਆਂ ਦਾ ਪਿਛੋਕੜ ਕੁਝ ਇਸ ਤਰ੍ਹਾਂ ਹੈ।

**ਕਾਜ਼ੀ ਚਿਰਾਗ ਦੀਨ ਸ਼ਾਹ**

ਫਤਹਿਗੜ੍ਹ ਸਾਹਿਬ ਦਾ ਮਸ਼ਹੂਰ ਪਿੰਡ ਐ "ਅਜਨੇਰ" ਜਿਸ ਨੂੰ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੀ ਚਰਨਛੋਹ ਪ੍ਰਾਪਤ ਹੈ। ਇਹ ਖੰਨਾ ਤੋਂ ਲਗਭਗ 7-8 ਕਿਲੋਮੀਟਰ ਦੂਰੀ 'ਤੇ ਸਥਿਤ ਹੈ। ਛੇਵੀਂ ਪਾਤਸ਼ਾਹੀ ਦੀ ਯਾਦ 'ਚ ਗੁਰੂ ਘਰ ਉਸਰਿਆ ਹੈ ਜਿਸ ਨੂੰ ਨਾਂ ਦਿੱਤਾ ਗਿਆ ਹੈ, "ਗੁਰਦੁਆਰਾ ਸ੍ਰੀ ਰਜਾਣਾ ਸਾਹਿਬ ਪਾਤਸ਼ਾਹੀ ਛੇਵੀਂ" ਇਸੇ ਪਿੰਡ ਦਾ ਵਾਸੀ ਕਾਜ਼ੀ ਚਿਰਾਗ ਸ਼ਾਹ ਸੀ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਇਸ ਪਿੰਡ ਵਿਚ ਫੇਰੀ ਪਾਈ ਸੀ। ਕਾਜ਼ੀ ਚਿਰਾਗ ਦੀਨ ਸ਼ਾਹ ਗੁਰੂ ਸਾਹਿਬ ਪ੍ਰਤੀ ਬੇਅੰਤ ਸ਼ਰਧਾ ਰੱਖਦਾ ਸੀ ਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਹਾਜ਼ਰੀ ਭਰਦਾ ਹੁੰਦਾ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਅਨੰਦਪੁਰ ਸਾਹਿਬ ਛੱਡਣ ਦੀ ਘਟਨਾ ਅਤੇ ਚਮਕੌਰ ਸਾਹਿਬ ਦੇ ਘੇਰੇ ਬਾਰੇ ਸੁਣ ਕੇ ਡਾਢਾ ਦੁੱਖ ਲੱਗਾ ਤੇ ਇਹ ਗਨੀ ਖ਼ਾਂ ਤੇ ਨਬੀ ਖ਼ਾਂ ਕੋਲ ਪਹੁੰਚੇ ਸੀ। ਜਦੋਂ ਗੁਰੂ ਸਾਹਿਬ ਨੂੰ ਪੀਰ ਬਣਾ ਕੇ ਲਿਜਾਇਆ ਜਾ ਰਿਹਾ ਸੀ ਤਾਂ ਚੌਰ ਦੀ ਸੇਵਾ ਭਾਈ ਮਾਨ ਸਿੰਘ ਜੀ ਨੇ ਕੀਤੀ ਸੀ। ਓਦੋਂ ਹੀ ਇਹ ਗੁਰੂ ਸਾਹਿਬ ਨੂੰ ਪਿੰਡ 'ਅਜਨੇਰ' ਲੈ ਕੇ ਆਏ ਸੀ ਤੇ ਗੁਰੂ ਜੀ ਨੇ ਇਸ ਪਿੰਡ ਰਾਤ ਬਿਤਾਈ ਸੀ।

ਮਾਛੀਵਾੜੇ ਤੋਂ ਘੁੰਗਰਾਲੀ, ਅਜਨੇਰ, ਮਾਨੂੰਪੁਰਾ, ਕਟਾਣਾ ਸਾਹਿਬ ਤੋਂ ਰਾਮਪੁਰ ਹੁੰਦੇ ਅੱਗੇ ਵੱਲ ਨਿਕਲੇ ਸਨ। ਕਾਜ਼ੀ ਸਾਹਿਬ ਗੁਰੂ ਜੀ ਨਾਲ ਆਲਮਗੀਰ ਤੱਕ ਗਏ। ਜਦੋਂ ਇਸ ਗੱਲ ਦਾ ਸੂਬਾ ਸਰਹਿੰਦ ਨੂੰ ਪਤਾ ਲੱਗਾ ਤਾਂ "ਫ਼ਜ਼ਰ" ਦੀ ਨਮਾਜ਼ ਪੜ੍ਹਦੇ ਕਾਜ਼ੀ ਸਾਹਿਬ ਦਾ ਕਤਲ ਕਰਵਾ ਦਿੱਤਾ ਗਿਆ। ਅਜਨੇਰ ਪਿੰਡ 'ਚ ਅੱਜ ਵੀ ਕਾਜ਼ੀ ਸਾਹਿਬ ਦੀ ਕਬਰ ਬਣੀ ਹੋਈ ਹੈ। ਇਨ੍ਹਾਂ ਨੂੰ ਬਹੁਤੇ ਲੋਕ ਇਮਲੀ ਵਾਲਾ ਪੀਰ ਕਹਿ ਕੇ ਸਤਿਕਾਰ ਦਿੰਦੇ ਹਨ। ਕਿਉਂਕਿ ਇਨ੍ਹਾਂ ਦੇ ਘਰ ਕੋਲ ਇਮਲੀ ਦਾ ਬੂਟਾ ਹੁੰਦਾ ਸੀ। ਅੱਜ ਵੀ ਲੋਕ ਇਨ੍ਹਾਂ ਦੀ ਕਬਰ ਤੇ ਵੀਰਵਾਰ ਨੂੰ ਸਲਾਮ ਕਰਦੇ ਹਨ ਤੇ ਜੇਠ ਦੇ ਮਹੀਨੇ ਮੇਲਾ ਭਰਦਾ ਹੈ। ਇਸ ਕਬਰ ਦੁਆਲੇ ਲਗਭਗ 25 ਕਿੱਲੇ ਜ਼ਮੀਨ ਹੈ ਜਿਸ ਨੂੰ ਕੋਈ ਵੀ ਵਰਤੋਂ ਅਧੀਨ ਨਹੀਂ ਲੈ ਸਕਦਾ। ਇਸ ਕਬਰ ਦੀ ਦੇਖ-ਰੇਖ ਇਕ ਸਿੱਖ ਪਰਿਵਾਰ ਸ. ਗੁਰਮੇਲ ਸਿੰਘ ਕਰ ਰਿਹਾ ਹੈ। ਇਹੋ ਜਿਹੀ ਇਤਿਹਾਸਕ ਹਸਤੀ ਨੂੰ ਸਾਂਭਣ ਲਈ ਯੋਗ ਯਤਨ ਹੋਣੇ ਚਾਹੀਦੇ ਹਨ ਜਿਨ੍ਹਾਂ ਆਪਣੀ ਜਾਨ ਦੀ ਪ੍ਰਵਾਹ ਕੀਤੇ ਬਿਨਾਂ ਗੁਰੂ ਗੋਬਿੰਦ ਸਿੰਘ ਜੀ ਨਾਲ ਵਫ਼ਾ ਨਿਭਾ ਕੇ ਸਾਥ ਦਿੱਤਾ ਸੀ।

**ਅਨਾਇਤ ਅਲੀ ਨੂਰਪੁਰੀਆ**

ਮਾਛੀਵਾੜਾ ਦੇ ਨੇੜਲੇ ਪਿੰਡ ਨੂਰਪੁਰਾ ਦਾ ਵਾਸੀ ਸੀ ਕਾਜ਼ੀ ਅਨਾਇਤ ਅਲੀ, ਜਿਨ੍ਹਾਂ ਨੂੰ ਲੋਕ ਜ਼ਿਆਦਾ ਕਾਜ਼ੀ ਨੂਰਪੁਰੀਆ ਆਖਦੇ ਸਨ। ਦੱਸਿਆ ਜਾਂਦਾ ਹੈ ਕਿ "ਜਦੋਂ ਮੁਗ਼ਲ ਸਿਪਾਹੀ ਨੇ

ਕਾਜ਼ੀ ਨੂਰਪੁਰੀ ਨੂੰ ਸੱਦਿਆ ਕਿ ਸਿੱਖਾਂ ਦੇ ਦਸਵੇਂ ਗੁਰੂ ਦੀ ਭਾਲ ਵਿਚ ਇਕ ਉੱਚ ਦੇ ਪੀਰ ਦੀ ਸ਼ਨਾਖ਼ਤ ਕਰਨੀ ਹੈ ਤਾਂ ਇੰਨਾ ਸੁਣ ਕੇ ਕਾਜ਼ੀ ਜੀ ਦੇ ਹੱਥੋਂ ਪਾਣੀ ਦਾ ਲੋਟਾ ਡਿੱਗ ਪਿਆ ਸੀ। ਇਨ੍ਹਾਂ ਨੇ ਭਾਵੇਂ (ਕਾਜ਼ੀ ਜੀ ਨੇ) ਗੁਰੂ ਜੀ ਨੂੰ ਪਛਾਣ ਲਿਆ ਸੀ ਪਰ ਫੇਰ ਵੀ ਕਿਹਾ ਸੀ ਕਿ, "ਉਹ ਉੱਚ ਦਾ ਪੀਰ ਐ।ਕਾਜ਼ੀ ਜੀ ਦੀ ਯਾਦ 'ਚ ਪਿੰਡ ਵਾਸੀਆਂ ਨੇ "ਗਵਾਹੀ ਸਾਹਿਬ" ਪਾਤਸ਼ਾਹੀ ਦਸਵੀਂ ਗੁਰੂ ਘਰ ਉਸਾਰਿਆ ਹੈ। ਇਸ ਤੋਂ ਪਹਿਲਾਂ ਇਨ੍ਹਾਂ ਦੇ ਪਿੰਡ ਕਾਜ਼ੀ ਜੀ ਦੀ ਯਾਦ ਵਿਚ ਕੋਈ ਮਜ਼ਾਰ ਜਾਂ ਯਾਦਗਾਰ ਨਹੀਂ ਸੀ ਉਸਰੀ। ਬਹੁਤੇ ਪਿੰਡ ਵਾਸੀ ਇਸ ਮਹਾਨ ਸ਼ਖ਼ਸੀਅਤ ਤੋਂ ਅਣਜਾਣ ਹਨ। ਕੁਝ ਇਤਿਹਾਸਕ ਪੁਸਤਕਾਂ ਦੇ ਤੱਥਾਂ ਦੇ ਆਧਾਰ 'ਤੇ ਇਨ੍ਹਾਂ ਸਤਰਾਂ ਨੂੰ ਲਿਖਿਆ ਜਾ ਰਿਹਾ ਹੈ।

**ਕਾਜ਼ੀ ਪੀਰ ਮੁਹੰਮਦ**

ਪਿੰਡ ਸਲੋਹ ਦੇ ਬਸ਼ਿੰਦੇ ਸਨ ਕਾਜ਼ੀ ਪੀਰ ਮੁਹੰਮਦ ਜੀ।ਇਹ ਪਿੰਡ ਨਵਾਂ ਸ਼ਹਿਰ ਤੋਂ ਦੱਖਣ ਵੱਲ ਨੂੰ ਕਰੀਬ ਦੋ ਕਿਲੋਮੀਟਰ ' ਤੇ ਵਸਿਆ ਹੈ। ਇਹ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਅਰਬੀ ਫ਼ਾਰਸੀ ਦੇ ਉਸਤਾਦ ਸਨ ਜਿਨ੍ਹਾਂ ਗੁਰੂ ਜੀ ਨੂੰ ਅਰਬੀ ਅਤੇ ਫ਼ਾਰਸੀ ਦਾ ਗਿਆਨ ਗ੍ਰਹਿਣ ਕਰਵਾਇਆ। ਕਾਜ਼ੀ ਸਾਹਿਬ ਗੁਰੂ ਜੀ ਨੂੰ ਪੜ੍ਹਾਉਣ ਲਈ ਸ੍ਰੀ ਅਨੰਦਪੁਰ ਸਾਹਿਬ ਜਾਇਆ ਕਰਦੇ ਸਨ। ਇਨ੍ਹਾਂ ਨੇ ਆਖ਼ਰੀ ਸਾਹ ਵੀ ਆਪਣੇ ਪਿੰਡ ਸਲੋਹ ਵਿਖੇ ਲਿਆ ਤੇ ਇਨ੍ਹਾਂ ਨੂੰ ਖ਼ਾਕ-ਏ-ਸਪੁਰਦ ਵੀ ਸਲੋਹ ਵਿਚ ਹੀ ਕੀਤਾ ਗਿਆ ਸੀ। ਪਰ ਇਸ ਦੀ ਪੱਕੀ ਜਾਣਕਾਰੀ ਕਿਤੋਂ ਨਹੀਂ ਮਿਲਦੀ।ਉਂਝ ਪਿੰਡ ਦੇ ਬਜ਼ੁਰਗਾਂ ਦਾ ਮੰਨਣਾ ਹੈ ਕਿ ਇਹ ਸਾਰਾ ਪਿੰਡ ਮੁਸਲਮਾਨਾਂ ਦਾ ਸੀ। ਇਸ ਪਿੰਡ ਅੱਜ ਵੀ ਤਿੰਨ ਮਸੀਤਾਂ ਜਿਉਂ ਦੀ ਤਿਉਂ ਸਾਂਭ ਸੰਭਾਲ ਹੇਠ ਹਨ ਭਾਵੇਂ ਇੱਥੇ ਇਕ ਵੀ ਘਰ ਮੁਸਲਮਾਨਾਂ ਦਾ ਨਹੀਂ। ਇਹਨਾਂ ਤਿੰਨ ਮਸੀਤਾਂ 'ਚੋਂ ਦੋ ਮਸੀਤਾਂ ਨੂੰ ਬਹੁਤ ਖ਼ੂਬਸੂਰਤ ਦਿੱਖ ਵਿਚ ਸਾਂਭਿਆ ਹੋਇਆ ਹੈ। ਜਤਿੰਦਰ ਸਿੰਘ ਗਿੱਲ ਜਿਹੜੇ ਪੱਕੇ ਤੌਰ 'ਤੇ ਕੈਨੇਡਾ ਵਾਸੀ ਹੋਣ ਕਰਕੇ ਇਕ ਮਸੀਤ ਦੀ ਦੇਖ-ਰੇਖ ਇਕ ਪੱਕੇ ਸੇਵਾਦਾਰ ਰਾਹੀਂ ਕਰਵਾ ਰਹੇ ਹਨ।

-0-

# ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ

-ਨਿਰਮਲ ਸਿੰਘ ਸੁਰ ਸਿੰਘ 98885-20250

**ਬਾਣੀ** ਦਾ ਅਰਥ ਹੈ ਬੋਲ।

**ਸੱਚ** ਤੋਂ ਮੁਰਾਦ ਜੋ ਸਮੇਂ ਦੇ ਪ੍ਰਭਾਵ ਤੋਂ ਮੁਕਤ ਹੈ।

**ਸੱਚੀ ਬਾਣੀ** ਗੁਰਬਾਣੀ, ਸ਼ਬਦ ਗੁਰੂ ਦੀ ਸਦੀਵ ਕਾਲ ਸਿੱਖਿਆ ਜੋ ਸਿੱਖ ਦੇ ਜੀਵਨ ਦੀ ਘਾੜਤ ਘੜਣ ਦੇ ਸਮਰੱਥ ਹੈ।

ਗੁਰਬਾਣੀ ਸੱਚ **ਮੈ ਕਹਿਆ ਸਭੁ ਹੁਕਮਾਉ ਜੀਉ॥ (763)** ਹੀ ਸੱਚੀ ਬਾਣੀ ਹੈ।

ਇਸ ਬਾਣੀ ਸਬੰਧੀ ਕੁੱਝ ਹੋਰ ਸ਼ਬਦ ਜੋ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵਰਤੇ ਗਏ ਹਨ।

ਅੰਮ੍ਰਿਤ ਬਾਣੀ,  
ਧੁਰ ਕੀ ਬਾਣੀ,  
ਖਸਮ ਕੀ ਬਾਣੀ,  
ਗੁਰ ਕੀ ਬਾਣੀ,  
ਸਤਿਗੁਰ ਕੀ ਬਾਣੀ,  
ਉਤਮ ਬਾਣੀ,  
ਬਾਣੀ ਨਿਰੰਕਾਰ,  
ਰੂੜੀ ਬਾਣੀ,  
ਕੋਮਲ ਬਾਣੀ,  
ਨਿਰਮਲ ਬਾਣੀ,  
ਮਧੁਰਾੜੀ ਬਾਣੀ,

ਇਨ੍ਹਾਂ ਸ਼ਬਦਾਂ ਤੋਂ ਇਲਾਵਾ ਧੁਰ ਦਰਗਾਹੀ ਅਕਾਲੀ ਬਾਣੀ ਲਈ "ਸੱਚ ਕੀ ਬਾਣੀ" ਅਤੇ "ਸੱਚੀ ਬਾਣੀ" ਸ਼ਬਦ ਵੀ ਆਏ ਹਨ।

ਸੱਚੀ ਬਾਣੀ ਨੂੰ ਗਾਉਣ ਸਬੰਧੀ ਗੁਰੂ ਨਾਨਕ ਨਾਮ ਲੇਵਾ ਸੰਗਤ ਲਈ ਗੁਰਬਾਣੀ ਵਿੱਚ ਖਾਸ ਹਦਾਇਤ ਵੀ ਕੀਤੀ ਗਈ ਹੈ, ਗੁਰਦੇਵ ਜੀ ਫੁਰਮਾਉਂਦੇ ਹਨ।

**ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ**  
**ਗਾਵਹੁ ਸਚੀ ਬਾਣੀ ॥ (920)**

ਇਸ ਗੁਰੂ ਵਾਕ ਤੋਂ ਸਪੱਸ਼ਟ ਹੈ ਕਿ ਸੱਚੀ ਬਾਣੀ ਤੋਂ ਇਲਾਵਾ ਕੱਚੀ ਵੀ ਹੋ ਸਕਦੀ ਹੈ, ਕੱਚੀ ਬਾਣੀ ਪੜਣ, ਸੁਨਣ ਵਾਲਿਆਂ ਨੂੰ ਵੀ ਕੱਚੇ ਕਿਹਾ ਗਿਆ ਹੈ।

**ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥**  
**ਬਾਣੀ ਤ ਕਚੀ ਸਤਿਗੁਰੂ ਬਾਝਹੁ**  
**ਹੋਰ ਕਚੀ ਬਾਣੀ॥**  
**ਕਹਦੇ ਕਚੇ ਸੁਣਦੇ ਕਚੇ**  
**ਕਚੀਂ ਆਖਿ ਵਖਾਣੀ ॥**  
**ਹਰਿ ਹਰਿ ਨਿਤ ਕਰਹਿ ਰਸਨਾ**  
**ਕਹਿਆ ਕਛੂ ਨ ਜਾਣੀ ॥**  
**ਚਿਤੁ ਜਿਨ ਕਾ ਹਿਰਿ ਲਇਆ**  
**ਮਾਇਆ ਬੋਲਨਿ ਪਏ ਰਵਾਣੀ ॥**  
**ਕਹੈ ਨਾਨਕੁ ਸਤਿਗੁਰੂ ਬਾਝਹੁ**  
**ਹੋਰ ਕਚੀ ਬਾਣੀ ॥ (920)**

ਕੱਚ ਘਰੜ, ਅਰਥ ਹੀਣ ਮਨਘੜਤ ਰਚਨਾਵਾਂ ਤੇ ਗੈਰ ਸਿਧਾਂਤਕ ਚਬੋਲ ਕਦੇ ਵੀ ਸੱਚੀ ਬਾਣੀ ਦਾ ਰੁਤਬਾ ਪ੍ਰਾਪਤ ਨਹੀਂ ਕਰ ਸਕਦੇ।

ਚੰਗੀ ਤੁੱਕ ਬੰਦੀ ਵਾਲੀ ਕਵਿਤਾ ਵੀ "ਸੱਚੀ ਬਾਣੀ " ਨਹੀਂ ਅਖਵਾ ਸਕਦੀ, ਕਿਉਂਕਿ ਗੁਰਮਤਿ ਵਿਚਾਰਧਾਰਾ ਹੀ ਸਿੱਖ ਦੇ ਜੀਵਨ ਦੀ ਅਸਲ ਅਗਵਾਈ ਕਰਦੀ ਹੈ। ਗੁਰਬਾਣੀ ਪਰਮ ਸੱਚ ਹੈ ਤੇ ਇਸਦੇ ਤੁੱਲ ਕਿਸੇ ਹੋਰ ਰਚਨਾ ਦੀ ਪੱਖ ਪੂਰਤੀ ਕਰਨਾ ਵੀ ਭਾਰੀ ਭੁੱਲ ਹੈ।

ਸਤਿਗੁਰੂ ਦੀ ਬਾਣੀ ਰੱਬੀ ਸਰੂਪ ਹੈ ਤੇ ਧਰਮੀ ਜਗਿਆਸੂ ਨੇ ਇਸ ਵਿੱਚ ਅਭੇਦ ਹੋਣਾ ਹੈ। ਬਾਣੀ ਨਿਰੰਕਾਰ ਦੇ ਤੁੱਲ ਹੋਰ ਕੱਚੇ ਪਿੱਲ੍ਹੇ ਬੇਸ਼ੱਕ ਲੱਖ ਦਾਅਵੇ ਕਰੀ ਜਾਣ ਪਰ ਉਹ ਮਾਨਵੀ ਏਕਤਾ ਦੀ ਮੁੱਦਈ ਤੇ ਜਗਤ ਗੁਰੂ ਬਾਬੇ ਦੀ ਰਚਨਾ ਦੇ ਬਰਾਬਰ ਕਿਸੇ ਪ੍ਰਕਾਰ ਵੀ ਨਹੀਂ ਪੁੱਜ ਸਕਦੇ।

**ਸਤਿਗੁਰ ਕੀ ਬਾਣੀ**  
**ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥**  
**ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ**  
**ਸੇ ਕੂੜਿਆਰ ਕੂੜੇ ਝੜਿ ਪੜੀਐ ॥**  
**ਓਨ੍ਹਾ ਅੰਦਰਿ ਹੋਰੁ ਮੁਖਿ ਹੋਰੁ ਹੈ**  
**ਬਿਖੁ ਮਾਇਆ ਨੋ ਝਖਿ ਮਰਦੇ ਕੜੀਐ ॥**  
**(304)**

ਨਿਰਮਲ ਪੰਥ ਦੀ ਵਿਆਖਿਆ ਲਈ ਤਿਆਰ ਹੋਏ ਏਕਤਾ ਦੇ ਮੁਜੱਸਮੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸਮੇਂ ਗੁਰੂ ਅਰਜਨ ਸਾਹਿਬ ਜੀ ਦੇ ਕੋਲ ਚਾਰ ਅਖੌਤੀ ਭਗਤ ਕ੍ਹਾਨਾ, ਪੀਲੂ, ਛੱਜੂ ਤੇ ਸ਼ਾਹ ਹੁਸੈਨ ਵੀ ਆਪਣੀ ਰਚਨਾ ਲੈ ਕੇ ਆਏ ਸਨ।

ਗੁਰਮਤਿ ਦ੍ਰਿਸ਼ਟੀਕੋਣ ਤੋਂ ਉਲਟ ਇਸ ਰਚਨਾ ਦਾ ਨਮੂਨਾ ਜਦੋਂ ਗੁਰੂ ਅਰਜਨ ਸਾਹਿਬ ਜੀ ਨੇ ਪਰਖ ਕੇ ਵੇਖਿਆ ਤਾਂ ਇਸਨੂੰ ਪੀਉ ਦਾਦੇ ਕੇ ਅਮੋਲਕ ਖ਼ਜ਼ਾਨੇ ਵਿੱਚ ਸ਼ਾਮਲ ਕਰਨ ਤੋਂ ਸਪੱਸ਼ਟ ਤੌਰ ਤੇ ਨਾਂਹ ਕਰ ਦਿੱਤੀ।

ਕਿਉਂਕਿ ਸੱਚੀ ਬਾਣੀ ਦਾ ਸਮੁੱਚਾ ਸੰਗ੍ਰਹਿ ਸਚਿਆਰ ਜੀਵਨ ਜੁਗਤੀ ਨੂੰ ਦ੍ਰਿੜ ਕਰਾਉਂਦਾ ਹੈ ਅਤੇ ਇਸ ਤੋਂ ਚੜ੍ਹਦੀ ਕਲਾ ਦੀ ਅਗਵਾਈ ਮਿਲਦੀ ਹੈ, ਏਥੇ ਢਹਿੰਦੀ ਕਲਾ ਤੇ ਨਿਰਾਸਤਾ ਨੂੰ ਕਿਸੇ ਪ੍ਰਕਾਰ ਦੀ ਕੋਈ ਥਾਂ ਨਹੀਂ ਜੋ ਕਿ ਅਖੌਤੀ ਚਾਰ ਭਗਤਾਂ ਦੀ ਰਚਨਾ ਤੋਂ ਸਪੱਸ਼ਟ ਝਲਕ ਰਹੀ ਸੀ।

ਕਈ ਵਾਰ ਤਾਂ ਇਸ ਸਾਰੇ ਕਾਸੇ ਨੂੰ ਸਮਝਣ ਦੀ ਥਾਂ ਅਸੀਂ ਬੇਹੁਦਰੀਆਂ ਦਲੀਲਾਂ ਦਿੰਦੇ ਹਾਂ ਤੇ ਝੱਟ ਭਾਈ ਗੁਰਦਾਸ ਜੀ ਵਰਗੇ ਸਿੱਖਾਂ ਤੇ ਸਵਾਲ ਖੜੇ ਕਰਦੇ ਹਾਂ ਕਿ ਫਿਰ ਉਹਨਾਂ ਦੀ ਰਚਨਾ ਕਿਉਂ ਗਾਈ ਤੇ ਪੜ੍ਹੀ ਜਾਂਦੀ ਹੈ ?

ਇਹ ਸਾਡੀ ਆਗਿਆਨਤਾ ਦੀ ਸਿਖ਼ਰ ਨਹੀਂ ਤਾਂ ਹੋਰ ਕੀ ਹੈ ?

ਕਿਉਂਕਿ ਭਾਈ ਗੁਰਦਾਸ ਜੀ ਗੁਰੂ ਘਰ ਦੇ ਅਨਿੰਨ ਸੇਵਕ ਸਿੱਖ ਸਨ ਉਹਨਾਂ ਦੀ ਰਚਨਾ ਵਾਰਾਂ ਤੇ ਕਬਿੱਤ ਆਪਣੇ ਆਪ ਵਿੱਚ ਉੱਤਮ ਮਿਸਾਲ ਹਨ। ਕੋਈ ਕੱਚ ਘਰੜ ਰਚਨਾ ਜਾਂ ਧਾਰਨਾ ਭਾਈ ਗੁਰਦਾਸ ਜੀ ਵਰਗੇ ਮਹਾਨ ਗੁਰਸਿੱਖ ਦੀ ਬਰਾਬਰੀ ਕਿਵੇਂ ਕਰ ਸਕਦੀ ਹੈ ?

ਯਾਦ ਰਹੇ ! ਸਿੱਖ ਰਹਿਤ ਮਰਯਾਦਾ ਦੇ ਪੰਨਾ 15 ਤੇ ਕੀਰਤਨ ਦੇ ਸਿਰਲੇਖ ਹੇਠਾਂ ਭਾਗ (ੲ) ਤੇ ਇੰਞ ਲਿਖਿਆ ਹੈ:

(ੲ) ਸੰਗਤ ਵਿਚ ਕੀਰਤਨ ਕੇਵਲ ਗੁਰਬਾਣੀ ਜਾਂ ਇਸ ਦੀ ਵਿਆਖਿਆ ਸਰੂਪ ਰਚਨਾ ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ ਦੀ ਬਾਣੀ ਦਾ ਹੀ ਹੋ ਸਕਦਾ ਹੈ।

ਜ਼ਰੂਰੀ ਹਦਾਇਤ ਹਵਾਲਾ (ਸਿੱਖ ਰਹਿਤ ਮਰਿਯਾਦਾ)

(ਸ) ਸ਼ਬਦਾਂ ਨੂੰ ਜੋਟੀਆਂ ਦੀ ਧਾਰਨਾ ਜਾਂ ਰਾਗ ਨਾਲ ਪੜਦਿਆਂ ਬਾਹਰ ਦੀਆਂ ਮਨਘੜਤ ਤੇ ਵਾਧੂ ਤੁਕਾਂ ਲਾ ਕੇ ਧਾਰਨਾ ਲਾਉਣੀ ਜਾਂ ਗਾਉਣਾ ਅਯੋਗ ਹੈ। ਸ਼ਬਦ ਦੀ ਤੁੱਕ ਹੀ ਧਾਰਨਾ ਬਣਾਈ ਜਾਵੇ।

ਇੱਕ ਹੋਰ ਬੜੀ ਕੋਝੀ ਤੇ ਅਰਥਹੀਣ ਦਲੀਲ ਅਸੀਂ ਇਹ ਕਹਿ ਕੇ ਦਿੰਦੇ ਹਾਂ ਕਿ ਨਿਰੋਲ ਗੁਰਬਾਣੀ ਕੀਰਤਨ ਕਰਨ ਦੀ ਥਾਂ ਸਿੱਧੀਆਂ ਧਾਰਨਾ ਪੜ੍ਹਣ ਨਾਲ ਗੁਰਬਾਣੀ ਜਿਆਦਾ ਸਮਝ ਆਉਂਦੀ ਹੈ।

1-ਜੇਕਰ ਇਸ ਗੱਲ ਨੂੰ ਸੱਚ ਮੰਨ ਵੀ ਲਿਆ ਜਾਵੇ ਤਾਂ ਫਿਰ ਸੈਂਕੜਿਆਂ ਦੀ ਤਦਾਦ 'ਚ ਹੋ ਰਹੇ ਅਖੰਡ ਪਾਠ, ਇਕੋਤਰੀਆਂ ਦਾ ਕੀ ਅਰਥ ਰਹਿ ਜਾਂਦਾ ਹੈ ਭਲਾ? ਇਹਨਾਂ ਪਾਠਾਂ ਦੀ ਥਾਂ ਸਿੱਧੀਆਂ ਧਾਰਨਾ ਜਾਂ ਕੱਚੀਆਂ ਰਚਨਾਵਾਂ ਨਾਲ ਡੰਗ ਕਿਉਂ ਨਹੀ ਸਾਰਿਆ ਜਾਂਦਾ ਫਿਰ ? ਇੰਞ ਕਰਨ ਨਾਲ ਕੌਮੀ ਸਮਾਂ ਤੇ ਸਰਮਾਇਆ ਦੋਵੇਂ ਹੀ ਬਚ ਜਾਣਗੇ।

2- ਸਵਾਲ ਪੈਦਾ ਹੁੰਦਾ ਹੈ ਕਿ 35 ਮਹਾਪੁਰਸ਼ਾਂ ਨੇ ਨਿਰੋਲ ਗੁਰਬਾਣੀ ਪੜਣ, ਗਾਉਣ ਦੀ ਥਾਂ ਕੱਚੀਆਂ ਧਾਰਨਾਵਾਂ ਵਾਲੀ ਜੁਗਤ ਕਿਉਂ ਨ ਵਰਤੀ?

ਸਿੱਖ ਲਈ ਤਾਂ ਸਦਾ ਹੀ ਸੱਚੀ ਬਾਣੀ ਗਾਉਣ ਦਾ ਉਪਦੇਸ਼ ਹੈ।

**ਕਹੈ ਨਾਨਕੁ ਸਦਾ ਗਾਵਹੁ**
**ਏਹ ਸਚੀ ਬਾਣੀ॥ (920)**

ਕੀਰਤਨ ਕਰਨ ਵਾਲੇ ਸੱਜਣ ਕਈ ਵਾਰ ਇਹ ਦਲੀਲ ਦਿੰਦੇ ਹਨ ਜੇਕਰ ਕਵੀਸ਼ਰੀ, ਕਵੀ ਦਰਬਾਰ, ਢਾਡੀ ਵਾਰਾਂ ਗੁਰੂ ਹਜੂਰੀ ਵਿੱਚ ਪੜ੍ਹੀਆਂ ਗਾਈਆਂ ਜਾ ਸਕਦੀਆਂ ਹਨ ਤਾਂ ਧਾਰਨਾ ਵਾਜੇ ਤੇ ਗਾ ਲਈ ਜਾਵੇ ਤਾਂ ਕੀ ਹਰਜ ਹੈ ?

ਅਸੀਂ ਪਤਾ ਨਹੀ ਕਿਉਂ ਭੁੱਲ ਜਾਂਦੇ ਹਨ ਕਿ ਕਵੀਸ਼ਰੀ, ਢਾਡੀ ਵਾਰਾਂ ਤੇ ਕਵੀ ਦਰਬਾਰਾਂ 'ਚ ਪੜ੍ਹੀਆਂ ਜਾਂਦੀਆਂ ਕਵਿਤਾਵਾਂ ਨੂੰ ਕਦੇ ਵੀ ਕੀਰਤਨ ਨਹੀਂ ਕਿਹਾ ਜਾਂਦਾ/ਜਦੋਂ ਕਿ ਕੱਚ ਘਰੜ ਧਾਰਨਾਵਾਂ ਨੂੰ ਸਿੱਖ ਸੰਗਤ 'ਚ ਕੀਰਤਨ ਕਹਿ ਕੇ ਪਰੋਸਿਆ ਜਾਂਦਾ ਹੈ। ਸ਼ਬਦ ਕੀਰਤਨ ਦਾ ਇੱਕ ਵੱਖਰਾ ਪੈਮਾਨਾ ਹੈ।

ਅੱਜ ਕਲ੍ਹ ਇੱਕ ਰੁਝਾਨ ਹੋਰ ਸ਼ੁਰੂ ਹੋਇਆ ਹੈ ਸਾਡੇ ਵਿੱਚ ਸ਼ਹੀਦੀ ਦਿਹਾੜਿਆਂ 'ਤੇ ਸਾਡੇ ਨਾਮਵਰ ਰਾਗੀ ਜੱਥੇ ਰੋ ਰੋ ਕੇ ਸਿੱਖ ਸੰਗਤ ਨੂੰ ਕਵਿਤਾਵਾਂ ਸੁਣਾ ਰਹੇ ਹੁੰਦੇ ਹਨ।

ਕੌਮੀ ਸ਼ਹੀਦਾਂ ਦੀਆਂ ਸ਼ਹਾਦਤਾਂ ਦੇ ਮਾਣ ਕੀਤੇ ਜਾਂਦੇ ਹਨ ਪਰ ਇਸ ਦੇ ਉਲਟ ਭੋਲੀ ਸੰਗਤ ਕੀਰਤਨ ਦਰਬਾਰ 'ਚ ਗਾਈਆਂ ਜਾਂਦੀਆਂ ਭਾਵੁਕ ਕਵਿਤਾਵਾਂ ਸੁਣ ਸੁਣ ਕੇ ਅੱਥਰੂ ਕੇਰ ਰਹੀ ਹੁੰਦੀ ਹੈ।

ਸਿੱਖ ਕੌਮ ਲਈ ਬੇਹੱਦ ਚਿੰਤਾ ਦਾ ਵਿਸ਼ਾ ਇਹ ਵੀ ਹੈ ਕਿ ਕੱਚੀਆਂ ਬਾਣੀਆਂ ਨੂੰ ਗੁਰਬਾਣੀ ਕਹਿ ਕੇ ਸਾਡੇ ਮੱਥੇ ਮੜ੍ਹਿਆ ਜਾ ਰਿਹਾ ਹੈ ਜੋ ਕਿ ਗੁਰਬਾਣੀ ਸਿਧਾਂਤਾਂ ਨੂੰ ਖੋਰਾ ਲਾਉਣ ਦੇ ਤੁੱਲ ਹੈ।

ਇਹੋ ਜਿਹੇ ਹਲਾਤਾਂ 'ਚ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਵਉੱਚਤਾ ਦੇ ਕੀ ਅਰਥ ਰਹਿ ਜਾਂਦੇ ਹਨ ? ਮਾਨਸਿਕ ਗੁਲਾਮੀ ਦੀ ਨੀਂਦ 'ਚ ਸੁੱਤੇ ਅਸੀ ਅਨਮਤੀ ਮਨਮਤੀ ਗੈਰ ਸਿਧਾਂਤਾਂਕ ਰਚਨਾਵਾਂ ਦਾ ਪ੍ਰਭਾਵ ਕਬੂਲ ਕਰ ਰਹੇ ਹਾਂ।

ਸਾਡੇ ਇਤਿਹਾਸਕ ਸ੍ਰੋਤਾਂ 'ਚ ਜ਼ਿਕਰ ਮਿਲਦਾ ਹੈ ਕਿ ਬਾਬਾ ਪ੍ਰਿਥੀ ਚੰਦ ਦੇ ਪੁੱਤਰ ਮਿਹਰਵਾਨ ਵੀ ਬੜੀ ਸੋਹਣੀ ਕਵਿਤਾ ਰਚ ਲੈਂਦੇ ਸਨ।

ਉਹਨਾਂ ਵੱਲੋਂ ਗੁਰਬਾਣੀ ਦੀ ਤਰਜ 'ਤੇ ਨਾਨਕ ਪਦ ਦੀ ਵਰਤੋਂ ਵੀ ਕੀਤੀ ਗਈ। ਪਰ ਸੱਚੀ ਬਾਣੀ ਤੇ ਭਰੋਸਾ ਰੱਖਣ ਵਾਲੇ ਸਿੱਖ ਇਸ ਭੁਲੇਖੇ ਦਾ ਸ਼ਿਕਾਰ ਨਹੀਂ ਹੋਏ, ਦੁੱਖ ਦੀ ਗੱਲ ਹੈ ਕਿ ਅੱਜ ਹੋ ਰਹੇ ਹਨ।

ਮਿਹਰਵਾਨ ਪੁੱਤ੍ਰ ਪ੍ਰਿਥ੍ਹੀਏ ਕਾ ਕਵੀਸ਼ਰੀ ਕਰੈ।

ਪਾਰਸੀ ਹਿੰਦਵੀ ਸਾਂਸਕ੍ਰਿਤ ਨਾਲੇ ਗੁਰਮੁਖੀ ਪੜ੍ਹੈ।

ਤਿਨ ਭੀ ਬਾਣੀ ਬਹੁਤ ਬਣਾਈ ਭੋਗ ਗੁਰੂ ਨਾਨਕ ਜੀ ਤੇ ਹੀ ਪਾਈ।

ਕੱਚ ਨੂੰ ਸੱਚ ਕਹਿ ਕੇ ਬੜੇ ਲੰਮੇ ਸਮੇਂ ਤੋਂ ਸਾਡੇ ਸਾਹਮਣੇਂ ਪਰੋਸਿਆ ਜਾ ਰਿਹਾ ਹੈ । ਪਰ ਹੰਸ ਬਿਰਤੀ ਵਾਲਾ ਸਿੱਖ ਜਗਿਆਸੂ ਕੱਚ ਤੇ ਸੱਚ ਦਾ ਨਿਖੇੜਾ ਗੁਰਬਾਣੀ ਦੀ ਕਸਵੱਟੀ ਨਾਲ ਸਹਿਜੇ ਹੀ ਕਰ ਲੈਂਦਾ ਹੈ ।

ਸਿੱਖ ਦੇ ਜੀਵਨ ਦਾ ਕੇਂਦਰੀ ਧੁਰਾ ਵਾਹੁ ਵਾਹੁ ਬਾਣੀ ਨਿਰੰਕਾਰ ਹੀ ਹੈ, ਜਿਸਨੂੰ ਅਧਾਰ ਬਣਾ ਕਿ ਸਚਿਆਰ ਜੀਵਨ ਦੀ ਨੀਂਹ ਰੱਖੀ ਜਾ ਸਕਦੀ ਹੈ। ਅਜੋਕੇ ਸੰਦਰਭ ਚ ਏਨਾ ਕਹਿਣਾ ਹੀ ਕਾਫੀ ਹੈ ਕਿ ਸ਼ਬਦ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੀ ਸਿੱਖ ਦੇ ਜੀਵਨ ਦੀ ਡੁੱਬਦੀ ਹੋਈ ਬੇੜੀ ਨੂੰ ਬੰਨ੍ਹੇ ਲਾ ਸਕਦੀ ਹੈ, ਨਾ ਕਿ ਕੱਚੀ ਬਾਣੀ ।

-0-

# ਸਿੱਖ ਧਰਮ ਬਾਰੇ ਗੈਰ ਸਿੱਖਾਂ ਦੇ ਵਿਚਾਰ

ਅਸੀ ਸਿੱਖਾਂ ਦੀ ਗਾਥਾ ਨੂੰ ਹੁਣ ਬੰਦ ਕਰ ਦਿਤਾ ਹੈ। ਜਿਨ੍ਹਾਂ ਨੇ ਆਪਣੇ ਆਪ ਨੂੰ ਹਿੰਦੋਸਤਾਨ ਦੀ ਕੌਮ ਦਾ ਸਿਰਤਾਜ ਬਣਾਇਆ। ਜਿਨ੍ਹਾਂ ਨੇ ਲੋਕਾਂ ਦੇ ਹੱਕ ਲਈ ਦੁਭਾਸ਼ੀਏ ਦਾ ਕੰਮ ਕੀਤਾ। ਜਿਨ੍ਹਾਂ ਨੇ ਬੁਰਿਆਈ ਤੇ ਚੰਗਿਆਈ ਅਤੇ ਆਦਮੀ ਦੇ ਅਜ਼ਾਦ ਹੱਕਾਂ ਤੇ ਰਾਜਿਆਂ ਦੇ ਖੁਦਾਈ ਹੁਕਮਾਂ ਦੇ ਖਿਲਾਫ ਸੰਘਰਸ਼ ਕੀਤਾ। ਜਿਨ੍ਹਾਂ ਨੇ ਪਿਛਲੀ ਕਈ ਸਾਲ ਗੁਲਾਮ ਰਹੀਆਂ ਪੀੜ੍ਹੀਆਂ ਦੇ ਘੋਰ ਅਪਮਾਨਾਂ ਦਾ ਬਦਲਾ ਲਿਆ। ਜਿਨ੍ਹਾਂ ਨੇ ਵਿਦੇਸ਼ੀ ਹਕੂਮਤਾਂ ਦੀ ਗੁਲਾਮੀ ਦਾ ਜੂਲਾ ਲਾਹਿਆ। ਉਹਨਾਂ ਨੇ ਜੋ ਕੀਤਾ ਉਹ ਬੜਾ ਸ਼ਾਂਦਾਰ ਤੇ ਮਾਣ ਭਰਿਆ ਸੀ। ਜਿਨ੍ਹਾਂ ਨੇ ਇਸ ਮੁਲਕ ਦੇ ਬੱਚਿਆਂ ਦੇ ਵਿਰਸੇ ਨੂੰ ਵਿਦੇਸ਼ੀ ਹਮਲਿਆਂ ਤੋਂ ਹਮੇਸ਼ਾਂ ਲਈ ਬਚਾਇਆ। ਉਹ ਇੱਕਲੇ ਹੀ ਇਸ ਤੇ ਮਾਣ ਕਰ ਸਕਦੇ ਹਨ ਕਿ ਜਿਨ੍ਹਾਂ ਨੇ ਇਸ ਮੁਲਕ ਨੂੰ ਵਿਦੇਸ਼ੀਆਂ ਦੇ ਹਮਲਿਆਂ ਤੋਂ ਜਿਹੜੇ ਕਿ ਅੱਠ ਸੌ ਸਾਲ ਤੋਂ ਗੁਲਾਮ ਬਨਾਉਣ ਲਈ ਕਰ ਰਹੇ ਸਨ, ਤੋਂ ਹਮੇਸ਼ਾਂ ਹਮੇਸ਼ਾਂ ਲਈ ਬਚਾਇਆ। ਸਾਰਾ ਮੁਲਕ ਖਾਸਕਰ ਪੰਜਾਬ ਇਹਨਾਂ ਦੇ ਧਨਵਾਦ ਲਈ ਕਰਜ਼ਦਾਰ ਹੈ।

**-ਐੱਚ.ਆਰ. ਗੁਪਤਾ.**
**(ਡੀਅਨ ਪੰਜਾਬ ਇਤਿਹਾਸ.)**

# ਸੁਲਤਾਨ-ਉਲ-ਕੌਮ ਸ. ਜੱਸਾ ਸਿੰਘ ਆਹਲੂਵਾਲੀਆ


**-ਰਮੇਸ਼ ਬੱਗਾ ਚੋਹਲਾ # 9463132719**

ਜਦੋਂ ਜਗਤ ਗੁਰੂ ਨੇ ਨਿਰਮਲ ਪੰਥ ਦੀ ਨੀਂਹ ਰੱਖੀ ਤਾਂ ਇਸ ਪੰਥ ਵਿਚ ਪ੍ਰਵੇਸ਼ ਕਰਨ ਲਈ ਇੱਕ ਲਾਜ਼ਮੀ ਸ਼ਰਤ ਵੀ ਲਗਾ ਦਿੱਤੀ। ਇਸ ਸ਼ਰਤ ਦੇ ਮੁਤਾਬਿਕ:-

**ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥**
**ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥ (1412**

ਭਾਵ: ਇਸ ਨਿਰਮਲ ਪੰਥ ਦਾ ਭਾਗੀਦਾਰ ਬਣਨ ਲਈ ਆਪਣਾ ਤਨ ਅਤੇ ਮਨ ਪੂਰਨ ਰੂਪ ਵਿਚ ਗੁਰੂ/ਸਿਧਾਂਤ ਨੂੰ ਸਮਰਪਿਤ ਕਰਨ ਲਈ ਕਹਿ ਦਿੱਤਾ।

ਸਿੱਖੀ ਪਰਮੇਸ਼ਰ ਨੂੰ ਹਾਜ਼ਰ-ਨਾਜ਼ਰ ਜਾਣ ਕੇ ਸਵੇਰੇ-ਸ਼ਾਮ ਸਰਬਤ ਦਾ ਭਲਾ ਲੋਚਦੀ ਹੈ। ਇਸ ਲੋਚਾ ਮੁਤਾਬਿਕ ਪੂਰੇ/ਖ਼ਰੇ ਉਤਰਨ ਦੀ ਆਸ ਇੱਕ ਸਮਰਪਿਤ ਸਿੱਖ/ਸ਼ਰਧਾਲੂ ਕੋਲੋਂ ਹੀ ਕੀਤੀ ਜਾ ਸਕਦੀ ਹੈ। ਸੇਵਾ,ਸਿਮਰਨ ਅਤੇ ਪਰਉਪਕਾਰੀ ਜੀਵਨ ਸਿੱਖ ਫ਼ਲਸਫ਼ੇ ਦਾ ਅਹਿਮ ਹਿੱਸਾ ਹਨ। ਇਸ ਫ਼ਲਸਫ਼ੇ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਸਿੱਖਾਂ ਨੇ ਆਪਣਾ ਭਰਪੂਰ ਯੋਗਦਾਨ ਪਾਇਆ ਹੈ। ਇਸ ਯੋਗਦਾਨ ਵਿਚ ਮਹਾਨ ਕੁਰਬਾਨੀਆਂ / ਸ਼ਹੀਦੀਆਂ ਵੀ ਹੋਈਆਂ ਹਨ ਜਿਹੜੀਆਂ ਸਮੇਂ-ਸਮੇਂ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਪਿਆਰੇ ਸਿੱਖਾਂ ਵੱਲੋਂ ਕੀਤੀਆਂ/ਦਿੱਤੀਆਂ ਗਈਆਂ ਹਨ। ਗੁਰੂ ਸਾਹਿਬ ਵੱਲੋਂ ਪਾਈ ਵੰਗਾਰ (ਸੀਸ ਤਲੀ 'ਤੇ ਧਰਨ) ਦੇ ਹੁੰਗਾਰੇ ਵਜੋਂ ਬਹੁਤ ਸਾਰੇ ਸਿੱਖ ਤਲਵਾਰ ਦੀ ਧਾਰ 'ਤੇ ਤੁਰ ਕੇ ਸਿੱਖ ਇਤਿਹਾਸ ਨੂੰ ਅਮੀਰ ਬਣਾਉਂਦੇ ਰਹੇ ਹਨ। ਇਨ੍ਹਾਂ ਪ੍ਰਮੁੱਖ ਸਿੱਖਾਂ ਵਿਚ ਹੀ ਸ਼ਾਮਿਲ ਹੈ 'ਸੁਲਤਾਨ-ਉੱਲ-ਕੌਮ' ਸ. ਜੱਸਾ ਸਿੰਘ ਆਹਲੂਵਾਲੀਏ ਦਾ ਨਾਮ।



ਸੰਤ-ਸਿਪਾਹੀ ਬਿਰਤੀ ਦੇ ਧਨੀ ਸ. ਜੱਸਾ ਸਿੰਘ ਆਹਲੂਵਾਲੀਏ ਦਾ ਜਨਮ ਮਈ 1718 ਈ ਨੂੰ ਸ. ਬਦਰ ਸਿੰਘ ਅਤੇ ਮਾਤਾ ਜੀਵਨ ਕੌਰ (ਕੁੱਝ ਕੁ ਇਤਿਹਾਸਕਾਰਾਂ ਮੁਤਾਬਿਕ ਮਾਤਾ ਦਾ ਨਾਮ ਗੁਜ਼ਰੀ ਹੈ) ਦੇ ਗ੍ਰਹਿ ਵਿਖੇ ਪਿੰਡ ਆਹਲੂ ਜ਼ਿਲ੍ਹਾ ਲਾਹੌਰ ਵਿਖੇ ਹੋਇਆ। ਇਸ ਪਰਿਵਾਰ ਦੇ ਵਡੇਰੇ ਸ. ਬਦਰ ਸਿੰਘ ਅਤੇ ਦੇਵਾ ਸਿੰਘ (ਦਾਦਾ) ਗੁਰੂ ਘਰ ਦੇ ਪ੍ਰਤੀ ਅਥਾਹ ਸ਼ਰਧਾ ਰੱਖਦੇ ਸਨ। ਜੱਸਾ ਸਿੰਘ ਦੀ ਮਾਤਾ ਵੀ ਸਿੱਖੀ ਸਰੂਪ ਵਿਚ ਪ੍ਰਪੱਕ ਅਤੇ ਨਿੱਤਨੇਮ ਵਾਲੀ ਔਰਤ ਸੀ। ਸ਼ਬਦ ਚੌਂਕੀ ਲਗਾਉਣਾ ਅਤੇ ਗੁਰਬਾਣੀ ਦਾ ਕੀਰਤਨ ਕਰਨਾ ਉਸ ਦੇ ਨਿੱਤਨੇਮ ਵਿਚ ਸ਼ਾਮਿਲ ਸੀ।

ਜਦੋਂ ਜੱਸਾ ਸਿੰਘ ਅਜੇ ਚਾਰ ਕੁ ਸਾਲ ਦਾ ਹੀ ਹੋਇਆ ਸੀ ਕਿ ਪਿਤਾ ਸ. ਬਦਰ ਸਿੰਘ ਚੜ੍ਹਾਈ ਕਰ ਗਿਆ। ਯਤੀਮ ਹੋਏ ਬਾਲਕ ਲਈ ਹੁਣ ਕੇਵਲ ਮਾਤਾ ਦਾ ਹੀ ਸਹਾਰਾ ਰਹਿ ਗਿਆ ਸੀ। ਮਾਂ ਦੇ ਸਹਾਰੇ ਦੇ ਨਾਲ-ਨਾਲ ਗੁਰਬਾਣੀ ਦਾ ਓਟ-ਆਸਰਾ ਵੀ ਉਸ ਦੇ ਜੀਵਨ ਦਾ ਆਧਾਰ ਬਣਨ ਲੱਗਾ।

ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦੇ ਸੱਚਖੰਡ ਪਿਆਨਾ ਕਰ ਜਾਣ ਤੋਂ ਬਾਅਦ ਖ਼ਾਲਸਾ-ਪੰਥ ਦੀ ਅਗਵਾਈ ਮਾਤਾ ਸੁੰਦਰ ਕੌਰ ਜੀ ਕਰ ਰਹੇ ਸਨ। ਇੱਕ ਦਿਨ ਬਾਲਕ ਜੱਸਾ ਸਿੰਘ ਆਪਣੀ ਮਾਤਾ ਅਤੇ ਮਾਮਾ ਸ. ਬਾਘ ਸਿੰਘ ਨਾਲ ਮਾਤਾ ਸੁੰਦਰ ਕੌਰ ਜੀ ਕੋਲੋ ਅਸ਼ੀਰਵਾਦ ਲੈਣ ਲਈ ਗਏ। ਮਾਤਾ ਜੀ ਉਸ ਦੇ ਰਸਭਿੰਨੇ ਕੀਰਤਨ ਤੋਂ ਏਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਉਸ ਨੂੰ ਆਪਣੇ ਕੋਲ ਹੀ ਰੱਖ ਲਿਆ ਅਤੇ ਪੁੱਤਾਂ ਵਾਂਗ ਪਿਆਰ ਕਰਨ ਲੱਗੇ। ਮਾਤਾ ਸੁੰਦਰ ਕੌਰ ਜੀ ਦੀ ਸੰਗਤ ਕਰਕੇ ਬਾਲਕ ਜੱਸਾ ਸਿੰਘ ਨੇ ਕਈ ਧਾਰਮਿਕ ਅਤੇ ਇਤਿਹਾਸਕ ਪੁਸਤਕਾਂ ਪੜ੍ਹੀਆਂ ਜਿਹੜੀਆਂ ਉਸ ਨੂੰ ਸਿੱਖੀ ਦੇ ਦੋ ਥੰਮਾਂ ਸੇਵਾ ਅਤੇ ਸਿਮਰਨ ਨਾਲ ਜੋੜਨ ਵਿਚ ਸਹਾਈ ਸਾਬਤ ਹੋਈਆਂ।

ਸੱਤ ਸਾਲ ਦਿੱਲੀ ਵਿਖੇ ਰਹਿਣ ਤੋਂ ਬਾਅਦ ਸ. ਜੱਸਾ ਸਿੰਘ ਅਹਲੂਵਾਲੀਆ ਜਲੰਧਰ ਵਿਖੇ ਆਪਣੇ ਮਾਮਾ ਬਾਘ ਸਿੰਘ ਹੱਲੋਵਾਲੀਆ ਕੋਲ ਆ ਗਿਆ। ਆਪਣੀ ਭੈਣ ਅਤੇ ਭਾਣਜੇ ਨੂੰ ਨਾਲ ਲੈ ਕੇ ਮਾਮਾ ਜੀ ਇੱਕ ਦਿਨ ਨਵਾਬ ਕਪੂਰ ਸਿੰਘ ਨੂੰ ਮਿਲਣ ਲਈ ਕਰਤਾਰਪੁਰ ਸਾਹਿਬ ਵਿਖੇ ਪਹੁੰਚ ਗਏ। ਨਵਾਬ ਸਾਹਿਬ ਮਾਂ-ਪੁੱਤ ਦੇ ਕੀਰਤਨ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਜੱਸਾ ਸਿੰਘ ਨੂੰ ਪੱਕੇ ਤੌਰ 'ਤੇ ਆਪਣੇ ਕੋਲ ਰੱਖਣ ਲਈ ਕਹਿਣ ਲੱਗੇ। ਮਾਮਾ ਬਾਘ ਸਿੰਘ ਜੀ ਪੰਥ ਦੀ ਸਿਰਮੌਰ ਸਖਸ਼ੀਅਤ ਦਾ ਕਿਹਾ ਨਾ ਮੋੜ ਸਕੇ। ਨਵਾਬ ਸਾਹਿਬ ਦੀ ਆਪਣੀ ਸੰਤਾਨ ਨਾ ਹੋਣ ਕਰਕੇ ਉਹ ਜੱਸਾ ਸਿੰਘ ਨੂੰ ਆਪਣੇ ਪੁੱਤਰ ਵਾਂਗ ਹੀ ਪਿਆਰਨ ਅਤੇ

**ਸ. ਜੱਸਾ ਸਿੰਘ ਆਹਲੂਵਾਲੀਏ ਦੇ ਵਿਅਕਤੀਤੱਵ ਦਾ ਇੱਕ ਉੱਭਰਵਾਂ ਪੱਖ ਇਹ ਵੀ ਰਿਹਾ ਹੈ ਕਿ ਉਸ ਨੇ ਸਾਰੀ ਉਮਰ ਕੀਤੇ ਜੰਗਾਂ-ਯੁੱਧਾਂ ਵਿਚ ਨੈਤਿਕਤਾ ਦਾ ਪੱਲਾ ਕਦੇ ਨਹੀਂ ਛੱਡਿਆ। ਇਸ ਦੀ ਇੱਕ ਉਦਾਹਰਣ ਪਾਣੀਪਤ ਦੀ ਤੀਸਰੀ ਲੜ੍ਹਾਈ ਤੋਂ ਬਾਅਦ ਅਹਿਮਦਸ਼ਾਹ ਅਬਦਾਲੀ ਦੇ ਕਬਜ਼ੇ ਵਿਚੋਂ 2200 ਹਿੰਦੂ ਲੜਕੀਆਂ ਨੂੰ ਛੁਡਾ ਕੇ ਬਾਇੱਜ਼ਤ ਅਤੇ ਸਹੀ ਸਲਾਮਤ ਉਨ੍ਹਾਂ ਦੇ ਘਰੋ-ਘਰੀਂ ਪਹੁੰਚਾਉਣਾ ਹੈ। ਜਦੋਂ ਅਬਦਾਲੀ ਦਾ ਜਰਨੈਲ ਜਹਾਨ ਖ਼ਾਨ ਸਿਆਲਕੋਟ ਦੀ ਜੰਗ ਹਾਰ ਗਿਆ ਤਾਂ ਉਸ ਦੀ ਪਿਆਰੀ ਬੇਗ਼ਮ ਅਤੇ ਉਸ ਦੀਆਂ ਕੁੱਝ ਨਜਦੀਕੀ ਔਰਤਾਂ ਖ਼ਾਲਸੇ ਦੇ ਘੇਰੇ ਵਿਚ ਆ ਗਈਆਂ। ਆਹਲੂਵਾਲੀਏ ਸਰਦਾਰ ਨੇ ਉਨ੍ਹਾਂ ਪਰਾਈਆਂ ਇਸਤਰੀਆਂ ਨੂੰ ਵੀ ਬਣਦਾ ਮਾਣ-ਸਤਿਕਾਰ ਦਿੱਤਾ ਅਤੇ ਸੁਰੱਖਿਅਤ ਥਾਂਵਾਂ ਉਪਰ ਪਹੁੰਚਾਇਆ। ਅਖੀਰ ਵਿਚ ਇਹ ਕਿਹਾ ਜਾ ਸਕਦਾ ਹੈ ਸ. ਜੱਸਾ ਸਿੰਘ ਆਹਲੂਵਾਲੀਆ 18ਵੀਂ ਸਦੀ ਦਾ ਉਹ ਮਹਾਨ ਸਿੱਖ ਜਰਨੈਲ਼ ਹੋਇਆ ਹੈ ਜਿਹੜਾ ਸਿੱਖੀ ਦੀ ਆਨ ਅਤੇ ਸ਼ਾਨ ਨੂੰ ਵਧਾਉਣ ਲਈ ਸੀਸ ਤਲੀ 'ਤੇ ਧਰ ਕੇ ਮੈਦਾਨ-ਏ-ਜੰਗ ਵਿਚ ਜੂਝਦਾ ਰਿਹਾ ਹੈ। ਉਸ ਦੀ ਇਸ ਜੁਝਾਰੂ ਅਤੇ ਪਰਉਪਕਾਰੂ ਬਿਰਤੀ ਨੇ ਜਿਥੇ ਸਿੱਖ ਇਤਿਹਾਸ ਦੇ ਮਾਣ ਨੂੰ ਵਧਾਇਆ ਹੈ,ਉਥੇ ਵਾਲੀਆ ਭਾਈਚਾਰੇ ਦਾ ਸਿਰ ਵੀ ਉਚਿਆਇਆ ਹੈ।**

ਦੁਲਾਰਨ ਲੱਗੇ।

ਨਵਾਬ ਕਪੂਰ ਸਿੰਘ ਨੇ ਸ. ਜੱਸਾ ਸਿੰਘ ਦੇ ਨਿਖਰੇ (ਰਹਿਤ-ਬਹਿਤ ਵਾਲੇ) ਜੀਵਨ ਨੂੰ ਦੇਖ ਕੇ ਉਸ ਨੂੰ (ਪੰਜਾਂ ਪਿਆਰਿਆਂ ਕੋਲੋਂ) ਖੰਡੇ-ਬਾਟੇ ਦੀ ਪਹੁਲ ਛਕਾ ਦਿੱਤੀ। ਪਹੁਲ ਛੱਕਣ ਤੋਂ ਬਾਅਦ ਸ. ਜੱਸਾ ਸਿੰਘ ਤਨੋਂ-ਮਨੋਂ ਗੁਰੂ ਘਰ ਨੂੰ ਸਮਰਪਿਤ ਹੋ ਗਿਆ। ਖ਼ਾਲਸੇ ਦੇ ਦੀਵਾਨਾਂ ਵਿਚ ਸਵੇਰੇ-ਸ਼ਾਮ ਸੰਗਤ ਦੀ ਸੇਵਾ (ਪੱਖਾ ਝੱਲ ਕੇ), ਗੁਰਬਾਣੀ ਦੇ ਪਾਠ ਅਤੇ ਸ਼ਬਦ-ਕੀਰਤਨ ਵਿਚ ਵੱਧ ਚੜ੍ਹਕੇ ਭਾਗ ਲੈਣ ਲੱਗਾ। ਗੁਰੂ-ਘਰ ਪ੍ਰਤੀ ਸੁੱਚੀ ਲੱਗਨ ਨੂੰ ਦੇਖ ਕੇ ਨਾਨਕ ਨਾਮ-ਲੇਵਾ ਸੰਗਤ ਵੀ ਉਸ ਨੂੰ ਰੱਜਵਾਂ ਪਿਆਰ ਤੇ ਸਤਿਕਾਰ ਦੇਣ ਲੱਗੀ।



ਸ. ਜੱਸਾ ਸਿੰਘ ਆਹਲੂਵਾਲੀਆ ਜੰਗ ਦੇ ਮੈਦਾਨ ਵਿਚ ਜੂਝਦੇ ਹੋਏ।

ਨਵਾਬ ਸਾਹਿਬ ਦੀ ਅਗਵਾਈ ਹੇਠ ਜੱਸਾ ਸਿੰਘ ਨੇ ਘੋੜ-ਸਵਾਰੀ, ਨੇਜਾਬਾਜ਼ੀ, ਤੀਰ ਅੰਦਾਜ਼ੀ ਅਤੇ ਤੇਗ਼ ਚਲਾਉਣੀ ਬਾ ਖ਼ੂਬੀ ਸਿਖ ਲਈ। ਇਸ ਸਿਖਲਾਈ ਤੋਂ ਬਾਅਦ ਉਹ ਯੁੱਧ-ਕਲਾ ਵਿਚ ਕਾਫ਼ੀ ਨਿਪੁੰਨ ਹੋ ਗਿਆ।

ਛੋਟੀ ਉਮਰੇ ਦਿੱਲੀ ਵਿਖੇ ਰਹਿਣ ਕਰਕੇ ਸ. ਜੱਸਾ ਸਿੰਘ ਆਹਲੂਵਾਲੀਏ ਦੀ ਬੋਲ-ਬਾਣੀ ਵਿਚ ਹਿੰਦੀ ਅਤੇ ਉਰਦੂ ਦੇ ਕੁੱਝ ਲਫ਼ਜ਼ਾਂ ਦੀ ਰਲਾਵਟ ਹੋ ਗਈ ਸੀ, ਜਿਸ ਕਰਕੇ ਨਾਲ ਦੇ ਸਿੰਘ ਉਸ ਨੂੰ 'ਹਮਕੋ-ਤੁਮਕੋ' ਕਹਿ ਕੇ ਮਖੌਲ ਕਰਦੇ ਸਨ। ਇੱਕ ਦਿਨ ਜੱਸਾ ਸਿੰਘ ਇਸ ਮਖੌਲ ਦਾ ਬੁਰਾ ਮਨਾ ਗਿਆ ਅਤੇ ਨਵਾਬ ਸਾਹਿਬ ਕੋਲ ਸ਼ਿਕਾਇਤ ਕਰ ਦਿੱਤੀ। ਨਵਾਬ ਕਪੂਰ ਸਿੰਘ ਨੇ ਜੱਸਾ ਸਿੰਘ ਨੂੰ ਪਿਆਰ ਨਾਲ ਸਮਝਾਇਆ ਕਿ "ਇਹ ਕਲਗੀਧਰ ਦਾ ਖ਼ਾਲਸਾ ਹੈ,ਜੇ ਇਹ ਮੇਰੇ ਵਰਗੇ (ਘੋੜਿਆਂ ਦੀ ਲਿੱਦ ਚੁੱਕਣ ਵਾਲ) ਨੂੰ ਨਵਾਬੀ ਬਖ਼ਸ਼ ਸਕਦਾ ਹੈ ਤਾਂ ਕੀ ਪਤਾ ਕੱਲ੍ਹ ਨੂੰ ਤੇਰੇ ਵਰਗੇ ਦਾਨਾ-ਫੱਕਾ ਵੰਡਣ ਵਾਲੇ ਨੂੰ ਬਾਦਸ਼ਾਹ/ਪਾਤਸ਼ਾਹ ਹੀ ਬਣਾ ਦੇਵੇ।"

ਨਵਾਬ ਸਾਹਿਬ ਦੀ ਕੀਤੀ ਹੋਈ ਇਹ ਭਵਿੱਖਬਾਣੀ ਸੌ ਪ੍ਰਤੀਸ਼ਤ ਸੱਚ ਸਾਬਤ ਹੋਈ ਜਦੋਂ 1762 ਈ. ਵਿਚ ਖ਼ਾਲਸਾ ਪੰਥ ਨੇ ਸ.ਜੱਸਾ ਸਿੰਘ ਆਹਲੂਵਾਲੀਆ ਨੂੰ ਸੁਲਤਾਨ-ਉਲ-ਕੌਮ ਦੇ ਲਕਬ ਨਾਲ ਨਿਵਾਜ਼ ਦਿੱਤਾ।

ਹੁਣ ਜਿਵੇਂ-ਜਿਵੇਂ ਸ. ਜੱਸਾ ਸਿੰਘ ਆਹਲੂਵਾਲੀਆ ਆਪਣੀ ਹਯਾਤੀ ਦਾ ਸਫ਼ਰ ਤਹਿ ਕਰਦਾ ਜਾ ਰਿਹਾ ਸੀ, ਤਿਵੇਂ-ਤਿਵੇਂ ਆਪਣੀ ਫ਼ਰਜ਼ਾਂ ਪ੍ਰਤੀ ਵੀ ਸੁਚੇਤ ਹੋਈ ਜਾ ਰਿਹਾ ਸੀ। ਇੱਕ ਰਾਤ ਬਹੁਤ ਤੇਜ ਬਾਰਸ਼ ਹੋ ਰਹੀ ਸੀ। ਨਵਾਬ ਕਪੂਰ ਸਿੰਘ ਨੇ ਕਈ ਵਾਰ ਆਵਾਜ਼ ਦਿੱਤੀ, 'ਪਹਿਰੇ 'ਤੇ ਕੌਣ ਹੈ,ਹਾਜ਼ਰ ਹੋਵੇ?' ਜਵਾਬ ਵਿਚ ਹਰ ਵਾਰੀ ਸ.ਜੱਸਾ ਸਿੰਘ 'ਆਇਆ ਜੀ' ਕਹਿ ਕੇ ਹਾਜ਼ਰ ਹੋ ਜਾਂਦਾ। ਉਸ ਦੀ ਇਸ ਵਫ਼ਾਦਾਰੀ ਨੂੰ ਦੇਖ ਕੇ ਨਵਾਬ ਸਾਹਿਬ ਨੇ ਉਸ ਨੂੰ ਆਪਣਾ ਅਹਿਲਕਾਰ ਬਣਾ ਲਿਆ।

20 ਕੁ ਸਾਲ ਦੀ ਉਮਰ ਵਿਚ ਸ.ਜੱਸਾ ਸਿੰਘ ਆਹਲੂਵਾਲੀਏ ਨੇ ਨਵਾਬ ਕਪੂਰ ਸਿੰਘ ਦੀ ਅਗਵਾਈ ਵਿਚ ਨਾਦਰਸ਼ਾਹ ਦੀ ਫ਼ੌਜ ਨੂੰ ਅਜਿਹਾ ਸਬਕ ਸਿਖਾਇਆ ਕਿ ਉਹ ਜ਼ਕਰੀਆ ਖ਼ਾਨ ਨੂੰ ਇਹ ਕਹਿਣ ਲਈ ਮਜ਼ਬੂਰ ਹੋ ਗਿਆ ਕਿ "ਅਜਿਹੇ ਲੋਕਾਂ (ਖ਼ਾਲਸਾ ਪੰਥ) ਤੋਂ ਡਰਨਾ ਚਾਹੀਦਾ ਹੈ,ਉਹ ਸਮਾਂ ਦੂਰ ਨਹੀਂ ਜਦੋਂ ਇਸ ਮੁਲਕ ਦੀ ਮਲਕੀਅਤ ਇਨ੍ਹਾਂ ਲੋਕਾਂ ਦੇ ਹੱਥ ਹੋਵੇਗੀ।"

ਸ. ਜੱਸਾ ਸਿੰਘ ਆਹਲੂਵਾਲੀਏ ਦੇ ਵਿਅਕਤੀਤੱਵ ਦਾ ਇੱਕ ਉੱਭਰਵਾਂ ਪੱਖ ਇਹ ਵੀ ਰਿਹਾ ਹੈ ਕਿ ਉਸ ਨੇ ਸਾਰੀ ਉਮਰ ਕੀਤੇ ਜੰਗਾਂ-ਯੁੱਧਾਂ ਵਿਚ ਨੈਤਿਕਤਾ ਦਾ ਪੱਲਾ ਕਦੇ ਨਹੀਂ ਛੱਡਿਆ। ਇਸ ਦੀ ਇੱਕ ਉਦਾਹਰਣ ਪਾਣੀਪਤ ਦੀ ਤੀਸਰੀ ਲੜ੍ਹਾਈ ਤੋਂ ਬਾਅਦ ਅਹਿਮਦਸ਼ਾਹ ਅਬਦਾਲੀ ਦੇ ਕਬਜ਼ੇ ਵਿਚੋਂ 2200 ਹਿੰਦੂ ਲੜਕੀਆਂ ਨੂੰ ਛੁਡਾ ਕੇ ਬਾਇੱਜ਼ਤ ਅਤੇ ਸਹੀ ਸਲਾਮਤ ਉਨ੍ਹਾਂ ਦੇ ਘਰੋ-ਘਰੀਂ ਪਹੁੰਚਾਉਣਾ ਹੈ। ਜਦੋਂ ਅਬਦਾਲੀ ਦਾ ਜਰਨੈਲ ਜਹਾਨ ਖ਼ਾਨ ਸਿਆਲਕੋਟ ਦੀ ਜੰਗ ਹਾਰ ਗਿਆ ਤਾਂ ਉਸ ਦੀ ਪਿਆਰੀ ਬੇਗ਼ਮ ਅਤੇ ਉਸ ਦੀਆਂ ਕੁੱਝ ਨਜਦੀਕੀ ਔਰਤਾਂ ਖ਼ਾਲਸੇ ਦੇ ਘੇਰੇ ਵਿਚ ਆ ਗਈਆਂ। ਆਹਲੂਵਾਲੀਏ ਸਰਦਾਰ ਨੇ ਉਨ੍ਹਾਂ ਪਰਾਈਆਂ ਇਸਤਰੀਆਂ ਨੂੰ ਵੀ ਬਣਦਾ ਮਾਣ-ਸਤਿਕਾਰ ਦਿੱਤਾ ਅਤੇ ਸੁਰੱਖਿਅਤ ਥਾਂਵਾਂ ਉਪਰ ਪਹੁੰਚਾਇਆ।

ਅਖੀਰ ਵਿਚ ਇਹ ਕਿਹਾ ਜਾ ਸਕਦਾ ਹੈ ਸ. ਜੱਸਾ ਸਿੰਘ ਆਹਲੂਵਾਲੀਆ 18ਵੀਂ ਸਦੀ ਦਾ ਉਹ ਮਹਾਨ ਸਿੱਖ ਜਰਨੈਲ ਹੋਇਆ ਹੈ ਜਿਹੜਾ ਸਿੱਖੀ ਦੀ ਆਨ ਅਤੇ ਸ਼ਾਨ ਨੂੰ ਵਧਾਉਣ ਲਈ ਸੀਸ ਤਲੀ 'ਤੇ ਧਰ ਕੇ ਮੈਦਾਨ-ਏ-ਜੰਗ ਵਿਚ ਜੂਝਦਾ ਰਿਹਾ ਹੈ। ਉਸ ਦੀ ਇਸ ਜੁਝਾਰੂ ਅਤੇ ਪਰਉਪਕਾਰੂ ਬਿਰਤੀ ਨੇ ਜਿਥੇ ਸਿੱਖ ਇਤਿਹਾਸ ਦੇ ਮਾਣ ਨੂੰ ਵਧਾਇਆ ਹੈ,ਉਥੇ ਵਾਲੀਆ ਭਾਈਚਾਰੇ ਦਾ ਸਿਰ ਵੀ ਉਚਿਆਇਆ ਹੈ।

-0-

## ਲੇਖਕਾਂ ਨੂੰ ਬੇਨਤੀ

**ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਛਾਪੇ ਜਾਂਦੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਵਿਚ ਧਾਰਮਿਕ, ਸਮਾਜਿਕ, ਆਰਥਿਕ, ਵਿਦਿਅਕ, ਬੱਚਿਆਂ ਪ੍ਰਤੀ ਅਤੇ ਸਿਹਤ ਆਦਿ ਵੱਖ ਵੱਖ ਵਿਸ਼ਿਆਂ ਨੂੰ ਛੂਹਿਆ ਜਾਂਦਾ ਹੈ। ਲੇਖਕ ਵੀਰਾਂ ਨੂੰ ਬੇਨਤੀ ਹੈ ਕਿ ਖਾਸ ਮਹੀਨੇ ਵਿਚ ਛਪਣ ਵਾਲੀਆਂ ਰਚਨਾਵਾਂ ਦੋ ਮਹੀਨੇ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ।**

**ਰਚਨਾਵਾਂ ਭੇਜਣ ਲਈ ਪਤਾ:**
ਗੁਰਮਤਿ ਵਿਰਸਾ,
ਗੁਰਮਤਿ ਗਿਆਨ ਮਿਸ਼ਨਰੀ ਕਾਲਜ,
ਪੰਜਾਬੀ ਬਾਗ, ਜਵੱਦੀ, ਲੁਧਿਆਣਾ
**M: 79733-70542**
**Email:** gurmatvirsa@gmail.com

## ਜੇਕਰ ਮੈਗਜ਼ੀਨ ਨਾ ਮਿਲੇ ਤਾਂ ...



**ਸਾਰੇ ਪ੍ਰਚਾਰਕ ਵੀਰਾਂ ਨੂੰ ਬੇਨਤੀ ਹੈ ਕਿ 'ਗੁਰਮਤਿ ਵਿਰਸਾ' ਦੀ ਬੁਕਿੰਗ ਕਰਦਿਆਂ ਰਿਕਾਰਡ ਆਪਣੇ ਕੋਲ ਜ਼ਰੂਰ ਰੱਖੋ। 'ਗੁਰਮਤਿ ਵਿਰਸਾ' ਨਾ ਮਿਲਣ ਦੀ ਸੂਰਤ ਵਿਚ ਮੈਸਜ਼ ਜਾਂ ਵੱਟਸਅਪ ਮੈਸਜ਼ ਕਰ ਸਕਦੇ ਹੋ ਇਸ ਤੋਂ ਇਲਾਵਾ ਚਿੱਟ ਨੰਬਰ ਜਾਂ ਰਸੀਦ ਨੰਬਰ ਦਾ ਵੇਰਵਾ ਦੱਸੋ ਤਾਂ ਜੋ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਬੁਕਿੰਗ ਸਮੇਂ ਟੈਲੀਫੋਨ ਨੰਬਰ ਸਾਫ ਸੁਥਰੇ, ਮੋਟੇ ਅੱਖਰਾਂ ਵਿਚ ਪਤਾ ਲਿਖੋ ਜੀ।**

**ਵੱਲੋਂ ਅਦਾਰਾ 'ਗੁਰਮਤਿ ਵਿਰਸਾ'**

# ਵਿਦੇਸ਼ੀ ਲਾੜ੍ਹੇ ਹੀ ਨਹੀ,
# ਲਾੜ੍ਹੀਆਂ ਵੀ ਮਾਰ ਰਹੀਆਂ ਹਨ ਠੱਗੀਆਂ

**ਐੱਸ.ਪੀ. ਬਲਰਾਜ ਸਿੰਘ ਪੰਡੋਰੀ ਸਿੱਧਵਾਂ 95011-00062**

ਨਿਊਜ਼ੀਲੈਂਡ, ਆਸਟਰੇਲੀਆ ਅਤੇ ਕੈਨੇਡਾ ਦੀ ਵਿਦੇਸ਼ੀ ਵਿਦਿਆਰਥੀਆਂ ਸਬੰਧੀ ਉਦਾਰ ਨੀਤੀ ਨੇ ਪੰਜਾਬੀਆਂ ਨੌਜਵਾਨਾਂ ਅਤੇ ਮੁਟਿਆਰਾਂ ਲਈ ਤਰੱਕੀ ਦੇ ਨਵੇਂ ਦਿਸਹੱਦੇ ਖੋਲ੍ਹ ਦਿੱਤੇ ਹਨ। ਦਿਨੋਂ ਦਿਨ ਨਿੱਘਰਦੀ ਜਾ ਰਹੀ ਖੇਤੀਬਾੜੀ, ਬੇਰੋਜ਼ਗਾਰੀ ਅਤੇ ਉੱਜਵਲ ਭਵਿੱਖ ਲਈ ਹਰ ਸਾਲ ਹਜ਼ਾਰਾਂ ਵਿੱਦਿਆਰਥੀ ਇਨ੍ਹਾਂ ਦੇਸ਼ਾਂ ਦਾ ਰੁਖ ਕਰ ਰਹੇ ਹਨ। ਭਾਰਤ ਵਿੱਚੋਂ ਵਿਦੇਸ਼ ਪੜ੍ਹਨ ਲਈ ਜਾਣ ਵਾਲੇ ਕੁੱਲ ਵਿਦਿਆਰਥੀਆਂ ਦੀ 50% ਤੋਂ ਵੀ ਵੱਧ ਗਿਣਤੀ ਇਕੱਲੇ ਪੰਜਾਬ ਨਾਲ ਸਬੰਧਿਤ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਪੰਜਾਬੀਆਂ ਦੀ ਬਾਕੀ ਭਾਰਤ ਦੀ ਨਿਸਬਤਨ ਵਧੀਆ ਆਰਥਿਕ ਹਾਲਤ ਅਤੇ ਵੇਚਣ ਜਾਂ ਗਹਿਣੇ ਧਰਨ ਜੋਗੀ ਉਪਜਾਊ ਜ਼ਮੀਨ ਦੀ ਹੋਂਦ ਹੈ। ਇਸ ਵੇਲੇ ਹਰੇਕ ਪਿੰਡ ਵਿੱਚੋਂ ਦਰਜ਼ਨਾਂ ਵਿਦਿਆਰਥੀ ਵਿਦੇਸ਼ਾਂ ਵਿੱਚ ਪੜ੍ਹ ਰਹੇ ਹਨ। ਜਦੋਂ ਉਨ੍ਹਾਂ ਦੇ ਮਾਪੇ ਸੱਥ ਵਿੱਚ ਬੈਠ ਕੇ ਆਪਣੇ ਪੁੱਤਰ ਧੀ ਵੱਲੋਂ ਕਮਾਏ ਜਾ ਰਹੇ ਡਾਲਰਾਂ ਬਾਰੇ ਫੜ੍ਹਾਂ ਮਾਰਦੇ ਹਨ ਤਾਂ ਬਾਕੀਆਂ ਦਾ ਦਿਲ ਵੀ ਕੈਨੇਡਾ ਜਾ ਕੇ ਡਾਲਰ ਹੂੰਝਣ ਲਈ ਲਲਚਾ ਉੱਠਦਾ ਹੈ। ਭਾਵੇਂ ਕਿ ਅਸਲੀਅਤ ਵਿੱਚ ਉਥੇ ਡਾਲਰ ਕਮਾਉਣਾ ਐਨਾ ਸੌਖਾ ਨਹੀਂ ਹੈ। ਕੈਨੇਡਾ ਸਰਕਾਰ ਨੂੰ ਸਿਰਫ ਵਿਦਿਆ ਦੇ ਖੇਤਰ ਤੋਂ ਹੀ ਹਰ ਸਾਲ ਅਰਬਾਂ ਡਾਲਰ ਦੀ ਕਮਾਈ ਹੋ ਰਹੀ ਹੈ। ਕੈਨੇਡਾ ਦੇ ਹਰ ਸ਼ਹਿਰ ਵਿੱਚ ਖੁੰਬਾਂ ਵਾਂਗ ਕਾਲਜ ਅਤੇ ਯੂਨੀਵਰਸਿਟੀਆਂ ਖੁਲ੍ਹ ਗਈਆਂ ਹਨ। ਕਰੋਨਾ ਕਾਲ ਵਿੱਚ ਵਿਦਿਆਰਥੀਆਂ ਦੇ ਵੀਜ਼ੇ ਬੰਦ ਹੋਣ ਕਾਰਨ ਕੈਨੇਡਾ ਦੇ ਦਰਜ਼ਨਾਂ ਕਾਲਜ ਅਤੇ ਯੂਨੀਵਰਸਿਟੀਆਂ ਦਿਵਾਲੀਆ ਹੋ ਗਏ ਹਨ, ਕਿਉਂਕਿ ਉਥੇ ਭਾਰਤ ਵਾਲਾ ਹਿਸਾਬ ਨਹੀਂ ਕਿ ਜੇ ਸਕੂਲ ਕਾਲਜ ਬੰਦ ਹਨ ਤਾਂ ਟੀਚਰਾਂ ਦੀ ਤਨਖਾਹ ਕੱਟ ਲਉ।

ਇਸ ਸਮੇਂ ਦੌਰਾਨ ਸਭ ਤੋਂ ਬੁਰੀ ਗੱਲ ਇਹ ਹੋ ਰਹੀ ਹੈ ਕਿ ਆਈਲੈਟਸ ਕਰਨ ਵਾਲੇ ਕਈ ਲੜਕੇ ਅਤੇ ਲੜਕੀਆਂ ਏਜੰਟਾਂ ਨਾਲ ਮਿਲ ਕੇ ਠੱਗੀਆਂ ਮਾਰਨ ਲੱਗ ਪਏ ਹਨ। ਕਿਸੇ ਲੜਕੇ ਲੜਕੀ ਦੇ 6 ਬੈਂਡ ਆਉਂਦੇ ਸਾਰ ਰਿਸ਼ਤਿਆਂ ਦਾ ਹੜ੍ਹ ਆ ਜਾਂਦਾ ਹੈ। ਜਿਹੜੇ ਲੜਕੇ ਕਿਸੇ ਕਾਰਨ ਕੈਨੇਡਾ ਜਾਣ ਲਈ ਜਰੂਰੀ ਬੈਂਡ ਹਾਸਲ ਨਹੀਂ ਕਰ ਸਕਦੇ, ਉਹ ਅਜਿਹੀਆਂ ਲੜਕੀਆਂ ਦੀ ਭਾਲ ਵਿੱਚ ਰਹਿੰਦੇ ਹਨ ਜੋ ਉਨ੍ਹਾਂ ਨੂੰ ਵਿਆਹ ਕਰਵਾ ਕੇ ਸਪਾਊਸ ਵੀਜ਼ੇ 'ਤੇ ਕੈਨੇਡਾ ਪਹੁੰਚਾ ਸਕਣ। ਇਸ ਸਬੰਧੀ ਅਨੇਕਾਂ ਲੜਕਿਆਂ ਵੱਲੋਂ ਰੋਜ਼ਾਨਾ ਅਖਬਾਰਾਂ ਵਿੱਚ ਇਸ਼ਤਿਹਾਰ ਛਪਵਾਏ ਜਾਂਦੇ ਹਨ ਕਿ 6 ਬੈਂਡ ਲੜਕੀ ਦੀ ਜਰੂਰਤ ਹੈ ਜੋ ਲੜਕੇ ਨੂੰ ਕੈਨੇਡਾ ਲਿਜਾ ਸਕੇ। ਵਿਆਹ ਕੱਚਾ ਅਤੇ ਸਾਰਾ ਖਰਚਾ ਲੜਕੇ ਵੱਲੋਂ ਕੀਤਾ ਜਾਵੇਗਾ। ਜਦੋਂ ਰਿਸ਼ਤਾ ਹੋ ਪੱਕਾ ਜਾਂਦਾ ਹੈ ਤਾਂ ਸ਼ਗਨ ਅਤੇ ਵਿਆਹ ਤੋਂ ਲੈ ਕੇ ਲੜਕੀ ਦੀ ਟਿਕਟ, ਵੀਜ਼ਾ ਅਤੇ ਕੈਨੇਡਾ ਵਿੱਚ ਪੜ੍ਹਾਈ ਅਤੇ ਰਹਿਣ ਸਹਿਣ ਦਾ ਸਾਰਾ ਖਰਚਾ ਲੜਕੇ ਵੱਲੋਂ ਕੀਤਾ ਜਾਂਦਾ ਹੈ। ਇਸ ਸਭ 'ਤੇ ਲੜਕੇ ਵਾਲਿਆਂ ਦਾ 35 ਤੋਂ 50 ਲੱਖ ਤੱਕ ਖਰਚਾ ਆ ਜਾਂਦਾ ਹੈ। ਜਦੋਂ ਲੜਕੀ ਵਿਦੇਸ਼ ਪਹੁੰਚ ਜਾਂਦੀ ਹੈ ਤਾਂ ਲਾੜੇ ਵੱਲੋਂ ਖੁਸ਼ੀ ਖੁਸ਼ੀ ਅਟੈਚੀ ਬੰਨ੍ਹ ਕੇ ਸਪਾਊਸ ਵੀਜ਼ੇ ਦਾ ਇੰਤਜ਼ਾਰ ਸ਼ੁਰੂ ਹੋ ਜਾਂਦਾ ਹੈ।

ਇਸ ਤੋਂ ਬਾਅਦ ਕਈ ਵਾਰ ਗੜਬੜ ਸ਼ੁਰੂ ਹੋ ਜਾਂਦੀ ਹੈ। ਜਿਆਦਾਤਰ ਲੜਕੀਆਂ ਤਾਂ ਲੜਕਿਆਂ ਨੂੰ ਕੈਨੇਡਾ ਬੁਲਾ ਲੈਂਦੀਆਂ ਹਨ, ਪਰ ਕਈਆਂ ਦਾ ਉਥੇ ਜਾ ਕੇ ਮਨ ਬੇਈਮਾਨ ਹੋ ਜਾਂਦਾ ਹੈ। ਕਈਆਂ ਨੂੰ ਕੈਨੇਡਾ ਵਿੱਚ ਪੰਜਾਬ ਨਾਲੋਂ ਵੀ ਵਧੀਆ ਚੰਗੇ ਕਾਰੋਬਾਰੀ ਜਾਂ ਵਧੀਆ ਨੌਕਰੀਆਂ ਵਾਲੇ ਪੱਕੇ ਸਿਟੀਜ਼ਨ ਲੜਕੇ ਮਿਲ ਜਾਂਦੇ ਹਨ ਜਿਨ੍ਹਾਂ ਨਾਲ ਵਿਆਹ ਕਰਵਾ ਕੇ ਪੀ.ਆਰ. ਮਿੰਟੋ ਮਿੰਟੀ ਮਿਲ ਜਾਂਦੀ ਹੈ। ਜਾਂ ਕਈਆਂ ਦਾ ਪੰਜਾਬ ਵਿੱਚ ਪਹਿਲਾਂ ਹੀ ਕੋਈ ਬੁਆਏ ਫ੍ਰੈਂਡ ਹੁੰਦਾ ਹੈ ਜਿਸ ਨੂੰ ਬੁਲਾਉਣ ਦੀ ਉਨ੍ਹਾਂ ਨੇ ਸਾਈ ਵਧਾਈ ਲਗਾਈ ਹੁੰਦੀ ਹੈ। ਜਿਸ ਲਾੜੇ ਨੇ ਜ਼ਮੀਨ ਗਹਿਣੇ ਧਰ ਕੇ ਜਾਂ ਵੇਚ ਕੇ ਕੈਨੇਡਾ ਦੇ ਠੰਡੇ ਮੌਸਮ ਦੇ ਨਜ਼ਾਰੇ ਲੈਣ ਦੇ ਸੁਪਨੇ ਲਏ ਹੁੰਦੇ ਹਨ, ਉਹ ਝੋਨਾ ਲਗਾਉਣ ਲਈ ਟਰੈਕਟਰ ਵਾਹ ਰਿਹਾ ਹੁੰਦਾ ਹੈ ਤੇ ਜਿਸ ਨੇ ਇੱਕ ਪੈਸਾ ਨਹੀਂ ਖਰਚਿਆ ਹੁੰਦਾ, ਉਹ ਮੁਫਤੋ ਮੁਫਤੀ ਕੈਨੇਡਾ ਪਹੁੰਚ ਜਾਂਦਾ ਹੈ। ਇਹ ਧੋਖਾ ਇਕੱਲੇ ਆਈਲੈਟਸ ਵਾਲਿਆਂ ਨਾਲ ਹੀ ਨਹੀਂ, ਸਗੋਂ ਕੈਨੇਡਾ ਦੇ ਪੱਕੇ ਵਸਨੀਕਾਂ ਨਾਲ ਵੀ ਹੋ ਰਿਹਾ ਹੈ। ਕੈਨੇਡਾ ਦੇ ਪੱਕੇ ਸਿਟੀਜ਼ਨ ਕਈ ਲਾੜੇ ਕੈਨੇਡਾ ਦੀਆਂ ਤੇਜ਼ ਤਰਾਰ ਲੜਕੀਆਂ ਨਾਲ ਵਿਆਹ ਕਰਵਾਉਣ ਦੀ ਬਜਾਏ ਪੰਜਾਬ ਵਿੱਚ ਵਿਆਹ ਕਰਵਾਉਣਾ ਪਸੰਦ ਕਰਦੇ ਹਨ ਤਾਂ ਜੋ ਲੜਕੀ ਕੈਨੇਡਾ ਪਹੁੰਚ ਕੇ ਇੱਕ ਤਾਂ ਉਨ੍ਹਾਂ ਦੇ ਅਹਿਸਾਨ ਥੱਲੇ ਦੱਬੀ ਰਹੇ ਤੇ ਦੂਸਰਾ ਉਨ੍ਹਾਂ ਦੇ ਮਾਂ




**ਧੋਖੇਬਾਜ਼ ਲਾੜ੍ਹਿਆਂ ਦੇ ਖਿਲਾਫ ਕਾਰਵਾਈ ਕਰਵਾਉਣ ਲਈ ਪੰਜਾਬ ਵਿੱਚ ਅਨੇਕਾਂ ਸੰਸਥਾਵਾਂ ਸਰਗਰਮ ਹਨ ਪਰ ਧੋਖੇਬਾਜ਼ ਲਾੜ੍ਹੀਆਂ ਦੇ ਖਿਲਾਫ ਕਾਰਵਾਈ ਕਰਵਾਉਣ ਲਈ ਇੱਕ ਵੀ ਅਜਿਹੀ ਸੰਸਥਾ ਨਹੀਂ ਹੈ। ਲੜਕਿਆਂ ਨੂੰ ਹਮਦਰਦੀ ਦੀ ਬਜਾਏ ਸਗੋਂ ਮਖੌਲਾਂ ਟਿੱਚਰਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸੱਥ ਵਿੱਚ ਬੈਠੇ ਵਿਹਲੜ "ਹਾਂ ਭਾਈ, ਫਿਰ ਗਿਆ ਨਹੀਂ ਕੈਨੇਡਾ" ਕਹਿ ਕੇ ਮਖੌਲ ਉਡਾਉਂਦੇ ਹਨ। ਪੁਲਿਸ ਥਾਣਿਆਂ ਵਿੱਚ ਵੀ ਬਹੁਤੀ ਸੁਣਵਾਈ ਨਹੀਂ ਹੁੰਦੀ। ਵੱਧ ਤੋਂ ਵੱਧ ਲੜਕੀ ਅਤੇ ਉਸ ਦੇ ਪਰਿਵਾਰ ਦੇ ਖਿਲਾਫ ਠੱਗੀ ਮਾਰਨ ਦਾ ਮੁਕੱਦਮਾ ਦਰਜ਼ ਕੀਤਾ ਜਾਂਦਾ ਹੈ ਜੋ ਸਾਲਾਂ ਤੱਕ ਲਟਕਿਆ ਰਹਿੰਦਾ ਹੈ। ਲੜਕੀ ਵਾਪਸ ਨਹੀਂ ਆਉਂਦੀ ਤੇ ਲੜਕੇ ਵਾਲਿਆਂ ਨੂੰ ਅੱਧ-ਪਚੱਧ ਪੈਸੇ ਲੈ ਕੇ ਰਾਜ਼ੀਨਾਮਾ ਕਰਨਾ ਪੈਂਦਾ ਹੈ। ਇੱਕ ਸਰਵੇ ਦੇ ਮੁਤਾਬਕ ਹਰ ਸਾਲ ਪੰਜਾਬ ਵਿੱਚ 1500 ਤੋਂ ਵੱਧ ਅਜਿਹੀਆਂ ਧੋਖੇਬਾਜ਼ੀਆਂ ਹੋ ਰਹੀਆਂ ਹਨ। ਲੜਕੀਆਂ ਕੈਨੇਡਾ ਪਹੁੰਚ ਕੇ ਲੜਕੇ ਨਾਲ ਛੋਟੀ-ਛੋਟੀ ਗੱਲ 'ਤੇ ਝਗੜਨਾ ਸ਼ੁਰੂ ਕਰ ਦਿੰਦੀਆਂ ਹਨ।**

ਬਾਪ ਦੀ ਸੇਵਾ ਕਰੇ। ਪਰ ਅਨੇਕਾਂ ਅਜਿਹੇ ਕੇਸ ਹੋਏ ਹਨ ਕਿ ਲੜਕਾ ਟੋਰਾਂਟੋ ਏਅਰਪੋਰਟ 'ਤੇ ਉਡੀਕ ਰਿਹਾ ਹੁੰਦਾ ਹੈ ਤੇ ਲੜਕੀ ਵੈਨਕੂਵਰ ਉੱਤਰ ਕੇ ਕਿਸੇ ਹੋਰ ਨਾਲ ਚਲੀ ਜਾਂਦੀ ਹੈ। ਇਸੇ ਕਾਰਨ ਹੁਣ ਕੈਨੇਡਾ ਸਰਕਾਰ ਨੇ ਕਾਨੂੰਨ ਸਖਤ ਕਰ ਦਿੱਤੇ ਹਨ। ਸਿਟੀਜ਼ਨਸ਼ਿੱਪ ਲੈਣ ਲਈ ਲੜਕੇ ਲੜਕੀ ਦਾ ਤਿੰਨ ਸਾਲ ਤੱਕ ਇਕੱਠੇ ਰਹਿਣਾ ਜਰੂਰੀ ਹੈ, ਨਹੀਂ ਵਾਪਸੀ ਦੀ ਟਿਕਟ ਕੱਟ ਸਕਦੀ ਹੈ। ਪਰ ਸਟੱਡੀ ਵੀਜ਼ੇ 'ਤੇ ਗਏ ਲੜਕੇ ਲੜਕੀ ਉੱਪਰ ਇਹ ਕਾਨੂੰਨ ਲਾਗੂ ਨਹੀਂ ਹੁੰਦਾ।

ਧੋਖੇਬਾਜ਼ ਲਾੜ੍ਹਿਆਂ ਦੇ ਖਿਲਾਫ ਕਾਰਵਾਈ ਕਰਵਾਉਣ ਲਈ ਪੰਜਾਬ ਵਿੱਚ ਅਨੇਕਾਂ ਸੰਸਥਾਵਾਂ ਸਰਗਰਮ ਹਨ ਪਰ ਧੋਖੇਬਾਜ਼ ਲਾੜ੍ਹੀਆਂ ਦੇ ਖਿਲਾਫ ਕਾਰਵਾਈ ਕਰਵਾਉਣ ਲਈ ਇੱਕ ਵੀ ਅਜਿਹੀ ਸੰਸਥਾ ਨਹੀਂ ਹੈ। ਲੜਕਿਆਂ ਨੂੰ ਹਮਦਰਦੀ ਦੀ ਬਜਾਏ ਸਗੋਂ ਮਖੌਲਾਂ ਟਿੱਚਰਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸੱਥ ਵਿੱਚ ਬੈਠੇ ਵਿਹਲੜ "ਹਾਂ ਭਾਈ, ਫਿਰ ਗਿਆ ਨਹੀਂ ਕੈਨੇਡਾ" ਕਹਿ ਕੇ ਮਖੌਲ ਉਡਾਉਂਦੇ ਹਨ। ਪੁਲਿਸ ਥਾਣਿਆਂ ਵਿੱਚ ਵੀ ਬਹੁਤੀ ਸੁਣਵਾਈ ਨਹੀਂ ਹੁੰਦੀ। ਵੱਧ ਤੋਂ ਵੱਧ ਲੜਕੀ ਅਤੇ ਉਸ ਦੇ ਪਰਿਵਾਰ ਦੇ ਖਿਲਾਫ ਠੱਗੀ ਮਾਰਨ ਦਾ ਮੁਕੱਦਮਾ ਦਰਜ਼ ਕੀਤਾ ਜਾਂਦਾ ਹੈ ਜੋ ਸਾਲਾਂ ਤੱਕ ਲਟਕਿਆ ਰਹਿੰਦਾ ਹੈ। ਲੜਕੀ ਵਾਪਸ ਨਹੀਂ ਆਉਂਦੀ ਤੇ ਲੜਕੇ ਵਾਲਿਆਂ ਨੂੰ ਅੱਧ-ਪਚੱਧ ਪੈਸੇ ਲੈ ਕੇ ਰਾਜ਼ੀਨਾਮਾ ਕਰਨਾ ਪੈਂਦਾ ਹੈ। ਇੱਕ ਸਰਵੇ ਦੇ ਮੁਤਾਬਕ ਹਰ ਸਾਲ ਪੰਜਾਬ ਵਿੱਚ 1500 ਤੋਂ ਵੱਧ ਅਜਿਹੀਆਂ ਧੋਖੇਬਾਜ਼ੀਆਂ ਹੋ ਰਹੀਆਂ ਹਨ। ਲੜਕੀਆਂ ਕੈਨੇਡਾ ਪਹੁੰਚ ਕੇ ਲੜਕੇ ਨਾਲ ਛੋਟੀ-ਛੋਟੀ ਗੱਲ 'ਤੇ ਝਗੜਨਾ ਸ਼ੁਰੂ ਕਰ ਦਿੰਦੀਆਂ ਹਨ। ਇੱਕ ਕੇਸ ਵਿੱਚ ਤਾਂ ਲੜਕੀ ਨੇ ਆਪਣੇ ਨਾਲ ਲਿਵ ਇੰਨ ਰਿਲੇਸ਼ਨ ਵਿੱਚ ਰਹਿ ਰਹੇ ਲੜਕੇ ਨੂੰ ਕਹਿ ਕੇ ਆਪਣੇ ਪਤੀ ਨੂੰ ਆਪਣੀਆਂ ਅੰਤਰੰਗ ਪਲਾਂ ਦੀਆਂ ਫੋਟੋਆ ਹੀ ਭੇਜ ਦਿੱਤੀਆਂ ਤਾਂ ਜੋ ਤਲਾਕ ਜਲਦੀ ਹੋ ਜਾਵੇ। ਪਰ ਇਸ ਸਬੰਧੀ ਵੀ ਕੈਨੇਡਾ ਵਿੱਚ ਇੱਕ ਕਾਨੂੰਨ ਹੈ। ਜੇ ਲੜਕੀ ਦੇ ਪਾਸਪੋਰਟ ਵਿੱਚ ਪਤੀ ਦੇ ਤੌਰ 'ਤੇ ਲੜਕੇ ਦਾ ਨਾਮ ਲਿਖਿਆ ਹੋਵੇ ਤਾਂ ਤਦ ਤੱਕ ਤੱਕ ਪੀ.ਆਰ. ਨਹੀਂ ਹੁੰਦੀ, ਜਿੰਨੀ ਦੇਰ ਪੰਜਾਬ ਵਿੱਚ ਹੋਏ ਅਦਾਲਤੀ ਤਲਾਕ ਦੀ ਕਾਪੀ ਕੈਨੇਡੀਅਨ ਇੰਮੀਗਰੇਸ਼ਨ ਕੋਲ ਨਹੀਂ ਪਹੁੰਚਦੀ। ਇਸ ਲਈ ਅਸਲੀ ਜਾਂ ਨਕਲੀ ਵਿਆਹ ਤੋਂ ਬਾਅਦ ਲੜਕੇ ਲੜਕੀ ਦੇ ਪਾਸਪੋਰਟ ਵਿੱਚ ਪਤੀ- ਪਤਨੀ ਦਾ ਨਾਮ ਜਰੂਰ ਲਿਖਵਾ ਲੈਣਾ ਚਾਹੀਦਾ ਹੈ।

ਬਾਅਦ ਵਿੱਚ ਪਛਤਾਉਣ ਦੀ ਬਜਾਏ ਅਜਿਹਾ ਵਿਆਹ ਕਰਨ ਤੋਂ ਪਹਿਲਾਂ ਠੋਕ ਵਜਾ ਕੇ ਵੇਖ ਲੈਣਾ ਚਾਹੀਦਾ ਹੈ। ਕਦੇ ਵੀ ਏਜੰਟਾਂ ਦੇ ਢਾਹੇ ਚੜ੍ਹ ਕੇ ਅਣਜਾਣ ਲੜਕੇ ਲੜਕੀ ਨਾਲ ਰਿਸ਼ਤਾ ਨਹੀਂ ਕਰਨਾ ਚਾਹੀਦਾ। ਹਮੇਸ਼ਾਂ ਵਾਕਿਫ ਪਰਿਵਾਰਾਂ ਵਿੱਚ ਹੀ ਰਿਸ਼ਤਾ ਕਰਨਾ ਚਾਹੀਦਾ ਹੈ। ਪਰ ਸਭ ਤੋਂ ਮਹੱਤਵਪੂਰਣ ਗੱਲ ਇਹ ਹੈ ਕਿ ਕਿਸੇ ਦੇ ਮੋਢਿਆਂ 'ਤੇ ਚੜ੍ਹ ਕੇ ਕੈਨੇਡਾ ਜਾਣ ਦੀ ਬਜਾਏ ਖੁਦ ਮਿਹਨਤ ਕਰ ਕੇ ਤੇ ਜ਼ਾਇਜ ਤਰੀਕੇ ਨਾਲ ਹੀ ਵਿਦੇਸ਼ ਜਾਣਾ ਚਾਹੀਦਾ ਹੈ।-0-

# ਸਾਧ ਤੇ ਕਰੋਨਾ

ਦਾਲ ਪੀਣਿਆਂ ਦਾ ਚਰਨਾ ਮੋਟਰ ਸਾਇਕਲ ਭਜਾਈ ਜਾਂਦਾ ਸੱਥ ਲਾਗੋਂ ਲੰਘਿਆ ਤਾਂ ਸ਼ਰੀਕੇ 'ਚੋਂ ਤਾਏ ਲੱਗਦੇ ਕਰਮ ਸਿੰਘ ਮਾਸਟਰ ਨੇ ਅਵਾਜ਼ ਮਾਰ ਕੇ ਰੋਕ ਲਿਆ, "ਕਿੱਧਰ ਨੂੰ ਮੋਟਰ ਸਾਇਕਲ ਭਜਾਈ ਜਾਨਾ ਸਵੇਰੇ ਸਵੇਰ? ਤੈਨੂੰ ਤਾਂ ਸੁਣਿਆਂ ਕਰੋਨਾ ਹੋ ਗਿਆ ਸੀ ਵੀਹ ਕੁ ਦਿਨ ਪਹਿਲਾਂ। ਘਰ ਬੈਠ ਕੇ ਅਰਾਮ ਨਹੀਂ ਕੀਤਾ ਜਾਂਦਾ ਤੇਰੇ ਕੋਲੋਂ।" "ਉਹ ਤਾਂ ਤਾਇਆ ਸੱਤ ਕੁ ਦਿਨ ਕਰੋਨਾ ਸੈਂਟਰ ਵਿੱਚ ਦਾਖਲ ਹੋ ਕੇ ਠੀਕ ਹੋ ਗਿਆ ਸੀ। ਦਸ ਬਾਰਾਂ ਦਿਨ ਘਰ ਵਿੱਚ ਇਕਾਂਤਵਾਸ ਕੀਤਾ ਤੇ ਹੁਣ ਬਾਬੇ ਠੱਗ ਦਾਸ ਦੇ ਡੇਰੇ ਧੰਨਵਾਦ ਕਰਨ ਚੱਲਿਆਂ। ਬੱਸ ਬਾਬਾ ਜੀ ਦੀ ਕ੍ਰਿਪਾ ਨਾਲ ਜਾਨ ਬਚ ਗਈ ਨਹੀਂ ਤਾਂ ਚੱਲੇ ਸੀ ਅਗਲੇ ਜਹਾਨ ਨੂੰ" ਚਰਨੇ ਨੇ ਅਸਮਾਨ ਵੱਲ ਹੱਥ ਜੋੜਦੇ ਹੋਏ ਕਿਹਾ। "ਦੁਰ ਫਿਟੇ ਮੂੰਹ ਤੇਰੇ ਜਣਦਿਆਂ ਦੇ। ਬੇਵਕੂਫਾ ਬਚਾਇਆ ਤੈਨੂੰ ਡਾਕਟਰਾਂ ਨੇ ਆ ਕਿ ਠੱਗ ਦਾਸ ਪਾਖੰਡੀ ਨੇ। ਡਾਕਟਰਾਂ ਦਾ ਧੰਨਵਾਦ ਕਰਨ ਦੀ ਬਜਾਏ ਤੂੰ ਅੱਕਾਂ ਨੂੰ ਤੇਲ ਚੜ੍ਹਾਉਣ ਚੱਲਿਆ ਆਂ। ਇਥੋਂ ਈ ਵਾਪਸ ਮੁੜ ਜਾ, ਤੇਰੀ ਜਾਨ ਬਚਾਉਣ ਵਾਲਾ ਠੱਗ ਦਾਸ ਖੁਦ ਕਰੋਨਾ ਕਾਰਨ 8 ਦਿਨ ਤੋਂ ਸ਼ਹਿਰ ਦੇ ਵੱਡੇ ਪ੍ਰਾਈਵੇਟ ਹਸਪਤਾਲ ਵਿੱਚ ਵੈਂਟੀਲੇਟਰ 'ਤੇ ਪਿਆ ਜ਼ਿੰਦਗੀ ਮੌਤ ਦੀ ਲੜਾਈ ਲੜ ਰਿਹਾ ਆ। ਜਿਹੜਾ ਖੁਦ ਨੂੰ ਨਹੀਂ ਬਚਾ ਸਕਿਆ, ਉਹ ਤੇਰੇ ਵਰਗੇ ਅੰਧ ਭਗਤਾਂ ਨੂੰ ਕੀ ਬਚਾਊਗਾ?" ਮਾਸਟਰ ਦੀ ਗੱਲ ਸੁਣ ਕੇ ਮੁੰਡੀਹਰ ਵਿੱਚ ਹਾਸੜ ਮੱਚ ਗਿਆ ਤੇ ਵਿਚਾਰਾ ਚਰਨਾ ਉਥੋਂ ਹੀ ਹਾਰੇ ਜੁਆਰੀਏ ਵਾਂਗ ਘਰ ਨੂੰ ਮੁੜ ਗਿਆ।

# ਝੱਲਾ ਕੌਣ?

ਲੁਧਿਆਣੇ ਵਿੱਚ ਇੱਕ ਬਹੁਤ ਮਸ਼ਹੂਰ ਹਲਵਾਈ ਦੀ ਦੁਕਾਨ ਹੈ ਜੋ ਝੱਲਿਆਂ ਦੀ ਹੱਟੀ ਦੇ ਨਾਮ ਨਾਲ ਮਸ਼ਹੂਰ ਹੈ। ਬਾਕੀ ਦੇ ਸਮਾਨ ਦੇ ਨਾਲ ਨਾਲ ਉਸ ਦੁਕਾਨ ਦਾ ਪਨੀਰ ਸਾਰੇ ਇਲਾਕੇ ਵਿੱਚ ਮਸ਼ਹੂਰ ਹੈ। ਇੱਕ ਵਾਰ ਨਜ਼ਦੀਕੀ ਕਸਬੇ ਤੋਂ ਕੋਈ ਖਰੀਦਦਾਰ ਉਸ ਦੁਕਾਨ ਤੋਂ ਪਨੀਰ ਲੈਣ ਲਈ ਪਹੁੰਚ ਗਿਆ। ਖਰੀਦਦਾਰ ਥੋੜ੍ਹਾ ਮੂੰਹ ਫੱਟ ਕਿਸਮ ਦਾ ਇਨਸਾਨ ਸੀ ਤੇ ਚੁੱਪ ਰਹਿਣ ਨਾਲ ਉਸ ਦੇ ਢਿੱਡ ਵਿੱਚ ਪੀੜ ਹੋਣ ਲੱਗ ਪੈਂਦੀ ਸੀ। ਪਨੀਰ ਤੁਲਵਾਉਣ ਤੋਂ ਬਾਅਦ ਉਸ ਤੋਂ ਰਿਹਾ ਨਾ ਗਿਆ ਤਾਂ ਉਸ ਨੇ ਹਲਵਾਈ ਨੂੰ ਪੁੱਛ ਲਿਆ, "ਸ਼ਾਹ ਜੀ ਤੁਹਾਨੂੰ ਝੱਲੇ ਕਿਉਂ ਕਹਿੰਦੇ ਹਨ?" ਹਲਵਾਈ ਰੋਜ ਰੋਜ ਪੁੱਛੇ ਜਾਣ ਵਾਲੇ ਇਸ ਸਵਾਲ ਕਾਰਨ ਪਹਿਲਾਂ ਹੀ ਖਿਝ੍ਹਿਆ ਬੈਠਾ ਸੀ। ਉਸ ਨੇ ਖਰੀਦਦਾਰ ਨੂੰ ਉਲਟਾ ਸਵਾਲ ਪੁੱਛ ਲਿਆ, "ਉਹ ਤਾਂ ਤੈਨੂੰ ਬਾਅਦ ਵਿੱਚ ਦੱਸਦਾ ਹਾਂ, ਪਹਿਲਾਂ ਮੈਨੂੰ ਇਹ ਦੱਸ ਕਿ ਤੂੰ ਕਿੱਥੋਂ ਆਇਆਂ ਹੈਂ?" "ਮੈਂ ਤਾਂ ਸ਼ਾਹ ਜੀ ਦੋਰਾਹੇ ਤੋਂ ਆਇਆ ਹਾਂ," ਖਰੀਦਦਾਰ ਨੇ ਹੈਰਾਨ ਜਿਹਾ ਹੋ ਕੇ ਜਵਾਬ ਦਿੱਤਾ ਕਿ ਝੱਲਿਆਂ ਦਾ ਇਸ ਸਵਾਲ ਤੋਂ ਕੀ ਮਤਲਬ ਹੋ ਸਕਦਾ ਹੈ।

"ਦੋਰਾਹੇ ਤੋਂ ਲੈ ਕੇ ਲੁਧਿਆਣੇ ਤੱਕ ਸੈਂਕੜੇ ਪਨੀਰ ਦੀਆਂ ਦੁਕਾਨਾਂ ਹਨ। ਤੂੰ ਐਨੀ ਗਰਮੀ ਵਿੱਚ ਸੜਦਾ ਮਰਦਾ ਸਾਡੀ ਦੁਕਾਨ 'ਤੇ ਹੀ ਕਿਉਂ ਪਹੁੰਚਿਆਂ ਹੈਂ? ਹੁਣ ਦੱਸ ਕਿ ਝੱਲੇ ਅਸੀਂ ਹਾਂ ਕਿ ਤੂੰ?" ਹਲਵਾਈ ਦੇ ਜਵਾਬ ਨੇ ਖਰੀਦਦਾਰ ਨੂੰ ਬੋਲਣ ਜੋਗਾ ਨਾ ਛੱਡਿਆ। ਉਹ ਚੁੱਪ ਚਾਪ ਕੰਨ ਝਾੜ ਕੇ ਦੁਕਾਨ ਤੋਂ ਬਾਹਰ ਹੋ ਗਿਆ ਤੇ ਸਹੁੰ ਖਾਧੀ ਕਿ ਅੱਗੇ ਤੋਂ ਕਿਸੇ ਦੀ ਦੁਖਦੀ ਰਗ 'ਤੇ ਉਂਗਲ ਨਹੀਂ ਰੱਖਣੀ।

# ਨਕਲੀ ਦੁੱਧ

ਪਿੰਡ ਦੀ ਸੱਥ ਵਿੱਚ ਕਰੋਨਾ ਮਹਾਂਮਾਰੀ ਕਾਰਨ ਵਿਹਲੇ ਹੋਏ ਲੋਕ ਬੈਠੇ ਗੱਪਾਂ ਮਾਰ ਰਹੇ ਸਨ। ਅਚਾਨਕ ਉਥੋਂ ਦੀ ਮਿਲਖਾ ਦੋਧੀ ਮੋਟਰ ਸਾਇਕਲ ਨਾਲ ਦੁੱਧ ਦੇ ਡੋਹਣੇ ਬੰਨ੍ਹੀਂ ਸ਼ਹਿਰ ਵੱਲ ਜਾਂਦਾ ਵਿਖਾਈ ਦਿੱਤਾ। ਗੱਲਬਾਤ ਇੱਕ ਦਮ ਦੁੱਧ ਵੱਲ ਮੁੜ ਗਈ। ਜੱਗਾ ਸਕੀਮੀ ਕਹਿਣ ਲੱਗਾ, "ਵੇਖ ਲਉ, ਕਰੋਨਾ ਲਾਕਡਾਊਨ ਕਾਰਨ ਸਾਰੇ ਮੈਰਿਜ ਪੈਲਸ ਤਕਰੀਬਨ ਬੰਦ ਵਰਗੇ ਨੇ। ਕਿਸੇ ਪਾਸੇ ਵੀ ਵਿਆਹ ਸ਼ਾਦੀਆਂ ਜਾਂ ਪਾਰਟੀਆਂ ਵਗੈਰਾ ਨਹੀਂ ਹੋ ਰਹੀਆਂ। ਚਲੋ ਪਿੰਡਾਂ ਦਾ ਦੁੱਧ ਤਾਂ ਅਜੇ ਵੀ ਸ਼ਹਿਰਾਂ ਵਿੱਚ ਖਪ ਰਿਹਾ ਹੈ, ਪਰ ਵਿਆਹ ਸ਼ਾਦੀਆਂ ਵਿੱਚ ਬਣਨ ਵੱਲੇ ਖੋਏ, ਪਨੀਰ ਅਤੇ ਮਠਿਆਈਆਂ ਲਈ ਵਰਤਿਆ ਜਾਣ ਵਾਲਾ ਲੱਖਾਂ ਲੀਟਰ ਦੁੱਧ ਕਿੱਥੇ ਗਾਇਬ ਹੋ ਗਿਆ? ਕਿਉਂ ਨਹੀਂ ਅਖਬਾਰਾਂ ਵਿੱਚ ਦੁੱਧ ਨਾਲੀਆਂ ਵਿੱਚ ਰੋੜ੍ਹਨ ਦੀਆਂ ਖਬਰਾਂ ਆ ਰਹੀਆਂ?" ਲਾਗੇ ਬੈਠੇ ਹੀਰੇ ਕਾਮਰੇਡ ਨੇ ਫੌਰਨ ਜਵਾਬ ਦਿੱਤਾ, "ਉਹ ਦੁੱਧ ਮੱਝਾਂ ਗਾਵਾਂ ਤੋਂ ਨਹੀਂ, ਬਲਕਿ ਨਕਲੀ ਦੁੱਧ ਬਣਾਉਣ ਵਾਲੀਆਂ ਫੈਕਟਰੀਆਂ ਤੋਂ ਆਉਂਦਾ ਸੀ। ਹੁਣ ਦੁੱਧ ਦੀ ਮੰਗ ਘਟਣ ਕਾਰਨ ਫੈਕਟਰੀਆਂ ਫਿਲਹਾਲ ਬੰਦ ਹੋ ਗਈਆਂ ਹਨ ਤੇ ਸ਼ਹਿਰੀਆਂ ਨੂੰ ਅਸਲੀ ਦੁੱਧ ਮਿਲਣ ਲੱਗ ਪਿਆ ਹੈ। ਜਦੋਂ ਮੰਗ ਵਧ ਗਈ ਤਾਂ ਦੁਬਾਰਾ ਫੈਕਟਰੀਆਂ ਚਾਲੂ ਹੋ ਜਾਣਗੀਆਂ।"

**-ਐੱਸ.ਪੀ. ਬਲਰਾਜ ਸਿੰਘ ਪੰਡੋਰੀ ਸਿੱਧਵਾਂ**

# ਬੱਚਿਆਂ ਦੇ ਚਰਿੱਤਰ ਨਿਰਮਾਣ ਵਿਚ ਮਾਪਿਆਂ ਦਾ ਰੋਲ

-ਗੁਰਪ੍ਰੀਤ ਕੌਰ
93176-77301



ਬੱਚੇ ਦੇਸ਼ ਤੇ ਕੌਮ ਦਾ ਸਰਮਾਇਆ ਅਤੇ ਭਵਿੱਖ ਦੇ ਨਿਰਮਾਤਾ ਹੁੰਦੇ ਹਨ। ਪੁਰਾਣੇ ਸਮੇਂ ਵਿੱਚ ਬੱਚੇ ਦਾਦਾ-ਦਾਦੀ, ਨਾਨਾ-ਨਾਨੀ ਦੀ ਛਤਰ ਛਾਇਆ ਹੇਠ ਪਲਦੇ, ਗੁਰੂਆਂ, ਭਗਤਾਂ, ਬਹਾਦਰਾਂ ਤੇ ਸ਼ਹੀਦਾਂ ਦੀਆਂ ਕਹਾਣੀਆਂ ਸੁਣਦੇ ਤੇ ਚੰਗੇ ਸੰਸਕਾਰ ਗ੍ਰਹਿਣ ਕਰਦੇ ਸਨ। ਅਜੋਕੇ ਪਦਾਰਥਵਾਦੀ ਯੁੱਗ ਵਿੱਚ ਟੁੱਟਦੇ ਪਰਿਵਾਰਾਂ ਦਾ ਜੇ ਸਭ ਤੋਂ ਮਾੜਾ ਅਸਰ ਪੈ ਰਿਹਾ ਹੈ ਤਾਂ ਉਹ ਬੱਚਿਆਂ 'ਤੇ ਹੈ ਜੋ ਬਜ਼ੁਰਗਾਂ ਦੇ ਪਿਆਰ, ਲਾਡ-ਦੁਲਾਰ ਦੇ ਨਾਲ ਮਾਪਿਆਂ ਦੇ ਸਾਥ ਤੋਂ ਵੀ ਵਾਂਝੇ ਹੋ ਗਏ ਹਨ। ਮਾਪਿਆਂ ਕੋਲ ਸਮਾਂ ਹੀ ਨਹੀਂ ਕਿ ਉਹ ਆਪਣੇ ਬੱਚਿਆਂ ਦੀ ਦੇਖ-ਭਾਲ ਕਰ ਸਕਣ ਜਾਂ ਉਨ੍ਹਾਂ ਨੂੰ ਸਮਾਂ ਦੇ ਸਕਣ। ਪੈਸੇ ਦੀ ਦੌੜ ਨੇ ਬਜ਼ੁਰਗਾਂ ਨੂੰ ਆਪਣੇ ਬੱਚਿਆਂ ਤੋਂ ਅਤੇ ਨਵੀਂ ਪੀੜ੍ਹੀ ਨੂੰ ਬਜ਼ੁਰਗਾਂ ਤੇ ਆਪਣੇ ਮਾਪਿਆਂ ਦੋਵਾਂ ਤੋਂ ਪਿਆਰ-ਵਿਹੂਣਾ ਕਰ ਦਿੱਤਾ ਹੈ।

ਬੱਚਿਆਂ ਦਾ ਭਵਿੱਖ ਰੋਸ਼ਨ ਬਣਾਉਣ ਲਈ ਉਨ੍ਹਾਂ ਦਾ ਮਾਨਸਿਕ ਤੇ ਸਰੀਰਕ ਵਿਕਾਸ ਹੋਵੇ, ਚੰਗਾ ਇਨਸਾਨ ਬਣਨ ਲਈ ਚੰਗੇ ਸੰਸਕਾਰ ਦਿੱਤੇ ਜਾਣ, ਸੁਚੱਜਾ ਜੀਵਨ ਜਿਊਣ ਦਾ ਢੰਗ ਦੱਸਿਆ ਜਾਏ, ਇਨਸਾਨੀ ਕਦਰਾਂ-ਕੀਮਤਾਂ, ਸਮਾਜਿਕ, ਧਾਰਮਿਕ ਤੇ ਸੱਭਿਆਚਾਰਕ ਵਿਰਸੇ ਨਾਲ ਜੋੜਿਆ ਜਾਏ। ਇਸ ਤੋਂ ਇਲਾਵਾ ਬੱਚਿਆਂ ਵਿੱਚ ਸਾਹਿਤਕ ਰੁਚੀਆਂ ਵਿਕਸਤ ਕਰਨ ਲਈ ਉਨ੍ਹਾਂ ਨੂੰ ਛੋਟੇ-ਛੋਟੇ ਬਾਲ ਰਸਾਲੇ ਤੇ ਮਨੋਰੰਜਕ ਸਾਹਿਤ ਪੜ੍ਹਨ ਵੱਲ ਪ੍ਰੇਰਿਤ ਕੀਤਾ ਜਾਏ, ਉਨ੍ਹਾਂ ਨੂੰ ਅਨੁਸ਼ਾਸਨ ਵਿੱਚ ਰਹਿਣਾ ਸਿਖਾਇਆ ਜਾਏ। ਬਚਪਨ ਤੋਂ ਹੀ ਜਦੋਂ ਬੱਚਿਆਂ ਨੂੰ ਚੰਗੇ ਸੰਸਕਾਰ ਤੇ ਅਗਵਾਈ ਮਿਲੇਗੀ ਤਾਂ ਉਨ੍ਹਾਂ ਅੰਦਰ ਚੰਗੀਆਂ ਆਦਤਾਂ ਅਤੇ ਚੰਗੀ ਤੇ ਨਰੋਈ ਸੋਚ ਵਿਕਸਤ ਹੋਵੇਗੀ।

ਬੱਚੇ ਦੀ ਪਹਿਲੀ ਅਧਿਆਪਕ ਉਸ ਦੀ ਮਾਂ ਹੁੰਦੀ ਹੈ ਅਤੇ ਉਸ ਦੇ ਚਰਿੱਤਰ ਨਿਰਮਾਣ ਵਿੱਚ ਮਾਂ ਦਾ ਵੱਡਾ ਹੱਥ ਹੁੰਦਾ ਹੈ। ਜਿਵੇਂ ਹਰਿਆ-ਭਰਿਆ ਰੁੱਖ ਸੂਰਜ ਦੀਆਂ ਕਿਰਨਾਂ ਦੀ ਤਪਸ਼ ਆਪਣੇ ਵਿੱਚ ਸਮੇਟ ਕੇ ਸਾਨੂੰ ਠੰਡੀ ਛਾਂ ਪ੍ਰਦਾਨ ਕਰਦਾ ਹੈ ਇਵੇਂ ਹੀ ਮਾਂ ਸਾਡੇ ਦੁੱਖ ਆਪ ਝੱਲ ਕੇ ਸਾਨੂੰ ਛਾਂ ਰੂਪੀ ਸੁੱਖ ਪ੍ਰਦਾਨ ਕਰਦੀ ਹੈ। ਇਹ ਉਹ ਸੱਚ ਹੈ ਜੋ ਸਾਰੇ ਸਮਾਜ ਦੀ ਸਾਂਝੀ ਆਵਾਜ਼ ਬਣ ਕੇ ਇੱਕ ਸੁੰਦਰ ਕਹਾਵਤ **ਮਾਵਾਂ ਠੰਡੀਆਂ ਛਾਵਾਂ** ਦੇ ਰੂਪ ਵਿੱਚ ਅੱਜ ਵੀ ਸਾਰੀ ਮਾਨਵਤਾ ਨੂੰ ਮਾਂ-ਬਾਪ ਪ੍ਰਤੀ ਸਾਡੇ ਫਰਜ਼ਾਂ ਬਾਰੇ ਸਾਨੂੰ ਜਾਗਰੂਕ ਕਰਦਾ ਹੈ। ਦੁਨੀਆਂ ਦੇ ਸੂਝਵਾਨ ਹਲਕਿਆਂ ਵਿੱਚ ਮਾਂ ਨੂੰ ਰੱਬ ਦਾ ਦੂਜਾ ਰੂਪ ਕਹਿ ਕੇ ਸਤਿਕਾਰਿਆ ਅਤੇ ਪਿਆਰਿਆ ਜਾਂਦਾ ਹੈ। ਕਿਉਂਕਿ ਆਪਣੇ ਬੱਚੇ ਦੇ ਪਾਲਣ-ਪੋਸ਼ਣ ਹਿੱਤ ਆਪਣੀ ਮਾਂ ਤੋਂ ਵੱਡੀ ਕੁਰਬਾਨੀ ਦੁਨੀਆਂ ਦੇ ਹੋਰ ਕਿਸੇ ਵੀ ਰਿਸ਼ਤੇ ਵਿਚ ਦੇਖਣ ਨੂੰ ਨਹੀਂ ਮਿਲਦੀ ਪਰ ਇਸ ਕੁਰਬਾਨੀ ਦੇ ਜਜ਼ਬੇ ਨੂੰ ਹੁਲਾਰਾ ਬੱਚੇ ਦੇ ਪਿਤਾ ਵੱਲੋਂ ਹੀ ਦਿੱਤਾ ਜਾਂਦਾ ਹੈ। ਪਤਨੀ ਦੇ ਰੂਪ ਵਿਚ ਬੱਚੇ ਦੀ ਮਾਂ ਨੂੰ ਬੱਚੇ ਦੇ ਪਿਤਾ ਵੱਲੋਂ ਸਮੇਂ-ਸਮੇਂ ਦਿੱਤਾ ਗਿਆ ਹੁਲਾਰਾ ਅਤੇ ਸਹਾਰਾ ਉਸ ਮਾਂ ਦੀ ਸ਼ਕਤੀ ਅਤੇ ਸਮਰੱਥਾ ਹੋ ਨਿਬੜਦੀ ਹੈ। ਮਾਂ ਇਕ ਉਹ ਗੂੜ੍ਹਾ ਰਿਸ਼ਤਾ ਹੈ ਜਿਸ



ਨਾਲ ਅਸੀਂ ਆਪਣੀਆਂ ਸਾਰੀਆਂ ਦੁੱਖ-ਤਕਲੀਫ਼ਾਂ ਸਾਂਝੀਆਂ ਕਰ ਸਕਦੇ ਹਾਂ। ਮਾਂ ਦਾ ਹਿਰਦਾ ਬਹੁਤ ਕੋਮਲ ਹੁੰਦਾ ਹੈ, ਜੋ ਇਨਸਾਨ ਇਸ ਨੂੰ ਨੁਕਸਾਨ ਪਹੁੰਚਾਉਂਦਾ ਹੈ ਉਹ ਮਨੁੱਖ ਹਮੇਸ਼ਾਂ ਦੁਖੀ ਰਹਿੰਦਾ ਹੈ ਤੇ ਸਾਰੀ ਉਮਰ ਦੁੱਖ ਹੀ ਭੋਗਦਾ ਹੈ। **ਗਰਮੀ 'ਚ ਠੰਢੀਆਂ ਹਵਾਵਾਂ ਕੰਮ ਆਉਂਦੀਆਂ ਹਨ, ਔਖੇ ਵੇਲੇ ਮਾਂ ਦੀਆਂ ਦੁਆਵਾਂ ਕੰਮ ਆਉਂਦੀਆਂ ਹਨ।** ਮਾਂ ਦੀ ਉਂਗਲ ਫੜ ਕੇ ਹੀ ਮਨੁੱਖ ਜ਼ਿੰਦਗੀ ਦੇ ਪਹਿਲੇ ਕਦਮ ਪੁੱਟਦਾ ਹੈ। ਧੀ ਦੀ ਸਭ ਤੋਂ ਨੇੜਲੀ ਸਲਾਹਕਾਰ ਮਾਂ ਹੀ ਹੁੰਦੀ ਹੈ। ਉਸ ਦੀ ਔਲਾਦ ਨੇਕ ਤੇ ਸੁਖੀ ਹੋਵੇ, ਤਰੱਕੀ ਕਰੇ, ਇਸ ਤੋਂ ਇਲਾਵਾ ਮਾਂ ਦੀ ਜ਼ਿੰਦਗੀ ਦਾ ਹੋਰ ਕੋਈ ਮਕਸਦ ਹੀ ਨਹੀਂ ਹੁੰਦਾ। ਦੁਨੀਆਂ ਵਿਚ ਸਿਰਫ਼ ਮਾਂ ਦੀ ਮਮਤਾ ਸੁਆਰਥਹੀਣ ਹੈ। ਪੁੱਤਰ ਭਾਵੇਂ ਬਾਦਸ਼ਾਹ, ਸ਼ਹਿਨਸ਼ਾਹ ਹੋਵੇ, ਪਰ ਮਾਂ ਲਈ ਹਮੇਸ਼ਾ ਬੱਚਾ ਹੀ ਹੁੰਦਾ ਹੈ। ਇਸੇ ਤਰ੍ਹਾਂ ਧੀ ਭਾਵੇਂ ਕਿੱਡੇ ਵੀ ਅਹੁਦੇ ਵਾਲੀ ਹੋਵੇ ਮਾਂ ਲਈ ਧੀ ਛੋਟੀ ਜਿਹੀ ਗੁੱਡੀ ਹੁੰਦੀ ਹੈ।

ਆਪਣੇ ਬੱਚਿਆਂ ਨੂੰ ਸਹੀ ਸਮੇਂ 'ਤੇ ਸਹੀ ਅਗਵਾਈ ਦੇਣੀ ਅਤੇ ਉਸ ਅਗਵਾਈ ਦੀ ਰੋਸ਼ਨੀ ਵਿੱਚ ਸਹੀ ਨਿਸ਼ਾਨਿਆਂ ਨੂੰ ਮਿਥਣ ਵਿੱਚ ਬੱਚੇ ਦੇ ਪਿਤਾ ਦਾ ਆਪਣਾ ਇੱਕ ਅਹਿਮ ਰੋਲ ਹੁੰਦਾ ਹੈ। ਜਿਹੜਾ ਪਿਤਾ ਆਪਣਾ ਇਹ ਰੋਲ ਸੁਚੱਜੇ ਢੰਗ ਨਾਲ ਨਹੀਂ ਨਿਭਾਉਂਦਾ ਉਹ ਆਪਣੀ ਔਲਾਦ ਦੇ ਪਿਆਰ ਅਤੇ ਸਤਿਕਾਰ ਦਾ ਪਾਤਰ ਨਹੀਂ ਬਣ ਸਕਦਾ। ਆਰਥਿਕ-ਸਮਾਜਿਕ ਰੁਤਬਾ ਚਾਹੇ ਕੋਈ ਵੀ ਹੋਵੇ ਹਰੇਕ ਪਿਤਾ ਆਪਣੇ ਬੱਚਿਆਂ ਦਾ ਭਲਾ ਸੋਚਦਾ ਅਤੇ ਲੋਚਦਾ ਹੈ। ਉਹ ਚਾਹੁੰਦਾ ਹੈ ਕਿ ਉਸ ਦੀ ਔਲਾਦ ਉਸ ਤੋਂ ਵੀ ਚਾਰ ਕਦਮ ਅਗੇਰੇ ਜਾਵੇ। ਉਸ ਦੇ ਬੱਚਿਆਂ ਦੀ ਕਾਮਯਾਬੀ ਵਿਚ ਹੀ ਉਸ ਦੀ ਆਪਣੀ ਕਾਮਯਾਬੀ ਅਤੇ ਖ਼ੁਸ਼ੀ ਛੁਪੀ ਹੁੰਦੀ ਹੈ। ਜੇਕਰ ਬੱਚਿਆਂ ਨੂੰ ਕੋਈ ਤਕਲੀਫ ਹੋਵੇ ਤਾਂ ਪਿਤਾ ਆਪਣਾ ਸਭ ਕੁਝ ਆਪਣੇ ਬੱਚਿਆਂ ਤੋਂ ਵਾਰ ਦਿੰਦਾ ਹੈ। ਇਸ ਵਾਰਨੇ ਦੀ ਭਾਵਨਾ ਨੂੰ ਉਹ ਆਪਣਾ ਧੰਨ ਭਾਗ ਸਮਝਦਾ ਹੈ। ਆਪਣੇ ਧੀਆਂ-ਪੁੱਤਰਾਂ ਦੀ ਤਰੱਕੀ ਉਸ ਲਈ ਖ਼ੁਸ਼ੀਆਂ-ਖੇੜਿਆਂ ਦਾ ਸਬੱਬ ਬਣਦੀ ਹੈ। ਜਗ 'ਤੇ ਪੁੱਤ ਤਾਂ ਕਪੁੱਤ ਹੁੰਦੇ ਅਕਸਰ ਸੁਣੇ ਜਾਂਦੇ ਹਨ ਪਰ ਕੋਈ ਪਿਤਾ ਕੁਪਿਤਾ ਹੁੰਦਾ ਬਹੁਤ ਹੀ ਘੱਟ ਸੁਣਾਈ/ਦਿਖਾਈ ਦਿੰਦਾ ਹੈ। ਪਿਤਾ ਆਪ ਤਾਂ ਕੰਡਿਆਲੀਆਂ ਰਾਹਾਂ 'ਤੇ ਵੀ ਤੁਰ ਲੈਂਦਾ ਹੈ ਪਰ ਆਪਣੇ ਧੀਆਂ-ਪੁੱਤਰਾਂ ਦੀਆਂ ਰਾਹਾਂ ਵਿਚੋਂ ਹਮੇਸ਼ਾਂ ਕੰਡੇ ਚੁੱਗਦਾ ਰਹਿੰਦਾ ਹੈ। ਉਸ ਦੀ ਕਮਾਈ ਅਤੇ ਭਲਾਈ ਸਦਕਾ ਹੀ ਉਸ ਦੀ ਸੰਤਾਨ ਸਦਾ ਮੌਜ (ਖ਼ੁਸ਼ੀ) ਵਿਚ ਰਹਿੰਦੀ ਹੈ। ਤਾਂਹੀਉਂ ਤਾਂ ਕਿਸੇ ਨੇ ਠੀਕ ਹੀ ਕਿਹਾ ਹੈ:-

**ਬਾਪੂ ਜੇ ਕਹਿ ਦੇਵੇ,**
**ਪੁੱਤ ਫਿਕਰ ਨਾ ਕਰ ! ਮੈਂ ਜੋ ਹੈਗਾ,**
**ਸੱਚੀਂ ਬੰਦਾ,**
**ਉਸ ਵੇਲੇ ਰੱਬ ਨੂੰ ਵੀ ਭੁੱਲ ਜਾਂਦਾ।**

-0-

## • ਗੁਰਮਤਿ ਪ੍ਰਚਾਰ ਕੇਂਦਰ ਲਈ ਅਕਾਊਂਟ ਨੰਬਰ •

ਗੁਰਮਤਿ ਪ੍ਰਚਾਰ ਕੇਂਦਰਾਂ ਦੇ ਪ੍ਰਬੰਧਕ / ਸਪਾਂਸਰ ਵੀਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਕੇਂਦਰ ਦੀ ਮਾਇਕ ਸਹਾਇਤਾ ਹੇਠ ਲਿਖੇ ਬੈਂਕ ਅਕਾਊਂਟ ਵਿਚ ਭੇਜੀ ਜਾਵੇ। ਆਪਣਾ ਨਾਮ ਅਤੇ ਕੇਂਦਰ ਦਾ ਨਾਮ ਜ਼ਰੂਰ ਲਿਖਣਾ ਜੀ। ਇਹ ਮਾਇਆ ਕੇਵਲ ਭਾਰਤ 'ਚੋਂ ਹੀ ਭੇਜੋ ਜੀ।

**AXIS Bank Branch : Phullanwal IFSC Code: UTIB0000196**
**A/C 913010032551518**, ਤੁਸੀਂ **GURMAT PARCHAR KENDRA** ਦੇ ਨਾਮ 'ਤੇ ਚੈੱਕ ਵੀ ਭੇਜ ਸਕਦੇ ਹੋ।





ਵਿਗਿਆਨੀਆਂ ਦਾ ਬਚਪਨ

# ਪੰਛੀਆਂ ਦਾ ਖੋਜੀ - ਸਲੀਮ ਅਲੀ

-ਪ੍ਰਿੰ. ਹਰੀ ਕ੍ਰਿਸ਼ਨ ਮਾਇਰ # 97806-67686

ਉਸ ਦਾ ਨਾਂਅ ਸੰਸਾਰ ਦੇ ਸਿਰਕੱਢ ਪੰਛੀ ਵਿਗਿਆਨੀਆਂ ਵਿਚ ਸ਼ੁਮਾਰ ਹੁੰਦਾ ਹੈ। ਉਸ ਨੂੰ ਲੋਕ 'ਬਰਡਮੈਨ' ਵੀ ਕਹਿੰਦੇ ਹਨ। ਦੇਸ਼ ਦੀ ਵੰਡ ਵੇਲੇ ਤੋਂ ਉਸ ਦਾ ਨਾਂਅ ਭਾਰਤੀ ਵਣ-ਜੀਵਨ ਸੁਰੱਖਿਅਣ ਅਤੇ ਚੁਗਿਰਦੇ ਨੂੰ ਬਰਕਰਾਰ ਰੱਖਣ ਵਾਲੇ ਖੋਜਕਾਰਾਂ ਵਿਚ ਗਿਣਿਆ ਜਾਂਦਾ ਹੈ।



ਸਲੀਮ ਅਲੀ ਉਹ ਪਹਿਲਾ ਭਾਰਤੀ ਪੰਛੀ ਵਿਗਿਆਨੀ ਹੋਇਆ ਹੈ, ਜਿਸ ਨੇ ਭਾਰਤ ਦੇ ਪੰਛੀਆਂ ਦਾ ਪਹਿਲੀ ਵਾਰ ਸਿਲਸਲੇਵਾਰ ਸਰਵੇਖਣ ਕਰਨ ਵਾਲੇ ਵਿਗਿਆਨੀਆਂ ਦੀ ਟੀਮ ਵਿਚ ਸ਼ਮੂਲੀਅਤ ਕੀਤੀ। ਉਸ ਨੇ ਹੀ ਪੰਛੀਆਂ ਦੇ ਖੋਜ ਕੰਮ ਨੂੰ ਲੋਕਾਂ ਵਿਚ ਹਰਮਨ ਪਿਆਰਾ ਬਣਾਉਣ ਲਈ ਮੋਹਰੀ ਦੀ ਭੂਮਿਕਾ ਨਿਭਾਈ ਸੀ। ਭਰਤਪੁਰ ਅਤੇ ਰੰਗਾਨਾਥਿਟੂ ਪੰਛੀਆਂ ਦੀਆਂ ਰੱਖਾਂ ਵੀ ਸਲੀਮ ਅਲੀ ਨੇ ਬਣਵਾਈਆਂ ਸਨ। ਭਾਰਤੀ ਪੰਛੀਆਂ ਬਾਰੇ ਉਸ ਦੀ ਲਿਖੀ ਪੁਸਤਕ 'ਇੰਡੀਅਨ ਬਰਡਜ਼' ਨੇ ਆਮ ਲੋਕਾਂ ਨੂੰ ਪੰਛੀਆਂ ਦੇ ਸੁਭਾਅ ਅਤੇ ਵਤੀਰੇ ਬਾਰੇ ਜਾਣ ਪਛਾਣ ਕਰਵਾਈ ਸੀ। ਭਾਰਤ ਸਰਕਾਰ ਨੇ ਉਸ ਨੂੰ ਪਦਮ ਵਿਭੂਸ਼ਨ ਸਨਮਾਨ ਦੇ ਕੇ ਵੀ ਨਿਵਾਜਿਆ ਸੀ। ਉਸ ਨੂੰ ਰਾਜ ਸਭਾ ਦਾ ਮੈਂਬਰ ਵੀ ਨਾਮਜ਼ਦ ਕੀਤਾ ਗਿਆ ਸੀ। ਉਸ ਦਾ ਪੂਰਾ ਨਾਂਅ ਸਲੀਮ ਮਉਜ਼ੂਦੀਨ ਅਬਦੁਲ ਅਲੀ ਸੀ।

ਸਲੀਮ ਦਾ ਜਨਮ 12 ਨਵੰਬਰ 1896 ਨੂੰ ਦੱਖਣੀ ਮੁੰਬਈ ਦੀ ਬਸਤੀ ਖੇਤਵਡੀ ਵਿਚ ਮਾਤਾ ਜੰਨਤ ਉਨ ਨੀਸਾ ਅਤੇ ਪਿਤਾ ਮਉਜ਼ੂਦੀਨ ਦੇ ਘਰ ਹੋਇਆ। ਉਹ ਆਪਣੇ ਮਾਂ ਬਾਪ ਦੇ ਨੌਂ ਬੱਚਿਆਂ 'ਚੋਂ ਸਭ ਨਾਲੋਂ ਛੋਟਾ ਸੀ। ਉਦੋਂ ਉਹ ਮਸੀਂ ਇਕ ਸਾਲ ਦਾ ਸੀ, ਜਦੋਂ ਉਸ ਦੇ ਪਿਤਾ ਦੀ ਮੌਤ ਹੋ ਗਈ ਸੀ। ਦੋ ਸਾਲ ਲੰਘੇ, ਉਸ ਦੀ ਮਾਂ ਵੀ ਰੱਬ ਨੂੰ ਪਿਆਰੀ ਹੋ ਗਈ ਸੀ। ਹੁਣ ਉਸ ਅਨਾਥ ਦਾ ਕੋਈ ਸਹਾਰਾ ਨਹੀਂ ਸੀ।

ਉਸ ਦਾ ਮਾਮਾ ਅਮੀਰੂਦੀਨ ਤੇ ਮਾਮੀ ਹਮੀਦਾ ਬੇਗ਼ਮ ਬੇਔਲਾਦ ਸਨ। ਉਹ ਤਿੰਨ ਸਾਲ ਦੇ ਸਲੀਮ ਨੂੰ ਆਪਣੇ ਕੋਲ ਲੈ ਗਏ। ਉਸ ਦਾ ਪਾਲਣ ਪੋਸ਼ਣ ਕਰਨ ਲੱਗੇ। ਸਲੀਮ ਉਦੋਂ ਦਸ ਸਾਲ ਦਾ ਸੀ, ਜਦੋਂ ਉਸ ਨੇ ਆਪਣੀ ਖਿਡੌਣਾ ਗੰਨ ਨਾਲ ਪੱਥਰ ਮਾਰ ਕੇ ਇਕ ਉੱਡਦਾ ਪੰਛੀ ਭੁੰਜੇ ਮਾਰ ਗਿਰਾਇਆ ਸੀ। ਨਰਮ ਦਿਲ ਸਲੀਮ ਝੱਟ ਉਸ ਪੰਛੀ ਵੱਲ ਦੌੜਿਆ। ਜ਼ਖਮੀ ਪੰਛੀ ਨੂੰ ਆਪਣੇ ਮਾਮੇ ਕੋਲ ਲੈ ਗਿਆ। ਉਸ ਪੰਛੀ ਦਾ ਮੜੰਗਾ ਘਰੇਲੂ ਚਿੜੀ ਨਾਲ ਮੇਲ ਖਾਂਦਾ ਸੀ। ਉਸ ਦੀ ਧੌਣ 'ਤੇ ਇਕ ਵੱਖਰੀ ਜਿਹੀ ਪੀਲੀ ਭਾਅ ਮਾਰਦੀ ਸੀ। ਸਲੀਮ ਦਾ ਮਾਮਾ ਤੇਜ਼ ਸ਼ਿਕਾਰੀ ਅਤੇ ਪ੍ਰਕਿਰਤੀ ਦਾ ਪ੍ਰੇਮੀ ਸੀ। ਸਲੀਮ ਨੇ ਸ਼ਿਕਾਰ ਖੇਡਣਾ ਅਤੇ ਪੰਛੀਆਂ ਦੀ ਖੋਜਬੀਨ ਕਰਨੀ ਆਪਣੇ ਮਾਮੇ ਕੋਲੋਂ ਸਿੱਖੀ ਸੀ। ਮਾਮਾ ਸਲੀਮ ਨੂੰ ਡਬਲਿਊ. ਐਸ. ਮਿਲਾਰਡ ਕੋਲ ਲੈ ਗਿਆ। ਉਹ ਬੰਬਈ ਪ੍ਰਕਿਰਤਕ-ਇਤਿਹਾਸਿਕ ਸੁਸਾਇਟੀ ਦਾ ਆਨਰੇਰੀ ਸਕੱਤਰ ਸੀ। ਉਸ ਨੂੰ ਸਲੀਮ ਵਿਚੋਂ ਕੋਈ ਖੋਜੀ ਨਜ਼ਰ ਆਇਆ। ਉਸ ਨੇ ਸਲੀਮ ਨੂੰ ਮਾਰ ਕੇ ਸੁਰੱਖਿਅਤ ਰੱਖੇ ਘਾਹ-ਫੂਸ ਨਾਲ ਤੁੰਨੇ (ਸ਼ਟੁਡਡਦ 2}ਰਦਸ) ਪੰਛੀ ਦਿਖਾਏ। ਫਿਰ ਉਹ ਪੰਛੀਆਂ ਦਾ ਪਿੱਛਾ ਕਰਦਾ ਕਿੰਨੀਆਂ ਹੀ ਥਾਵਾਂ ਘੁੰਮਿਆ।

ਸਲੀਮ ਅਲੀ ਪਹਿਲਾਂ ਜੇਨਨਾ ਬਾਈਬਲ ਕੰਨਿਆ ਹਾਈ ਸਕੂਲ ਵਿਚ ਆਪਣੀਆਂ ਭੈਣਾਂ ਨਾਲ ਪੜ੍ਹਦਾ ਰਿਹਾ। ਉਸ ਨੇ ਬੰਬਈ ਵਿਸ਼ਵ ਵਿਦਿਆਲੇ ਤੋਂ ਦਸਵੀਂ ਪਾਸ ਕੀਤੀ। ਉਹ ਹਰ ਸਮੇਂ ਸਿਰ ਪੀੜ ਦੀ ਸ਼ਿਕਾਇਤ ਕਰਦਾ ਰਹਿੰਦਾ ਸੀ। ਸਕੂਲੋਂ ਛੁੱਟੀਆਂ ਬਹੁਤ ਕਰਦਾ ਸੀ। ਆਖ਼ਰ ਪੜ੍ਹਾਈ ਤੋਂ ਬੇਮੁੱਖ ਹੋ ਕੇ ਉਹ ਆਪਣੇ ਭਾਈ ਨਾਲ ਟੰਗਸਟਨ ਦੀਆਂ ਖਾਨਾਂ ਵਿਚ ਕੰਮ ਕਰਨ ਲਈ ਬਰ੍ਹਮਾ (ਅੱਜਕੱਲ੍ਹ ਮਿਯਾਂਮਾਰ) ਚਲਾ ਗਿਆ। ਪਰ ਛੇਤੀ ਹੀ ਬੰਬਈ ਮੁੜ ਆਇਆ। ਫਿਰ ਪੰਛੀਆਂ ਦੀਆਂ ਗਤੀਵਿਧੀਆਂ 'ਤੇ ਸਮਾਂ ਬਤੀਤ ਕਰਨ ਲੱਗਾ। ਸਵੇਰੇ ਅਕਾਉਂਟਸ ਦੀ ਕਲਾਸ ਪੜ੍ਹਦਾ, ਸ਼ਾਮੀ ਜ਼ੂਆਲੋਜੀ ਦੀ। ਉਹ ਪ੍ਰਾਣੀ ਵਿਗਿਆਨ ਦੀ ਡਿਗਰੀ ਲੈਣ ਵਿਚ ਸਫਲ ਹੋ ਗਿਆ ਸੀ।

ਇਕ ਵਾਰ ਸਲੀਮ ਕਿੰਨੇ ਹੀ ਦਿਨ, ਘੰਟਿਆਂ ਬੱਧੀ ਬਿਜੜੇ ਦੀਆਂ ਗਤੀਵਿਧੀਆਂ ਦੀ ਨਜ਼ਰਸਾਨੀ ਕਰਦਾ ਰਿਹਾ ਸੀ। ਉਸ ਨੇ ਆਪਣੇ ਖੋਜ ਪੱਤਰ ਵਿਚ ਲਿਖਿਆ ਕਿ ਨਰ ਬਿਜੜਾ ਹੀ ਆਲ੍ਹਣਾ ਤਿਆਰ ਕਰਦਾ ਹੈ। ਮਾਦਾ ਦੇ ਆਲ੍ਹਣਾ ਪਸੰਦ ਆ ਜਾਣ 'ਤੇ ਉਹ ਆਲ੍ਹਣੇ ਦੀ ਮਾਲਕ ਬਣ ਜਾਂਦੀ ਹੈ ਅਤੇ ਨਰ ਬਿਜੜੇ ਨਾਲ ਮਿਲ ਕੇ ਬੱਚੇ ਪੈਦਾ ਕਰਦੀ ਹੈ। ਪਹਿਲਾਂ ਸਲੀਮ ਪੰਛੀਆਂ ਦਾ ਸ਼ਿਕਾਰ ਵੀ ਕਰਦਾ ਹੁੰਦਾ ਸੀ। ਜ਼ਿਆਦਾਤਰ ਉਹ ਪੰਛੀਆਂ 'ਤੇ ਪ੍ਰਯੋਗ ਕਰਦਾ ਸੀ। ਕਿਸੇ ਪੰਛੀ ਦੀ ਪਹਿਚਾਣ ਨਿਸਚਿਤ ਕਰਨੀ ਹੁੰਦੀ ਤਾਂ ਉਸ ਪੰਛੀ ਨੂੰ ਪਕੜ ਕੇ ਉਸ ਦੇ ਪੈਰ ਵਿਚ ਛੱਲਾ ਪਾ ਦਿਆ ਕਰਦਾ ਸੀ ਅਤੇ ਫਿਰ ਉਸ ਨੂੰ ਹਵਾ ਵਿਚ ਉਡਾ ਦਿੰਦਾ ਸੀ। ਅਜੇਹੀ ਹੀ ਇਕ ਚਿੜੀ 'ਖੰਜਨ' ਸਾਇਬੇਰੀਆ ਵਿਚ ਬੱਚੇ ਜੰਮਣ ਜਾਂਦੀ ਸੀ ਅਤੇ ਮੁੜ ਕੇ ਅਪ੍ਰੈਲ ਮਹੀਨੇ ਸਲੀਮ ਦੇ ਬਾਗ਼ ਵਿਚ ਜ਼ਰੂਰ ਆਉਂਦੀ ਸੀ। ਇਹੋ ਜਿਹਾ ਸੀ ਉਸ ਦਾ ਪੰਛੀਆਂ ਨਾਲ ਮੋਹ। ਆਪਣੇ ਦੂਰ ਦੇ ਰਿਸ਼ਤੇਦਾਰ ਮੁੰਡੇ, ਸਿਕੰਦਰ ਮਿਰਜ਼ਾ ਨਾਲ ਮਿਲ ਕੇ ਸਲੀਮ ਸ਼ੂਟਿੰਗ ਮੁਕਾਬਲੇ ਵਿਚ ਹਿੱਸਾ ਵੀ ਲੈਂਦਾ ਹੁੰਦਾ ਸੀ।

ਛੋਟੇ ਹੁੰਦੇ ਤੋਂ ਹੀ ਉਹ ਮੋਟਰ ਸਾਈਕਲਾਂ ਵਿਚ ਬੜੀ ਦਿਲਚਸਪੀ ਰੱਖਦਾ ਸੀ। ਵੱਡੇ ਹੋ ਕੇ ਉਸ ਕੋਲ ਵੱਖ-ਵੱਖ ਮਾਡਲਾਂ ਦੇ ਤਿੰਨ ਮੋਟਰ ਸਾਈਕਲ ਸਨ। ਕਹਿੰਦੇ ਹਨ ਉਹ ਜਰਮਨੀ, ਫਰਾਂਸ ਦੀ ਯਾਤਰਾ ਸਮੇਂ ਆਪਣਾ ਮੋਟਰ ਸਾਈਕਲ ਨਾਲ ਹੀ ਲੈ ਕੇ ਗਿਆ ਸੀ। ਆਪਣੀ ਸਵੈ ਜੀਵਨੀ (''ਹਏ ਡਓਫ਼ਫ਼ ੋਡ ਸਪਓਰਰੋ) ਵਿਚ ਉਹ ਪੀਲੀ ਗਰਦਨ ਵਾਲੀ ਚਿੜੀ ਵਾਲੀ ਘਟਨਾ ਨੂੰ ਆਪਣੀ ਜ਼ਿੰਦਗੀ ਦਾ ਮੋੜ ਸਮਝਦਾ ਸੀ। ਉਸ ਦੀ ਬਦੌਲਤ ਹੀ ਉਹ 'ਬਰਡ ਮੈਨ ਆਫ਼ ਇੰਡੀਆ' ਬਣਿਆ ਸੀ।

ਸਲੀਮ 20 ਜੂਨ 1987 ਨੂੰ ਪ੍ਰੋਸਟੇਟ ਕੈਂਸਰ ਨਾਲ ਲੜਾਈ ਲੜਦਾ ਨੱਬੇ ਸਾਲਾਂ ਦੀ ਉਮਰ ਵਿਚ ਪ੍ਰਲੋਕ ਸਿਧਾਰ ਗਿਆ। ਉਹ ਪੰਛੀਆਂ ਨਾਲ ਹੀ ਪੰਖੇਰੂ ਬਣ ਗਿਆ ਸੀ।

-0-

# ਨਾਨਕੀਂ ਜਾਣ ਦਾ ਚਾਅ

–ਰਸਪ੍ਰੀਤ ਕੌਰ –ਕਲਾਸ ਅੱਠਵੀਂ
# 90418-86132

ਅਚਾਨਕ ਮੋਬਾਈਲ ਦੀ ਘੰਟੀ ਵੱਜੀ। ਮੈਂ ਨੱਚਦੀ-ਟੱਪਦੀ ਨੇ ਜਾ ਕੇ ਦੇਖਿਆ। ਫੋਨ ਮੇਰੀ ਮਾਮੀ ਦਾ ਸੀ। ਮੈਂ ਫੋਨ ਮੰਮੀ ਨੂੰ ਫੜਾ ਦਿੱਤਾ। ਜਦੋਂ ਮੰਮੀ ਨੇ ਗੱਲ ਸ਼ੁਰੂ ਕੀਤੀ ਤਾਂ ਪਤਾ ਲੱਗਾ ਕਿ ਅਸੀਂ ਨਾਨਕੀਂ ਜਾਵਾਂਗੇ। ਮੈਂ ਖੁਸ਼ ਹੋ ਗਈ।

ਪਰ ਮੈਨੂੰ ਚੇਤਾ ਆਇਆ ਕਿ ਦਾਦੀ ਜੀ ਇਕੱਲੇ ਘਰ ਦਾ ਕੰਮ ਨਹੀਂ ਕਰ ਸਕਦੇ। ਇਕ ਪਾਸੇ ਮੈਨੂੰ ਦਾਦੀ ਦੀ ਚਿੰਤਾ ਤੇ ਦੂਜੇ ਪਾਸੇ ਨਾਨਕੇ ਜਾਣ ਦਾ ਚਾਅ। ਮੈਂ ਦੁਚਿੱਤੀ ਵਿਚ ਪੈ ਗਈ।

ਮੈਂ ਆਪਣੇ ਦੁਖੀ ਜਿਹੇ ਚਿਹਰੇ ਨਾਲ ਮੰਮੀ ਨੂੰ ਕਿਹਾ, 'ਮੈਂ ਨਾਨਕੇ ਨਹੀਂ ਜਾ ਸਕਦੀ।'

'ਕਿਉਂ?' ਮੰਮੀ ਨੇ ਪੁੱਛਿਆ।

'ਦਾਦੀ ਦੇ ਗੋਡੇ ਦੁਖਦੇ ਨੇ, ਉਹ ਕੰਮ ਕਿਵੇਂ ਕਰਨਗੇ?'

'ਦੇਖਲਾ ਜਿਵੇਂ ਤੇਰੀ ਮਰਜ਼ੀ।'



ਅਗਲੇ ਦਿਨ ਸਵੇਰੇ ਹੀ ਮੇਰੇ ਦਾਦੀ ਤੇ ਡੈਡੀ ਨੇ ਕਿਸੇ ਕੰਮ ਲਈ ਬਾਹਰ ਜਾਣਾ ਸੀ। ਉਹ ਤਿਆਰ ਹੋ ਕੇ ਜਾ ਚੁੱਕੇ ਸਨ। ਮੈਂ ਆਪਣੀ ਮੰਮੀ ਨਾਲ ਸਾਰਾ ਘਰ ਦਾ ਕੰਮ ਕਰਵਾ ਦਿੱਤਾ ਸੀ।

ਮੈਂ ਤੇ ਮੰਮੀ ਨੇ ਬਹੁਤ ਸਾਰੀਆਂ ਗੱਲਾਂ ਕੀਤੀਆਂ। ਹੱਸੇ-ਖੇਡੇ, ਮੋਬਾਈਲ ਦੇਖਿਆ ਆਦਿ। ਮੰਮੀ ਨੂੰ ਆਪਣੇ ਪੇਕੇ ਘਰ ਜਾਣ ਦੀ ਖੁਸ਼ੀ ਸੀ। ਉਸ ਨੇ ਫਟਾਫਟ ਜਾਣ ਦੀ ਤਿਆਰੀ ਕਰ ਲਈ।

ਫਿਰ ਸ਼ਾਮ ਹੁੰਦਿਆਂ ਦਾਦੀ ਤੇ ਡੈਡੀ ਵਾਪਸ ਆ ਗਏ। ਮੈਂ ਮੰਮੀ ਨਾਲ ਮਟਰ ਕਢਵਾ ਰਹੀ ਸੀ। ਮਟਰ ਕੱਢਦੇ-ਕੱਢਦੇ ਮੇਰੇ ਆਪ ਮੁਹਾਰੇ ਹੰਝੂ ਆਉਣ ਲੱਗ ਪਏ।

'ਕੀ ਹੋ ਗਿਆ, ਰੋਈ ਕਿਉਂ ਜਾਨੀ ਏਂ?' ਮੰਮੀ ਨੇ ਪੁੱਛਿਆ।

'ਕੁਝ ਨੀਂ, ਉਂਜ ਈ ਕੋਈ ਗੱਲ ਯਾਦ ਆ ਗਈ।' ਗੱਲ ਟਾਲਦੀ ਨੇ ਮੈਂ ਕਿਹਾ।

ਪਰ ਕਹਿੰਦੇ ਨੇ ਮਾਂ ਬੱਚੇ ਦੇ ਬਿਨਾਂ ਬੋਲਿਆਂ ਵੀ ਸਭ ਕੁਝ ਜਾਣਦੀ ਹੁੰਦੀ ਹੈ। ਮੰਮੀ ਨੂੰ ਪਤਾ ਲੱਗ ਗਿਆ ਸੀ ਕਿ ਮੇਰਾ ਮਨ ਵੀ ਨਾਨਕੀਂ ਜਾਣ ਨੂੰ ਕਰਦਾ ਹੈ।

ਰਾਤ ਹੁੰਦਿਆਂ ਜਦੋਂ ਮੈਂ ਰੋਟੀ ਫੜਾਉਣ ਲੱਗੀ ਤਾਂ ਡੈਡੀ ਤੇ ਦਾਦੂ ਨੇ ਮੇਰੇ ਨਾਨਕੀਂ ਜਾਣ ਦੀ ਗੱਲ ਛੇੜ ਲਈ।

ਸਾਨੂੰ ਰਸ ਨੂੰ ਵੀ ਨਾਨਕੇ ਭੇਜ ਹੀ ਦੇਣਾ ਚਾਹੀਦਾ, ਖੇਡ ਕੁੱਦ ਆਊ ਚਾਰ ਦਿਨ। ਘਰ ਦੇ ਕੰਮ ਤਾਂ ਹੁੰਦੇ ਈ ਰਹਿੰਦੇ ਨੇ। ਮਾੜਾ-ਮੋਟਾ ਮੈਂ ਹੱਥ ਵਟਾ ਦੇਊਂ ਮੰਮੀ ਨਾਲ ਤਾਂ' ਡੈਡੀ ਬੋਲਿਆ ਸੀ।

ਦਾਦੂ ਨੇ ਵੀ ਪਿਆਰ ਨਾਲ ਹੁੰਗਾਰਾ ਭਰਿਆ, 'ਚਲ ਕੋਈ ਗੱਲ ਨਹੀਂ ਬੱਬੂ ਪੁੱਤ ਨੂੰ ਵੀ ਜਾ ਆਉਣ ਦਿਓ ਆਵਦੇ ਨਾਨਕੀਂ।'

'ਹਾਂ ਹਾਂ, ਮੈਂ ਆਪੀ ਚਾਰ ਦਿਨ ਸਾਰ ਲਊਂ ਔਖੀ-ਸੌਖੀ। ਜਵਾਕਾਂ ਨੂੰ ਚਾਅ ਹੁੰਦਾ ਨਾਨਕੀ ਜਾਣ ਦਾ।' ਦਾਦੀ ਵੀ ਬੋਲ ਪਈ ਸੀ। ਮੇਰੇ ਪੈਰ ਧਰਤੀ 'ਤੇ ਨਹੀਂ ਲੱਗ ਰਹੇ ਸਨ। ਮੈਂ ਨੱਚਦੀ ਟੱਪਦੀ ਮੰਮੀ ਕੋਲ ਰਸੋਈ ਵਿਚ ਚਲੀ ਗਈ।

'ਰਸ ਕੀ ਹੋਇਆ....?' ਮੰਮੀ ਨੇ ਪੁੱਛਿਆ।

ਮੇਰਾ ਤਾਂ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਰਿਹਾ ਸੀ, 'ਮੈਂ ਵੀ ਨਾਨਕੀਂ ਜਾਵਾਂਗੀ, ਮੈਂ ਵੀ ਨਾਨਕੀਂ ਜਾਵਾਂਗੀ।' ਮੈਂ ਗਾ ਰਹੀ ਸੀ।

ਅਗਲੇ ਦਿਨ ਮੇਰਾ ਭਰਾ ਤੇ ਨਾਨਾ ਜੀ ਸਾਨੂੰ ਲੈਣ ਆ ਗਏ। ਜਦੋਂ ਅਸੀਂ ਨਾਨਕੀਂ ਪਹੁੰਚੇ ਤਾਂ ਨਾਨੀ ਤੇ ਮਾਮੀ ਸਾਨੂੰ ਵੇਖ ਕੇ ਬਹੁਤ ਖ਼ੁਸ਼ ਹੋਏ।

ਮਾਮੀ ਨੇ ਖ਼ੁਸ਼ ਹੋ ਕੇ ਮੈਨੂੰ ਛੇੜਿਆ, 'ਰਸ ਤੂੰ ਤਾਂ ਆਉਣਾ ਨਹੀਂ ਸੀ।'

ਮੈਂ ਸਾਰੀ ਘਟਨਾ ਦੱਸ ਦਿੱਤੀ।

'ਅੱਜ ਤਾਂ ਸਾਡੇ ਘਰੇ ਰੌਣਕਾਂ ਲੱਗ ਗਈਆਂ', ਨਾਨੀ ਹੱਥ 'ਤੇ ਹੱਥ ਮਾਰ ਰਹੀ ਸੀ।

ਦੂਜੇ ਦਿਨ ਜਦੋਂ ਮੈਂ ਤੇ ਮੰਮੀ ਛੱਤ 'ਤੇ ਕੱਪੜੇ ਸੁੱਕਣੇ ਪਾ ਰਹੇ ਸੀ ਤਾਂ ਮੈਂ ਮੰਮੀ ਨੂੰ ਪੁੱਛਿਆ, 'ਮੰਮੀ ਮੇਰੇ ਚੂੰਢੀ ਵੱਢ ਕੇ ਦੇਖੀਂ ਮੈਂ ਸੱਚੀਉਂ ਨਾਨਕੀਂ ਆਂ।'

ਮੰਮੀ ਨੇ ਮੇਰੇ ਹੱਥ ਲਾ ਕੇ ਵੇਖਿਆ ਤਾਂ ਸੱਚੀਂ ਮੈਨੂੰ ਯਕੀਨ ਹੋ ਗਿਆ।

ਛੱਤ ਵਾਲੀ ਗੱਲ ਮੰਮੀ ਨੇ ਸਾਰਿਆਂ ਨੂੰ ਦੱਸ ਦਿੱਤੀ ਤਾਂ ਸਾਰੇ ਜਣੇ ਬਹੁਤ ਹੱਸੇ। ਸੰਗਦੀ-ਸੰਗਦੀ ਮੈਂ ਵੀ ਮੁਸਕਰਾ ਪਈ।

-0-

# ਪ੍ਰਸ਼ਨ-ਉੱਤਰ

1. ਪ੍ਰਸ਼ਨ- ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਕਿੰਨੇ ਸਪੁੱਤਰ ਤੇ ਸਪੁੱਤਰੀਆਂ ਸਨ?

2. ਪ੍ਰਸ਼ਨ- ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਪੁੱਤਰ ਅਤੇ ਸਪੁੱਤਰੀਆਂ ਦੇ ਨਾਂ ਦੱਸੋ?

3. ਪ੍ਰਸ਼ਨ- ਗੁਰੂ ਤੇਗ ਬਹਾਦਰ ਸਾਹਿਬ ਦਾ ਪਹਿਲਾ ਨਾਂ ਕੀ ਸੀ?

4. ਪ੍ਰਸ਼ਨ- ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜਨਮ ਅਸਥਾਨ ਨੂੰ ਕਿਸ ਨਾਂ ਨਾਲ ਯਾਦ ਕੀਤਾ ਜਾਂਦਾ ਹੈ?

5. ਪ੍ਰਸ਼ਨ- ਨੌਵੇਂ ਗੁਰੂ ਸਾਹਿਬ ਦੇ ਦਾਦਾ-ਦਾਦੀ ਦਾ ਕੀ ਨਾਮ ਸੀ?

6. ਪ੍ਰਸ਼ਨ- ਛੇਵੇਂ ਗੁਰੂ ਨੇ ਤੇਗ ਬਹਾਦਰ ਜੀ ਨੂੰ ਸ਼ਸਤਰ ਸਿੱਖਿਆ ਪ੍ਰਾਪਤ ਕਰਨ ਲਈ ਕਿਹਨਾਂ ਕੋਲ ਭੇਜਿਆ?

# ਕੀ ਤੁਸੀਂ ਜਾਣਦੇ ਹੋ?

* ਹਰਿਮੰਦਰ ਸਾਹਿਬ (ਅੰਮ੍ਰਿਤਸਰ) ਦੀ ਨੀਂਹ ਸਾਈਂ ਮੀਆਂ ਮੀਰ ਨੇ ਰੱਖੀ ਸੀ।
* ਵਿਸ਼ਵ ਦੀ ਸਭ ਤੋਂ ਮਹਿੰਗੀ ਵਸਤੂ ਯੂਰੇਨੀਅਮ ਹੈ।
* ਹਾਥੀ ਨੂੰ ਹਰ ਵਸਤੂ ਦੁੱਗਣੀ ਦਿਖਾਈ ਦਿੰਦੀ ਹੈ।
* ਭਾਰਤ ਦਾ ਰਾਸ਼ਟਰੀ ਪਸ਼ੂ ਬਾਘ ਹੈ।
* ਭਾਰਤੀ ਸੰਵਿਧਾਨ ਵਿਚ 16ਵੀਂ ਸੰਵਿਧਾਨਕ ਸੋਧ ਅਨੁਸਾਰ ਵੋਟਰ ਦੀ ਉਮਰ 21 ਸਾਲ ਤੋਂ ਘਟਾ ਕੇ 18 ਸਾਲ ਸੰਨ 1989 ਵਿਚ ਕੀਤੀ ਗਈ।
* ਇਕ ਰੁਪਏ ਦੇ ਨੋਟ ਉੱਤੇ ਵਿੱਤ ਸਕੱਤਰ ਦੇ ਹਸਤਾਖ਼ਰ ਹੁੰਦੇ ਹਨ।
* ਭਾਰਤ ਦਾ ਸਭ ਤੋਂ ਵੱਡਾ ਡੈਲਟਾ 'ਸੁੰਦਰ-ਬਨ' ਹੈ।
* ਰੀੜ੍ਹ ਦੀ ਹੱਡੀ ਦੇ 24 ਮਣਕੇ ਅਤੇ 24 ਡਿਸਕ ਹੁੰਦੇ ਹਨ।

ਉੱਤਰ 1. ਪੰਜ ਸਪੁੱਤਰ ਤੇ ਇਕ ਸਪੁੱਤਰੀ। 2. ਭਾਈ ਗੁਰਦਿੱਤਾ ਜੀ, ਸੂਰਜ ਮੱਲ ਜੀ, ਅਣੀ ਰਾਏ ਜੀ, ਅਟੱਲ ਰਾਏ ਜੀ, ਤਿਆਗ ਮੱਲ ਜੀ ਅਤੇ ਬੀਬੀ ਵੀਰੋ ਜੀ। 3. ਤਿਆਗ ਮੱਲ ਜੀ। 4. ਗੁਰੂ ਕੇ ਮਹਿਲ। 5. ਗੁਰੂ ਅਰਜਨ ਸਾਹਿਬ ਜੀ ਅਤੇ ਮਾਤਾ ਗੰਗਾ ਜੀ। 6. ਬਾਬਾ ਬੁੱਢਾ ਜੀ ਕੋਲ।

# ਨਵੀਂ ਕਿਸਮ ਦੀ ਅਗਨ ਪ੍ਰੀਖਿਆ




-ਡਾ. ਹਰਸ਼ਿੰਦਰ ਕੌਰ
ਐੱਮ.ਡੀ.
0175-2216783


ਭਾਰਤੀ ਇਤਿਹਾਸ ਮੰਨਦਾ ਹੈ ਕਿ ਹਜ਼ਾਰਾਂ ਸਾਲ ਪਹਿਲਾਂ ਧਰਤੀ ਉੱਤੇ ਉਤਰੇ ਰੱਬੀ ਅਵਤਾਰ ਨੇ ਵੀ ਇੱਕ ਧੋਬੀ ਦੇ ਕਹਿਣ ਉੱਤੇ ਆਪਣੀ ਪਤਨੀ ਨੂੰ ਸਾਵਿਤ੍ਰੀ ਸਾਬਤ ਕਰਨ ਲਈ ਅਗਨ ਪ੍ਰੀਖਿਆ ਵਾਸਤੇ ਮਜਬੂਰ ਕੀਤਾ ਸੀ। ਇਸ ਮਰਦ ਪ੍ਰਧਾਨ ਸਮਾਜ ਵਿਚ ਔਰਤ ਸਿਰਫ਼ ਇੱਕ ਗ਼ੁਲਾਮ ਹੀ ਮੰਨੀ ਗਈ! ਭਾਵੇਂ ਵਿਕਸਿਤ ਮੁਲਕ ਦੀ ਰਾਣੀ ਡਾਇਨਾ ਰਹੀ ਹੋਵੇ ਤੇ ਭਾਵੇਂ ਵਿਕਾਸਸ਼ੀਲ ਦੇਸ ਦੀ ਗ਼ਰੀਬ ਔਰਤ, ਅੱਜ ਤੱਕ ਵੀ ਉਸ ਦੀ ਅਗਨ ਪ੍ਰੀਖਿਆ ਕਦੇ ਮੁੱਕੀ ਨਹੀਂ। ਕੁਆਰਪੁਣੇ ਦੀ ਮਰਦਾਨਾ ਭੁੱਖ ਕਿਸੇ ਸਦੀ ਵਿਚ ਕਦੇ ਤ੍ਰਿਪਤ ਹੋਈ ਹੀ ਨਹੀਂ!

ਇੱਕ ਪਾਸੇ ਖ਼ਬਰ ਛਪਦੀ ਹੈ ਕਿ 20 ਜਣਿਆਂ ਨੇ ਰਲ ਕੇ ਇਕ ਨਾਬਾਲਗ ਬੱਚੀ ਦਾ ਕੁਆਰ ਭੰਗ ਕੀਤਾ ਤੇ ਦੂਜੇ ਪਾਸੇ ਇਹ ਸਾਰੇ 20 ਦੇ ਵੀਹ ਜਣੇ ਆਪਣੇ ਵਿਆਹ ਲਈ 'ਕੁਆਰੀ' ਬਾਲੜੀ ਦੀ ਭਾਲ ਵਾਸਤੇ ਜੁਟ ਜਾਂਦੇ ਹਨ।

ਇਕ ਵਹਿਮ ਦੀ ਬੀਮਾਰੀ ਨੇ ਵੀ ਲੱਖਾਂ ਔਰਤਾਂ ਦੀ ਜੂਨ ਖ਼ਰਾਬ ਕੀਤੀ ਹੈ। ਇਹ ਵਹਿਮ 'ਓਥੈਲੋ ਸਿੰਡਰੋਮ' ਦੀ ਸ਼ਕਲ ਵਿਚ ਮਰਦ ਨੂੰ ਚਿੰਬੜਦਾ ਹੈ। ਮਾਨਸਿਕ ਰੋਗੀ ਮਰਦ ਹਰ ਵੇਲੇ ਇੱਕੋ ਸੋਚ ਦੇ ਦੁਆਲੇ ਘੁੰਮਦਾ ਰਹਿੰਦਾ ਹੈ ਕਿ ਉਸਦੀ ਪਤਨੀ ਦਾ ਕਿਸੇ ਹੋਰ ਮਰਦ ਨਾਲ ਸੰਬੰਧ ਹੈ। ਮਾਨਸਿਕ ਰੋਗ ਦੇ ਵਹਿਮ ਦਾ ਸ਼ਿਕਾਰ ਮਰਦ ਕਦੇ ਆਪਣਾ ਇਲਾਜ ਕਰਵਾਉਂਦਾ ਹੀ ਨਹੀਂ ਤੇ ਬੇਦੋਸੀ ਪਤਨੀ ਦਾ ਕਤਲ ਤੱਕ ਕਰ ਦਿੰਦਾ ਹੈ। ਅਜਿਹੇ ਅਣਗਿਣਤ ਕੇਸ ਮੈਡੀਕਲ ਜਰਨਲਾਂ ਵਿਚ ਲਿਖੇ ਮਿਲਦੇ ਹਨ ਤੇ ਅਨੇਕ ਅਖ਼ਬਾਰਾਂ ਦੀਆਂ ਸੁਰਖੀਆਂ ਬਣ ਚੁੱਕੇ ਹਨ।



ਇਸ ਬੇਬੁਨਿਆਦ ਮਾਨਸਿਕ ਵਹਿਮ ਨੇ ਹੁਣ ਨਵਾਂ ਚੰਨ ਚਾੜ੍ਹਿਆ ਹੈ। ਗੱਲ ਰਾਮਪੁਰ ਪਿੰਡ ਦੀ ਹੈ। ਉੱਥੇ ਵੀ ਓਥੈਲੋ ਸਿੰਡਰੋਮ ਨਾਲ ਪੀੜਤ ਬੰਦਾ ਨਸ਼ੇ ਦੀ ਹਾਲਤ ਵਿਚ ਰੋਜ਼ ਆਪਣੀ ਪਤਨੀ ਉੱਤੇ ਸ਼ੱਕ ਕਰਦਿਆਂ ਉਸਨੂੰ ਕੁੱਟਦਾ ਰਹਿੰਦਾ ਸੀ। ਗੁਆਂਢੀਆਂ ਨੇ ਬਥੇਰਾ ਸਮਝਾਇਆ ਕਿ ਉਸ ਦੀ ਪਤਨੀ ਸਾਰਾ ਦਿਨ ਘਰ ਹੀ ਹੁੰਦੀ ਹੈ ਤੇ ਘਰ ਦਾ ਕੰਮ ਕਰਦੀ ਰਹਿੰਦੀ ਹੈ। ਕਿਤੇ ਆਉਂਦੀ ਜਾਂਦੀ ਨਹੀਂ, ਇਸ ਲਈ ਉਸ ਉੱਤੇ ਬੇਬੁਨਿਆਦ ਸ਼ੱਕ ਸਦਕਾ ਜ਼ੁਲਮ ਢਾਹੁਣਾ ਠੀਕ ਨਹੀਂ। ਪਰ ਮਾਨਸਿਕ ਰੋਗੀ ਪਤੀ ਕਿੱਥੇ ਮੰਨਣ ਵਾਲਾ ਸੀ!

ਹਰ ਰੋਜ਼ ਮਾਰ ਕੁਟਾਈ ਚੱਲਦੀ ਰਹੀ ਤੇ ਗਵਾਂਢੀ ਤੰਗ ਹੁੰਦੇ ਰਹੇ। ਅਖ਼ੀਰ ਇਕ ਦਿਨ ਅਤਿ ਹੋ ਗਈ। ਪਤੀ ਨੇ ਰਾਤ ਘਰ ਮੁੜ ਕੇ ਆਪਣੀ ਪਤਨੀ ਨੂੰ ਮਨਾ ਲਿਆ ਕਿ ਅੱਜ ਤੋਂ ਬਾਅਦ ਕਦੇ ਵੀ ਉਹ ਸ਼ੱਕ ਨਹੀਂ ਕਰੇਗਾ ਜੇ ਪਤਨੀ ਆਪਣੇ ਅੰਦਰੂਨੀ ਅੰਗ ਉਸ ਕੋਲੋਂ ਆਪ ਚੈੱਕ ਕਰਵਾ ਲਵੇ। ਇਸ ਵਾਸਤੇ ਪਤੀ ਉਸ ਦੇ ਹੱਥ ਪੈਰ ਬੰਨ੍ਹ ਕੇ ਚੈੱਕ ਕਰੇਗਾ। ਤੰਗ ਹੋ ਚੁੱਕੀ ਔਰਤ ਮੰਨ ਗਈ। ਪਤੀ ਨੇ ਹੱਥ ਪੈਰ ਬੰਨ੍ਹਣ ਬਾਅਦ ਔਰਤ ਦਾ ਮੂੰਹ ਵੀ ਘੁੱਟ ਕੇ ਬੰਨ੍ਹਣਾ ਸ਼ੁਰੂ ਕਰ ਦਿੱਤਾ। ਔਰਤ ਨੇ ਚੀਕਣਾ ਚਾਹਿਆ ਤਾਂ ਘੁੱਟ ਕੇ ਮੂੰਹ ਦੱਬ ਦਿੱਤਾ।

ਬੰਨ੍ਹਣ ਬਾਅਦ ਪਤੀ ਨੇ ਐਲਮੀਨੀਅਮ ਦੀ ਤਾਰ ਨਾਲ ਪਤਨੀ ਦੀ ਬੱਚੇਦਾਨੀ ਦੇ ਮੂੰਹ ਨੂੰ ਸੀਅ ਦਿੱਤਾ! ਤੜਫਦੀ ਪਤਨੀ ਨੂੰ ਉਂਜ ਹੀ ਲਹੂ ਲੁਹਾਨ ਤੇ ਬੰਨ੍ਹੀ ਹੋਈ ਨੂੰ ਛੱਡ ਕੇ, ਉਸ ਨੂੰ ਗਾਲ੍ਹਾਂ ਕੱਢ ਕੇ, ਪਤੀ ਭੱਜ ਗਿਆ।

ਅਗਲੇ ਦਿਨ ਸਵੇਰੇ ਬਹੁਤ ਲਹੂ ਵਹਿ ਜਾਣ ਤੇ ਅੰਤਾਂ ਦੀ ਪੀੜ ਕਾਰਨ ਨੀਮ ਬੇਹੋਸ਼ ਹੋਈ ਪਤਨੀ ਨੂੰ ਗਵਾਂਢਣ ਨੇ ਆ ਕੇ ਵੇਖਿਆ ਤਾਂ ਘਬਰਾ ਗਈ। ਹੋਰ ਔਰਤਾਂ ਨੂੰ ਸੱਦ ਕੇ ਉਸ ਨੂੰ ਖੋਲ੍ਹ ਕੇ ਝੱਟ ਹਸਪਤਾਲ ਲਿਜਾਇਆ ਗਿਆ। ਪਤੀ ਉਸ ਸਮੇਂ ਤੋਂ ਫਰਾਰ ਹੈ। ਰਿਪੋਰਟ ਦਰਜ ਕਰਵਾਈ ਜਾ ਚੁੱਕੀ ਹੈ ਪਰ ਪਤਨੀ ਤਾਂ ਹੁਣ ਅਨੇਕ ਅਪਰੇਸ਼ਨਾਂ ਬਾਅਦ ਵੀ ਨਾਰਮਲ ਨਹੀਂ ਹੋ ਸਕਣ ਲੱਗੀ!

ਓਥੈਲੋ ਸਿੰਡਰੋਮ ਦਾ ਮਰੀਜ਼ ਪਤੀ ਦਰਅਸਲ ਆਪ ਸਰੀਰਕ ਸੰਬੰਧ ਬਣਾਉਣ ਜੋਗਾ ਨਹੀਂ ਹੁੰਦਾ ਤੇ ਆਪਣੀ ਕਮਜ਼ੋਰੀ ਦਾ ਭਾਂਡਾ ਬੇਕਸੂਰ ਪਤਨੀ ਸਿਰ ਭੰਨ੍ਹ ਦਿੰਦਾ ਹੈ।

ਔਰਤ ਦੇ ਬੱਚੇਦਾਨੀ ਦੇ ਮੂੰਹ ਦੀ ਕੱਟ ਵੱਢ ਕਰਨੀ ਵੀ ਇਹ ਕੋਈ ਪਹਿਲਾ ਕੇਸ ਨਹੀਂ ਹੈ।

ਯੂਨਾਈਟਿਡ ਨੇਸ਼ਨਜ਼ ਨੇ ਇਸ ਤਰ੍ਹਾਂ ਦੀ ਔਰਤਾਂ ਦੇ ਅੰਦਰੂਨੀ ਅੰਗ ਦੀ ਕੱਟ ਵੱਢ ਨੂੰ ਮਨੁੱਖੀ ਅਧਿਕਾਰਾਂ ਦਾ ਸੰਗੀਨ ਜੁਰਮ ਮੰਨ ਲਿਆ ਹੈ।

ਅਫਰੀਕਾ ਵਿਚ ਤਾਂ ਸਦੀਆਂ ਤੋਂ ਇਹ ਕੁਕਰਮ ਹੁੰਦਾ ਰਿਹਾ ਹੈ। ਮੁੰਬਈ ਵਿਖੇ ਇਸ ਸੰਗੀਨ ਜੁਰਮ ਦਾ ਪਰਦਾ ਫਾਸ਼ ਹੋਇਆ ਹੈ ਜਿਸ ਬਾਰੇ ਇਕ ਅੰਗਰੇਜ਼ੀ ਅਖ਼ਬਾਰ ਵਿਚ ਪੂਰੀ ਰਿਪੋਰਟ ਛਪੀ ਹੈ।

ਛੇ ਤੋਂ ਸੱਤ ਵਰ੍ਹਿਆਂ ਦੀਆਂ ਬਾਲੜੀਆਂ ਨੂੰ ਹਨ੍ਹੇਰੇ ਕਮਰੇ ਵਿਚ ਲਿਜਾ ਕੇ, ਉਨ੍ਹਾਂ ਸਾਹਮਣੇ ਗੈਸ ਉੱਤੇ ਚਾਕੂ ਨੂੰ ਲਾਲ ਸੁਰਖ਼ ਗਰਮ ਕਰ ਕੇ, ਉਨ੍ਹਾਂ ਦੇ ਅੰਦਰੂਨੀ ਅੰਗਾਂ ਨੂੰ ਵੱਢ ਦਿੱਤਾ ਜਾਂਦਾ ਹੈ। ਚੀਕਦੀਆਂ ਕੁਰਲਾਉਂਦੀਆਂ ਬਾਲੜੀਆਂ, ਜੋ ਬੋਹਰਾ ਜਾਤ ਨਾਲ ਸੰਬੰਧਤ ਹਨ, ਦਾ ਮੂੰਹ ਦੱਬ ਕੇ, 'ਖਤਨਾ' ਦਾ ਨਾਂ ਦੇ ਕੇ ਜ਼ਿੰਦਗੀ ਭਰ ਲਈ ਦਰਦ ਸਹਿਣ ਕਰਨ ਲਈ ਛੱਡ ਦਿੱਤੀਆਂ ਜਾਂਦੀਆਂ ਹਨ। ਲੱਖਾਂ ਦੀ ਗਿਣਤੀ ਵਿਚ ਹੁਣ ਤੱਕ ਮਨੁੱਖੀ ਅਧਿਕਾਰਾਂ ਦਾ ਘਾਣ ਕਰਵਾ ਚੁੱਕੀਆਂ ਬਾਲੜੀਆਂ ਵਿੱਚੋਂ 18 ਜਣੀਆਂ ਨੇ ਹਿੰਮਤ ਵਿਖਾ ਕੇ ਇਸ ਜ਼ੁਲਮ ਵਿਰੁੱਧ ਆਵਾਜ਼ ਚੁੱਕੀ ਹੈ। ਦਿੱਲੀ ਦੀ 'ਮਸੂਮਾ ਰਨਾਲਵੀ' ਤੇ ਉਸ ਨਾਲ 17 ਹੋਰ ਔਰਤਾਂ ਨੇ 'ਓਨਲਾਈਨ ਪੈਟੀਸ਼ਨ' ਰਾਹੀਂ ਸਮਾਜ ਨੂੰ ਸ਼ੀਸ਼ਾ ਵਿਖਾਇਆ ਹੈ। ਇਹ ਸਾਰੀਆਂ ਔਰਤਾਂ 42 ਸਾਲ ਪਹਿਲਾਂ

ਬਾਕੀ ਸਫਾ 30 'ਤੇ


**ਅੱਜ ਤੱਕ ਜਿਸ ਵੀ ਔਰਤ ਨੇ ਇਸ ਜ਼ੁਲਮ ਵਿਰੁੱਧ ਆਵਾਜ਼ ਚੁੱਕੀ ਹੈ, ਸਾਰੇ ਉਹ ਲੋਕ, ਜੋ ਔਰਤ ਉੱਤੇ ਹੋ ਰਹੀ ਹਿੰਸਾ ਨੂੰ ਸਹੀ ਮੰਨਦੇ ਹਨ, ਉੱਚੀ-ਉੱਚੀ ਚੀਕਣ ਲੱਗ ਪੈਂਦੇ ਹਨ। ਹੋ-ਹੱਲਾ ਕਰ ਕੇ ਔਰਤ ਦੀ ਆਵਾਜ਼ ਦੱਬ ਦਿੱਤੀ ਜਾਂਦੀ ਹੈ। ਯੂਨਾਈਟਿਡ ਨੇਸ਼ਨਜ਼ ਵੱਲੋਂ ਐਲਾਨੇ ਇਸ ਮਨੁੱਖੀ ਅਧਿਕਾਰਾਂ ਦੇ ਕਤਲ ਵਿਰੁੱਧ ਅੱਜ ਲੋੜ ਹੈ ਸੁਹਿਰਦ ਲੋਕਾਂ ਵੱਲੋਂ ਵਿਰੋਧ ਕਰਨ ਦੀ। ਇਸ ਅਤਿ ਦੇ ਘਿਨਾਉਣੇ ਜੁਰਮ ਨੂੰ ਹਰ ਹਾਲ ਠੱਲ ਪਾਉਣ ਦੀ ਲੋੜ ਹੈ। ਇੱਕ ਔਰਤ ਹੁੰਦਿਆਂ, ਆਪਣੀ ਜ਼ਾਤ ਦੀਆਂ ਦੀ ਪੀੜ ਸਮਝਦਿਆਂ ਮੈਂ ਉਨ੍ਹਾਂ ਦੇ ਹੱਕਾਂ ਲਈ ਅੱਜ ਆਵਾਜ਼ ਚੁੱਕੀ ਹੈ, ਇਸ ਉਮੀਦ ਵਿੱਚ ਕਿ ਹੁਣ ਇੱਕੀਵੀਂ ਸਦੀ ਵਿਚ ਤਾਂ ਘੱਟੋ-ਘੱਟ ਔਰਤ ਦੀ ਅਗਨ ਪ੍ਰੀਖਿਆ ਹੋਣੀ ਬੰਦ ਹੋਵੇਗੀ। ਆਖ਼ਰ ਕਿਸੇ ਸਦੀ ਵਿੱਚ ਤਾਂ ਔਰਤ ਨੂੰ ਸਹੀ ਮਿਹਣਿਆਂ ਵਿੱਚ ਬਰਾਬਰੀ ਦਾ ਦਰਜਾ ਦਿੱਤਾ ਜਾਵੇਗਾ!**

# ਜਮਾਇਕਾ ਮੂਲ ਦੇ ਲੈਥਨ ਸਾਮੂਅਲ ਡੈਨਿਸ ਸਿੰਘ ਦੇ ਸਿੱਖੀ ਜ਼ਜਬੇ ਦਾ ਸਨਮਾਨ ਕਰਨਾ ਜ਼ਰੂਰ ਬਣਦੈ

**-ਹਰਜਿੰਦਰ ਸਿੰਘ ਬਸਿਆਲਾ**

ਕਾਫੀ ਚਿਰ ਤੋਂ ਫੇਸ ਬੁੱਕ ਉਤੇ ਇਕ ਸਾਂਵਲੇ ਰੰਗ ਦੇ ਵਿਅਕਤੀ ਦੇ ਸਜਾਈ ਦਸਤਾਰ ਵੇਖਣ ਨੂੰ ਮਿਲਦੀ ਹੁੰਦੀ ਸੀ ਅਤੇ ਉਤਸਕੁਤਾ ਹੁੰਦੀ ਸੀ ਕਿ ਸਿੱਖੀ ਰੂਪ ਧਾਰਨ ਕਰਨ ਵਾਲੇ ਇਸ ਵਿਅਕਤੀ ਬਾਰੇ ਕੁਝ ਲਿਖਿਆ ਜਾਵੇ। ਕੁਝ ਦਿਨ ਪਹਿਲਾਂ ਉਸ ਨਾਲ ਫੋਨ ਉਤੇ ਗੱਲਬਾਤ ਕੀਤੀ ਸੀ ਅਤੇ ਕਹਾਣੀ ਸੁਣ ਜਿੱਥੇ ਉਸ ਅੰਦਰਲਾ ਸਿੱਖੀ ਜ਼ਜਬਾ ਗੂੜੇ ਰੰਗ ਵਿਚ ਝਲਕਦਾ ਸਾਫ ਨਜ਼ਰ ਆਇਆ ਉਥੇ ਆਪਣਾ ਸਿੱਖੀ ਜ਼ਜਬਾ ਬਹੁਤ ਫਿੱਕਾ ਜਾਪਣ ਲੱਗਾ।

ਜਮਾਇਕਾ ਦੇ ਜੰਮੇ ਅਤੇ ਹੁਣ ਅਮਰੀਕਾ ਵਿਖੇ ਫੇਅਰਫੈਕਸ ਵਰਜੀਨੀਆ ਵਿਖੇ ਸੈਟ ਹੋ ਚੁੱਕੇ ਰਿਟਾਇਰਡ ਇੰਜੀਨੀਅਰ 71 ਸਾਲਾ ਇਸ ਸਿੰਘ ਨੇ ਆਪਣੇ ਸਿੱਖੀ ਜੀਵਨ ਦੀ ਸ਼ੁਰੂਆਤ ਬੜੇ ਕਮਾਲ ਦੀ ਦੱਸੀ ਹੈ। 13 ਸਾਲਾਂ ਦੀ ਉਮਰ ਵਿਚ ਇਸਦੀ ਮਾਂ ਮਰ ਗਈ ਸੀ ਅਤਿ ਦੀ ਗਰੀਬੀ ਸੀ। ਕਿਸੀ ਤਰ੍ਹਾਂ ਸਕਾਲਰਸ਼ਿਪ ਮਿਲੀ ਅਤੇ ਅਮਰੀਕਾ ਪੜ੍ਹਨ ਆਇਆ। ਜਦੋਂ ਇਹ 18 ਸਾਲਾਂ ਦੀ ਉਮਰ ਦਾ ਸੀ ਤਾਂ ਉਦੋਂ ਇਹ ਸਿੱਖ ਬਣਿਆ ਸੀ ਤੇ ਉਸ ਵੇਲੇ ਮਿਸ਼ੀਨਗਨ ਯੂਨੀਵਰਸਿਟੀ ਵਿਚ ਪੜ੍ਹਦਾ ਸੀ। ਉਸ ਸਮੇਂ ਉਸਨੇ ਯੂਨੀਵਰਸਿਟੀ ਤੋਂ 200 ਕੁ ਮੀਟਰ ਦੂਰ ਇਕ ਬਹੁਤ ਹੀ ਸੁੰਦਰ ਲੰਬੇ ਦਸਤਾਰਧਾਰੀ ਸਿੱਖ ਨੂੰ ਵੇਖਿਆ ਸੀ। ਉਹ ਉਸ ਵੱਲ ਖਿਚਿਆ ਗਿਆ ਅਤੇ ਜਾ ਕੇ ਕਹਿਣ ਲੱਗਾ ਕਿ ਤੁਸੀਂ ਆਪਣੀ ਦਸਤਾਰ ਕਿਵੇਂ ਬੰਨ੍ਹਦੇ ਹੋ? ਇਸ ਤੋਂ ਪਹਿਲਾਂ ਉਸਨੇ ਸਿੱਖ ਨਹੀਂ ਸੀ ਵੇਖਿਆ। ਉਸ ਸਿੱਖ ਨੇ ਜਿਆਦਾ ਕੁਝ ਨਹੀਂ ਕਿਹਾ ਅਤੇ ਪਰ ਇਹ ਕਿਹਾ ਕਿ ਤੁਸੀਂ ਐਤਵਾਰ ਨੂੰ ਗੁਰਦੁਆਰਾ ਸਾਹਿਬ ਜਾਓ। ਉਸ ਸਮੇਂ ਗੁਰਦੁਆਰਾ ਕੀ ਹੁੰਦਾ ਹੈ? ਇਸ ਨੂੰ ਨਹੀਂ ਸੀ ਪਤਾ।








ਲੈਥਨ ਸਿੰਘ ਫਿਰ ਅਗਲੇ ਐਤਵਾਰ ਨੂੰ ਦੱਸੇ ਪਤੇ ਰਾਹੀਂ ਗੁਰਦੁਆਰਾ ਸਾਹਿਬ ਵਿਖੇ ਗਿਆ ਉਥੇ ਇਸਨੂੰ ਡਾ. ਨੌਨਿਹਾਲ ਸਿੰਘ ਨਾਂਅ ਦੇ ਵਿਅਕਤੀ ਮਿਲੇ ਜਿਨ੍ਹਾਂ ਨੇ ਸਿੱਖੀ ਬਾਰੇ ਜਾਣਕਾਰੀ ਦਿੱਤੀ। ਲਗਪਗ 2 ਮਹੀਨੇ ਇਹ ਲਗਾਤਾਰ ਗੁਰਦੁਆਰਾ ਸਾਹਿਬ ਜਾਂਦਾ ਰਿਹਾ ਸਿੱਖੀ ਅਤੇ ਪੱਗ ਬਾਰੇ ਪੁੱਛਦਾ ਰਿਹਾ, ਪਰ ਇਸਨੇ ਡਰਦੇ ਨੇ ਪੱਗ ਨਹੀਂ ਸੀ ਮੰਗੀ। ਇਹ ਸੋਚਦਾ ਹੈ ਕਿ ਸ਼ਾਇਦ ਉਹ ਮੇਰੀ ਪ੍ਰੀਖਿਆ ਲੈ ਰਹੇ ਸਨ ਕਿ ਮੈਂ ਪੱਗ ਲਈ ਸੱਚਾ ਸ਼ਰਧਾਵਾਨ ਹਾਂ ਕਿ ਨਹੀਂ। ਦੋ ਮਹੀਨੇ ਦੇ ਬਾਅਦ ਇਸਨੂੰ ਵਿਸ਼ੇਸ਼ ਤੌਰ 'ਤੇ ਬੁਲਾਇਆ ਗਿਆ ਅਤੇ ਸਤਿਕਾਰ ਸਹਿਤ ਪੱਗ ਭੇਟ ਕੀਤੀ ਗਈ। ਉਸ ਸਮੇਂ ਗੁਰਦੁਆਰਾ ਸਾਹਿਬ ਵਿਖੇ ਇਸਦੇ ਪੱਗ ਬੰਨ੍ਹੀ ਗਈ ਅਤੇ ਕਿਹਾ ਗਿਆ ਕਿ ਤੁਸੀਂ ਬਹੁਤ ਸੋਹਣੇ ਲਗਦੇ ਹੋ। ਘਰ ਜਾ ਕੇ ਲੈਥਨ ਸਿੰਘ ਨੇ ਮੁੜ ਸ਼ੀਸ਼ਾ ਵੇਖਿਆ ਇਹ ਮਹਿਸੂਸ ਕੀਤਾ ਕਿ ਜਿਵੇਂ ਮੇਰੇ ਸਿਰ ਉਤੇ ਤਾਜ ਰੱਖ ਦਿੱਤਾ ਗਿਆ ਹੋਵੇ। ਉਸ ਰਾਤ ਇਸਨੇ ਪੱਗ ਸਿਰ ਉਤੋਂ ਉਤਾਰੀ ਹੀ ਨਹੀਂ ਇਥੋਂ ਤੱਕ ਕਿ ਅਗਲੀਆਂ ਦੋ ਰਾਤਾਂ ਵੀ ਇਸਨੇ ਪੱਗ ਨਹੀਂ ਉਤਾਰੀ ਅਤੇ ਏਦਾਂ ਹੀ ਸੌਦਾ ਰਿਹਾ। ਤਿੰਨ ਦਿਨ ਬਾਅਦ ਜਦੋਂ ਦੁਬਾਰਾ ਪੱਗ ਉਤਾਰ ਕੇ ਬੰਨ੍ਹਣ ਲੱਗਾ ਤਾਂ ਨਹੀਂ ਬੰਨ੍ਹ ਗਈ ਅਤੇ ਅਗਲੇ ਐਤਵਾਰ ਨੂੰ ਦੁਬਾਰਾ ਗੁਰਦੁਆਰਾ ਸਾਹਿਬ ਪਹੁੰਚ ਕੇ ਪੱਗ ਬੰਨ੍ਹਣੀ ਸਿੱਖਣ ਲੱਗਾ।

ਇਥੇ ਕਮਾਲ ਦੀ ਗੱਲ ਇਹ ਉਨ੍ਹਾਂ ਦੱਸੀ ਕਿ ਜਿਸ ਵੀ ਗੁਰੂ ਦੇ ਸਿੰਘ ਨੇ ਉਸਦੇ ਪੱਗ ਬੰਨ੍ਹੀ ਉਨ੍ਹਾਂ ਨੂੰ ਇੰਝ ਲੱਗਿਆ ਜਿਵੇਂ ਗੁਰੂ ਗੋਬਿੰਦ ਸਿੰਘ ਨੇ ਉਨ੍ਹਾਂ ਦੇ ਪੱਗ ਸਜਾ ਦਿੱਤੀ ਹੋਵੇ ਅਤੇ ਉਸ ਦਿਨ ਪਤਾ ਨਹੀਂ ਕੀ ਹੋਇਆ ਮੇਰਾ ਜੀਵਨ ਪੂਰਨ ਤੌਰ ਉਤੇ ਬਦਲ ਗਿਆ। ਮੇਰਾ ਪਿਆਰ ਸਿੱਖੀ ਪ੍ਰਤੀ ਪ੍ਰਗਟ ਹੋ ਗਿਆ। ਗੁਰੂ ਨਾਨਕ ਦੀ ਸਿਖਿਆ ਮੈਨੂੰ ਪ੍ਰਭਾਵਿਤ ਕਰਨ ਲੱਗੀ। ਕੀਨੀਆ ਜਨਮੇ ਡਾ. ਨੌਨਿਹਾਲ ਸਿੰਘ ਨੇ ਮੈਨੂੰ ਬਹੁਤ ਕੁਝ ਸਿੱਖੀ ਬਾਰੇ ਦੱਸਿਆ।

ਡਾ. ਨੌਨਿਹਾਲ ਇਸ ਵੇਲੇ ਦੁਨੀਆ 'ਤੇ ਨਹੀਂ ਹਨ ਪਰ ਉਸਦੀ ਤਸਵੀਰ ਹਮੇਸ਼ਾਂ ਲੈਥਨ ਸਿੰਘ ਆਪਣੇ ਕੋਲ ਰੱਖਦਾ ਹੈ ਜਿਸਨੇ ਉਸਦੀ ਜ਼ਿੰਦਗੀ ਬਦਲੀ। ਉਸਨੇ ਪੰਜ ਕਕਾਰਾਂ ਬਾਰੇ ਸੁਣਿਆ। ਡਾ. ਨੌਨਿਹਾਲ ਸਿੰਘ ਦੇ ਨਾਲ ਉਹ ਜ਼ਮਾਇਕਾ ਵਿਖੇ ਵੀ ਗਿਆ ਅਤੇ ਸਿੱਖੀ ਪ੍ਰਚਾਰ ਫੇਰੀ ਦੇ ਵਿਚ ਸ਼ਾਮਿਲ ਰਿਹਾ। ਜਮਾਇਕਾ ਦੇ ਵਾਸੀ ਸਿੱਖੀ ਦੇ ਵਿਚ ਕਾਫੀ ਵਿਸ਼ਵਾਸ਼ ਰੱਖਦੇ ਹਨ। ਜਦੋਂ ਤੋਂ ਇਹ ਸਿੱਖ ਬਣਿਆ ਉਦੋਂ ਤੋਂ ਹੀ ਸਵੇਰੇ 4.30 ਉਠ ਕੇ ਇੰਗਲਿਸ਼ ਦੇ ਵਿਚ ਗੁਰਬਾਣੀ ਪੜ੍ਹਨ ਅਤੇ ਸੁਣਨ ਦੇ ਨਾਲ ਇਸਦੀ ਸ਼ੁਰੂਆਤ ਹੁੰਦੀ ਹੈ। ਜਪੁ ਜੀ ਸਾਹਿਬ ਬਾਰੇ ਜੋ ਤਜ਼ਰਬਾ ਉਨ੍ਹਾਂ ਦੱਸਿਆ ਉਹ ਸ਼ਾਇਦ ਬਹੁਤ ਹੀ ਘੱਟ ਜਗਿਆਸੂਆਂ ਨੂੰ ਹੋਵੇ। ਜਪੁ ਜੀ ਸਾਹਿਬ ਦੇ ਵਿਚ ਸ਼ਾਮਿਲ ਪੰਜ ਖੰਡਾ ਬਾਰੇ ਬਹੁਤ ਹੀ ਭਰਪੂਰ ਜਾਣਕਾਰੀ ਉਨ੍ਹਾਂ ਦੇ ਕੋਲ ਸੀ ਜਿਹੜੀ ਕਿ ਉਨ੍ਹਾਂ ਮੇਰੇ ਨਾਲ ਸਾਂਝੀ ਕੀਤੀ।

ਇਸਦੀ ਪਤਨੀ ਭਾਵੇਂ ਸਿੱਖਇਜ਼ਮ ਦੇ ਵਿਚ ਜਿਆਦਾ ਦਿਲਚਸਪੀ ਨਹੀਂ ਸੀ ਲੈਂਦੀ ਪਰ ਜਮਾਇਕਾ ਤੋਂ ਹੀ ਸਿੱਖੀ ਦੇ ਮੁੱਢਲੇ ਨਿਯਮਾਂ ਤੋਂ ਵਾਕਿਫ ਸੀ। ਤਿੰਨ ਇਸਦੇ ਪੁੱਤਰ ਹਨ ਅਤੇ ਦੋ ਧੀਆਂ ਹਨ। ਇਕ ਪੁੱਤਰ ਡਾਕਟਰ ਅਤੇ ਇਕ ਵਕੀਲ ਹੈ। ਜਦੋਂ ਵੀ ਸਿੱਖ ਰਾਜ ਦੀ ਸਥਾਪਨਾ ਦੀ ਆਵਾਜ ਉਠਦੀ ਹੈ ਤਾਂ ਲੈਥਨ ਸਿੰਘ ਸਿੱਖੀ ਦਾ ਨਿਸ਼ਾਨ ਚੁੱਕੀ ਪੂਰੇ ਜ਼ਜਬੇ ਦੇ ਨਾਲ ਬਾਕੀ ਸੰਗਤ ਦੇ ਵਿਚ ਸ਼ਾਮਿਲ ਹੁੰਦਾ ਹੈ। ਨਗਰ ਕੀਰਤਨਾਂ ਦੇ ਵਿਚ ਸੰਗਤ ਇਨ੍ਹਾਂ ਨਾਲ ਤਸਵੀਰਾਂ ਖਿਚਵਾਉਂਦੀ ਹੈ। ਜੂਨ 1984 ਦੀ ਨਸਲਕੁਸ਼ੀ ਬਾਰੇ ਰੋਸ ਪ੍ਰਦਰਸ਼ਨ ਹੋਵੇ, ਯੂਨਾਈਟਿਡ ਸਟੇਟ ਦੇ ਵਿਚ ਕੋਈ ਸਿੱਖ ਭਾਈਚਾਰੇ ਦਾ ਪ੍ਰਦਰਸ਼ਨ ਹੋਵੇ ਜਾਂ ਸਿੱਖੀ ਦੀ ਚੜ੍ਹਦੀ ਕਲਾ ਲਈ ਕਿਤੇ ਵੀ ਕੋਈ ਗੱਲਬਾਤ ਹੋਵੇ ਇਹ ਸਿੰਘ ਹਮੇਸ਼ਾਂ ਆਪਣਾ ਯੋਗਦਾਨ ਪਾਉਣ ਵਾਸਤੇ ਤੱਤਪਰ ਰਹਿੰਦਾ ਹੈ।

-0-

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ:

# ਸਿੱਖ ਮੈਮੋਰੰਡਮ ਜੋ ਪੰਜਾਬ ਸਰਹੱਦੀ ਕਮਿਸ਼ਨ ਨੂੰ 18 ਜੁਲਾਈ ਨੂੰ ਦਿੱਤਾ ਗਿਆ

**'ਸਿੱਖਾਂ ਦੇ ਪਾਕਿਸਤਾਨ ਵਿਚੋਂ ਨਿਕਲਣ ਦੀ ਗਾਥਾ'** ਕਿਤਾਬ ਵਿਚੋਂ

**ਸਿੱਖ ਆਬਾਦਕਾਰ**

(31) ਜਿਸ ਤਰ੍ਹਾਂ ਪਹਿਲੇ ਵੀ ਦੱਸਿਆ ਗਿਆ ਹੈ ਕਿ ਲਾਇਲਪੁਰ ਤੇ ਮਿੰਟਗੁਮਰੀ ਜ਼ਿਲ੍ਹਿਆਂ ਦੇ ਆਬਾਦਕਾਰ ਜ਼ਿਆਦਾਤਰ ਪੂਰਬੀ ਪੰਜਾਬ ਦੇ ਲੁਧਿਆਣਾ, ਅੰਬਾਲਾ, ਜਲੰਧਰ ਤੇ ਅੰਮ੍ਰਿਤਸਰ ਜ਼ਿਲ੍ਹਿਆਂ ਤੋਂ ਨਿਯੁਕਤ ਕੀਤੇ ਗਏ ਸਨ। ਇਹਨਾਂ ਬਸਤੀਵਾਸੀਆਂ ਦੇ ਜੱਦੀ ਘਰ ਇਹਨਾਂ ਜ਼ਿਲ੍ਹਿਆਂ ਵਿਚ ਹਨ ਅਤੇ ਇਹਨਾਂ ਨੇ ਲਾਇਲਪੁਰ ਤੇ ਮਿੰਟਗੁਮਰੀ ਵਿਚ ਜ਼ਮੀਨ ਹਾਸਲ ਕੀਤੀ ਸੀ। ਪੰਜਾਬ ਦੇ ਪੂਰਬੀ ਜ਼ਿਲ੍ਹਿਆਂ ਤੋਂ ਆਏ ਬਸਤੀਵਾਸੀਆਂ ਨਵੇਂ ਪਿੰਡ ਬਣਾਏ ਤੇ ਇਹਨਾਂ ਦੇ ਨਾਂ ਉਹਨਾਂ ਨੇ ਪੂਰਬੀ ਪੰਜਾਬ ਦੇ ਪਿੰਡਾਂ ਦੇ ਨਾਵਾਂ 'ਤੇ ਰੱਖੇ ਹਨ। ਅਸਲ ਵਿਚ ਇਹ ਬਸਤੀਵਾਸੀ ਸਾਲ ਦਾ ਅੱਧਾ ਹਿੱਸਾ ਬਸਤੀ ਦੀ ਜਗ੍ਹਾ 'ਤੇ ਬਿਤਾਂਦੇ ਹਨ ਤੇ ਅੱਧਾ ਆਪਣੇ ਅਸਲ ਘਰਾਂ ਵਿਚ। ਚੰਗੀ ਕਾਸ਼ਤਕਾਰੀ ਕਰਨ ਦੀ ਖ਼ਾਤਰ ਪਰਿਵਾਰ ਦੇ ਕੁਝ ਮੈਂਬਰ ਬਸਤੀਆਂ ਵਿਚ ਰਹਿੰਦੇ ਹਨ ਤੇ ਕੁਝ ਅਸਲ ਘਰਾਂ ਵਿਚ। ਪੰਜਾਬ ਦੀ ਵੰਡ ਨਾਲ ਜੋ ਬਸਤੀ ਦਾ ਹਿੱਸਾ ਪੂਰਬੀ ਪੰਜਾਬ ਵਿਚ ਨਾ ਲਿਆਂਦਾ ਗਿਆ ਤਾਂ ਇਕ ਪਰਿਵਾਰ ਵਿਚ ਹੀ ਦੇਸ਼ਾਂ ਦੇ ਵਖਰੇਵੇਂ ਨਾਲ ਬਹੁਤ ਮੁਸ਼ਕਲਾਂ ਦਾ ਆਉਣਾ ਲਾਜ਼ਮੀ ਹੈ। ਇਕ ਪਿਉ ਦੇ ਦੋ ਪੁੱਤਰ ਚਾਹੇ ਦੋ ਵੱਖਰੇ ਦੇਸ਼ਾਂ ਦੇ ਵਾਸੀ ਹੋ ਜਾਣ, ਇਸ ਪੱਖੋਂ ਹਿੰਦੂ ਜਾਂ ਮੁਸਲਮਾਨ ਕਿਸੇ ਨੂੰ ਵੀ ਖ਼ਾਸ ਫ਼ਰਕ ਨਹੀਂ ਪੈਂਦਾ; ਕਿਉਂਕਿ ਪੱਛਮੀ ਪੰਜਾਬ ਤੋਂ ਕੋਈ ਬਸਤੀਵਾਦੀ ਪੂਰਬੀ ਪੰਜਾਬ ਵਿਚ ਨਹੀਂ ਹਨ। ਲਾਇਲਪੁਰ ਤੇ ਮਿੰਟਗੁਮਰੀ ਜ਼ਿਲ੍ਹਿਆਂ ਵਿਚ ਜ਼ਿਆਦਾਤਰ ਬਸਤੀਵਾਸੀ ਅੰਬਾਲਾ, ਜਲੰਧਰ ਤੇ ਅੰਮ੍ਰਿਤਸਰ ਜ਼ਿਲ੍ਹਿਆਂ ਦੇ ਜੱਟ ਸਿੱਖ ਹਨ। ਸਰ ਮੈਲਕਮ ਡਾਰਲਿੰਗ ਆਪਣੀ ਕਿਤਾਬ ਦੀ ਪੰਜਾਬ ਪੀਜ਼ੈਂਟ ਦੇ ਸਫ਼ਾ 143 ਤੇ ਲਿਖਦਾ ਹੈ, "ਲਾਇਲਪੁਰ ਕੇਂਦਰੀ ਪੰਜਾਬੀ ਦੀ ਧੀ ਹੈ ਅਤੇ ਸ਼ਾਹਪੁਰ ਉੱਤਰ ਅਤੇ ਪੱਛਮ ਦੀ ਅਤੇ ਇਸਦਾ ਅਸਰ ਵੀ ਇਸੇ ਦੇ ਅਨੁਕੂਲ ਹੀ ਹੈ। ਸਿਰਫ਼ ਅੰਮ੍ਰਿਤਸਰ ਵਿੱਚੋਂ ਹੀ ਇਕ ਲੱਖ ਤੋਂ ਵੱਧ ਲੋਕ ਬਾਰ ਵਿਚ ਵੱਸਣ ਲਈ ਗਏ ਹਨ।

**ਗੈਰ-ਮੁਸਲਮਾਨਾਂ ਦੀ ਆਬਾਦੀ**

(32) 1941 ਦੀ ਮਰਦਮਸ਼ੁਮਾਰੀ ਦੇ ਮੁਤਾਬਿਕ ਪੰਜਾਬ ਵਿਚ ਸਾਰੀ ਆਬਾਦੀ ਦਾ 43 % ਗ਼ੈਰ - ਮੁਸਲਮਾਨ ਹਨ। ਅੰਬਾਲਾ, ਜਲੰਧਰ ਡਵੀਜ਼ਨ ਤੇ ਲਾਹੌਰ ਡਵੀਜ਼ਨ ਦੇ ਅੰਮ੍ਰਿਤਸਰ ਜ਼ਿਲ੍ਹੇ ਜਿਸਨੂੰ ਹੁਣ ਤੋਂ ਪੂਰਬੀ ਹਿੱਸਾ ਕਿਹਾ ਗਿਆ ਹੈ, ਉਸ ਵਿਚ ਸਾਰੀ ਆਬਾਦੀ ਦਾ 40.6 % ਹਨ ਜਦ ਕਿ ਪ੍ਰਾਂਤ ਦੇ ਇਸ ਭਾਗ ਦਾ ਖੇਤਰਫਲ 35.6 % ਹੈ। ਅਤੇ ਇਸ ਭਾਗ ਦੀ ਨਹਿਰੀ ਪਾਣੀ ਲਗਣ ਵਾਲਾ ਹਿੱਸਾ ਸਾਰੇ ਹਿੱਸੇ ਦਾ 22.1 % ਹੈ। ਇਹ ਸਪੱਸ਼ਟ ਹੈ ਕਿ ਪੰਜਾਬ ਦਾ ਵਿਭਾਜਨ ਮੁਸਲਮਾਨਾਂ ਤੇ ਗੈਰ - ਮੁਸਲਮਾਨਾਂ ਦੇ ਬਹੁ-ਗਿਣਤੀ ਵਾਲੇ ਜ਼ਿਲ੍ਹਿਆਂ ਦੇ ਆਧਾਰ 'ਤੇ ਕਰਨ ਨਾਲ ਗ਼ੈਰ-ਮੁਸਲਮਾਨ ਕੌਮਾਂ ਲਈ ਭਾਰੀ ਧੱਕਾ ਹੋਵੇਗਾ।

**ਦੋਹਾਂ ਭਾਗਾਂ ਦੀ ਮਾਲੀ ਆਤਮ-ਨਿਰਭਰਤਾ**

(33) ਸਰਹੱਦੀ ਕਮਿਸ਼ਨ ਨੇ ਫੇਰ ਇਹ ਵੀ ਵੇਖਣਾ ਹੈ ਕਿ ਪੰਜਾਬ ਦੇ ਦੋਹਾਂ ਹਿੱਸਿਆਂ ਦੀ ਵੰਡ-ਰੇਖਾ ਇਸ ਤਰ੍ਹਾਂ ਖਿੱਚੀ ਜਾਵੇ ਕਿ ਪੰਜਾਬ ਦੇ ਦੋਵੇਂ ਹਿੱਸੇ ਆਤਮ-ਨਿਰਭਰ ਹੋਣ। ਪੂਰਬੀ ਹਿੱਸੇ ਵਿਚ ਕਣਕ ਸਾਰੀ ਪੈਦਾਵਾਰ ਦਾ 29 % ਹੁੰਦੀ ਹੈ ਜਦ ਕਿ ਰਾਵਲਪਿੰਡੀ ਅਤੇ ਮੁਲਤਾਨ ਡਵੀਜ਼ਨ ਅਤੇ ਲਾਹੌਰ ਡਵੀਜ਼ਨ ਦੇ ਲਾਹੌਰ, ਸ਼ੇਖ਼ੂਪੁਰਾ, ਗੁਜਰਾਂਵਾਲਾ, ਸਿਆਲਕੋਟ ਅਤੇ ਗੁਰਦਾਸਪੁਰ ਜ਼ਿਲ੍ਹਿਆਂ, ਜਿਹਨਾਂ ਨੂੰ ਪੱਛਮੀ ਹਿੱਸਾ ਕਿਹਾ ਗਿਆ ਹੈ, ਵਿਚ ਸਾਰੀ ਕਣਕ ਦਾ 71 % ਕਣਕ ਪੈਦਾ ਹੁੰਦੀ ਹੈ। ਇਕ ਵਿਅਕਤੀ ਲਈ ਔਸਤਨ ਕਣਕ ਜੋ ਪੂਰਬੀ ਭਾਗ ਵਿਚ ਉਪਲਬਧ ਹੋਵੇਗੀ, ਉਹ 15.7 ਪਿੰਡ ਹੈ ਜਦ ਕਿ ਪੱਛਮੀ ਭਾਗ ਵਿਚ 26.3 ਪੌਂਡ ਹੈ। ਚਾਵਲ ਦੀ ਪੈਦਾਵਾਰ ਦੇ ਅੰਕੜੇ ਹੋਰ ਵੀ ਜ਼ਿਆਦਾ ਫ਼ਰਕ ਦਸਦੇ ਹਨ। ਪੂਰਬੀ ਭਾਗ ਵਿਚ ਚਾਵਲ ਦੀ ਪੈਦਾਵਾਰ 14.4 % ਹੈ ਜਦ ਕਿ ਪੱਛਮੀ ਭਾਗ ਵਿਚ 85.6 % ਹੈ। ਹਰ ਇਕ ਦੇ ਹਿੱਸੇ ਵਿਚ ਚਾਵਲ ਪੂਰਬੀ ਭਾਗ ਵਿਚ 1.6 ਪੌਂਡ ਤੇ ਪੱਛਮੀ ਵਿਚ 6.5 ਪੌਂਡ ਹੋਵੇਗਾ। ਕਪਾਹ ਸਬੰਧੀ, ਅਮਰੀਕਨ ਕਪਾਹ ਪੂਰਬੀ ਭਾਗ ਵਿਚ ਸਿਰਫ਼ 40 ਹਜ਼ਾਰ ਬੇਲ ਹੈ ਤੇ ਪੱਛਮੀ ਭਾਗ ਵਿਚ 699 ਹਜ਼ਾਰ ਬੇਲ ਹੈ। ਜ਼ਿੰਦਗੀ ਦੀਆਂ ਜ਼ਰੂਰਤਾਂ ਦਾ ਇਹ ਫ਼ਰਕ ਜੋ ਲੋਕਾਂ ਨੂੰ ਪਵੇਗਾ, ਉਹ ਹੋਰ ਵੀ ਜ਼ਿਆਦਾ ਹੋ ਜਾਂਦਾ ਹੈ ਜਦ ਕਿ ਪੂਰਬੀ ਭਾਗ ਵਿਚ ਆਬਾਦੀ ਪੱਛਮੀ ਭਾਗ ਦੇ ਮੁਕਾਬਲੇ ਘਣੀ ਹੈ। ਪੂਰਬੀ ਭਾਗ ਵਿਚ ਇਕ ਵਰਗ ਮੀਲ ਵਿਚ 329 ਜਣੇ ਹਨ ਤੇ ਪੱਛਮੀ ਭਾਗ ਵਿਚ 293 ਜਣੇ।

(34) 1941 ਦੀ ਮਰਦਮਸ਼ੁਮਾਰੀ ਮੁਤਾਬਿਕ ਪੱਛਮੀ ਭਾਗ ਵਿਚ 49,719 ਵਰਗ ਮੀਲ ਵਾਹੁਣ ਯੋਗ ਜ਼ਮੀਨ ਹੈ ਜਦ ਕਿ ਪੂਰਬੀ ਭਾਗ ਵਿਚ 23,857 ਵਰਗ ਮੀਲ। ਸੋ, 1.86 ਏਕੜ ਵਾਹੁਣ ਯੋਗ ਜ਼ਮੀਨ ਇਕ ਜਣੇ ਦੇ ਹਿੱਸੇ ਪੱਛਮੀ ਭਾਗ ਵਿਚ ਹੈ ਤੇ 1.322 ਏਕੜ ਇਕ ਜਣੇ ਲਈ ਪੂਰਬੀ ਭਾਗ ਵਿਚ ਹੈ। ਦੋਹਾਂ ਭਾਗਾਂ ਵਿਚ ਮਾਲੀ ਵਸੀਲਿਆਂ ਦੀ ਅਸਮਾਨਤਾ ਹੋਰ ਵੀ ਪ੍ਰਤੱਖ ਹੋ ਜਾਂਦੀ ਹੈ ਜਦੋਂ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਕਿ ਪੰਜਾਬ ਦੇ ਸਾਰੇ ਖਣਿਜ ਪਦਾਰਥਾਂ ਦਾ ਭੰਡਾਰ ਪੱਛਮੀ ਭਾਗ ਵਿਚ ਪਾਇਆ ਜਾਂਦਾ ਹੈ ਜਿਸ ਤਰ੍ਹਾਂ ਕਿ ਇਥੋਂ ਪਤਾ ਲਗਦਾ ਹੈ :

| | **ਪੱਛਮੀ ਭਾਗ** | **ਪੂਰਬੀ ਭਾਗ** |
|---|---|---|
| **ਪਹਾੜੀ ਲੂਣ** | 7,60,00,000 ਮਣ | ------ |
| **ਪੈਟਰੋਲ** | 70,03,945 ਗੈਲਨ | ------ |
| **ਮਿੱਟੀ ਦਾ ਤੇਲ** | 26,51,269 ਗੈਲਨ | ------ |
| **ਡੀਜ਼ਲ** | 18,91,741 ਗੈਲਨ | ------ |
| **ਲੁਬਰੀਕੇਟਿੰਗ ਤੇਲ** | 34,58,251 ਗੈਲਨ | ------ |
| **ਕੋਲਾ** | 1,00,667 ਟਨ | ------ |

**ਜੀਉਣ ਦੇ ਵਸੀਲਿਆਂ ਤੇ ਆਬਾਦੀ ਦਾ ਬੋਝ**

(35) ਪੈਰਾ 32-33-34 ਤੋਂ ਇਹ ਪਤਾ ਲੱਗਦਾ ਹੈ ਕਿ ਪੂਰਬੀ ਪੰਜਾਬ ਵਿਚ ਵਸੀਲੇ ਘੱਟ ਹੋਣ ਕਰਕੇ ਆਬਾਦੀ ਦਾ ਬੋਝ ਪੱਛਮੀ ਭਾਗ ਨਾਲੋਂ ਬਹੁਤ ਜ਼ਿਆਦਾ ਹੋਵੇਗਾ। 1938-40 ਦੇ ਦੌਰਾਨ ਹਿਸਾਰ, ਰੋਹਤਕ ਅਤੇ ਗੁੜਗਾਵਾਂ ਜ਼ਿਲ੍ਹਿਆਂ ਵਿਚ ਕਾਲ ਦੀ ਸਹਾਇਤਾ ਦੇ ਕੰਮਾਂ ਦੀ ਰਿਪੋਰਟ ਜੋ ਪੰਜਾਬ ਸਰਕਾਰ ਨੇ ਛਾਪੀ ਸੀ, ਉਸ ਵਿਚ ਕਾਲ ਸਹਾਇਤਾ ਦਾ ਖ਼ਰਚ 3,02,22,000 ਰੁਪੈ ਹੋਇਆ ਸੀ। ਇਹ ਖ਼ਰਚਾ ਤਾਂ ਹੀ ਹੋ ਸਕਿਆ ਸੀ ਕਿਉਂਕਿ ਸਾਰੇ ਪੰਜਾਬ ਦੇ ਮਾਲੀ ਵਸੀਲੇ ਉਪਲਬਧ ਸਨ। ਪੂਰਬੀ ਪੰਜਾਬ ਸਿਰਫ਼ ਆਪਣੇ ਵਸੀਲਿਆਂ ਦੇ ਜ਼ੋਰ 'ਤੇ ਕਦੀ ਇਹੋ ਜਿਹੀ ਮੁਸੀਬਤ ਦਾ ਸਾਹਮਣਾ ਨਹੀਂ ਕਰ ਸਕਦਾ ਸੀ।

ਪੂਰਬੀ ਭਾਗ ਨੇ ਸਿਰਫ਼ ਆਪਣੀ ਆਬਾਦੀ ਨੂੰ ਹੀ ਨਹੀਂ ਪਾਲਣਾ ਪਰ ਹੋਰ ਸੂਬਿਆਂ ਦੀ ਆਬਾਦੀ ਨੂੰ ਵੀ ਜੋ ਇਥੇ ਕਾਲ ਦੇ ਸਮੇਂ ਅੰਨ ਦੀ ਭਾਲ ਵਿਚ ਆਵੇਗੀ। ਹਿਸਾਰ ਜ਼ਿਲ੍ਹੇ ਬਾਰੇ ਰਿਪੋਰਟ ਵਿੱਚ ਲਿਖਿਆ ਹੈ, "ਜ਼ਿਲ੍ਹੇ ਦੇ ਪੁਰਾਣੇ ਇਤਿਹਾਸ ਤੋਂ ਪਤਾ ਲੱਗਦਾ ਹੈ ਕਿ ਇਹ ਜਗ੍ਹਾਂ ਪੰਜਾਬ ਵਿਚ ਸਭ ਤੋਂ ਜ਼ਿਆਦਾ ਕਾਲ ਦੀ ਸੰਭਾਵਨਾ ਰੱਖਦੀ ਹੈ ਅਤੇ ਸ਼ਾਇਦ ਸਾਰੇ ਦੇਸ਼ ਵਿੱਚੋਂ ਵੀ ਇਸਦੀ ਇਹੀ ਹਾਲਤ ਹੈ।"

**ਮੰਡੀ ਦੀ ਹਾਈਡਰੋ ਇਲੈਕਟ੍ਰਿਕ ਸਕੀਮ**

(36) ਮੰਡੀ ਦੀ ਹਾਈਡਰੋ ਇਲੈਕਟ੍ਰਿਕ ਸਕੀਮ 48,000 ਕਿਲੋਵਾਟ ਦੀ ਸਮਰੱਥਾ ਵਾਲੀ ਹੈ ਜੋ ਮੰਡੀ ਰਿਆਸਤ ਵਿੱਚ ਸਥਿਤ ਹੈ ਤੇ ਕਾਂਗੜਾ, ਅੰਮ੍ਰਿਤਸਰ, ਫ਼ਿਰੋਜ਼ਪੁਰ, ਜਲੰਧਰ, ਲੁਧਿਆਣਾ, ਗੁਰਦਾਸਪੁਰ, ਲਾਹੌਰ, ਸ਼ੇਖ਼ੂਪੁਰਾ ਤੇ

ਲਾਇਲਪੁਰ ਦੇ ਜ਼ਿਲ੍ਹਿਆਂ ਨੂੰ ਬਿਜਲੀ ਦੇਂਦੀ ਹੈ। ਇਹ ਬਿਜਲੀ 1,23,000 ਵੋਲਟ ਦੀ ਐਕਸਟਰਾ ਹਾਈ ਟੈਨਸ਼ਨ ਤਾਰਾਂ ਤੋਂ ਜੁਗਿੰਦਰ ਨਗਰ ਤੋਂ ਲਾਹੌਰ ਅਤੇ ਫਿਰ ਅੰਮ੍ਰਿਤਸਰ ਤੋਂ ਜਲੰਧਰ ਅਤੇ 60,000 ਵੋਲਟ ਐਕਸਟਰਾ ਹਾਈ ਟੈਨਸ਼ਨ ਲਾਈਨਾਂ ਦੁਆਰਾ ਲਾਹੌਰ ਤੋਂ ਹੋਰ ਦੂਸਰੇ ਜ਼ਿਲ੍ਹਿਆਂ ਨੂੰ ਭੇਜੀ ਜਾਂਦੀ ਹੈ। ਇਹ ਐਕਸਟਰਾ ਹਾਈ ਟੈਨਸ਼ਨ ਤਾਰਾਂ ਇਕ ਯੂਨਿਟ ਦੀ ਤਰ੍ਹਾਂ ਕੰਮ ਕਰਦੀਆਂ ਹਨ। ਹਾਈਡਰੋ ਇਲੈਕਟ੍ਰਿਕ ਸਕੀਮ ਦਾ ਸਾਰਾ ਖ਼ਰਚ 9 ਕਰੋੜ ਰੁਪੈ ਬਣ ਜਾਂਦਾ ਹੈ। ਇਸ ਖ਼ਰਚ ਨੂੰ ਬਚਾਉਣ ਲਈ, ਕਾਰਖ਼ਾਨਿਆਂ ਨੂੰ ਬਿਜਲੀ ਦੇਣ ਲਈ ਤੇ ਲੁਧਿਆਣਾ, ਫ਼ਿਰੋਜ਼ਪੁਰ, ਜਲੰਧਰ, ਕਾਂਗੜਾ, ਅੰਮ੍ਰਿਤਸਰ, ਗੁਰਦਾਸਪੁਰ, ਲਾਹੌਰ, ਸ਼ੇਖੂਪੁਰਾ ਅਤੇ ਲਾਇਲਪੁਰ ਦੇ ਜ਼ਿਲ੍ਹਿਆਂ ਨੂੰ ਬਿਜਲੀ ਪਹੁੰਚਾਣ ਲਈ ਇਹ ਜ਼ਰੂਰੀ ਹੈ ਕਿ ਐਕਸਟਰਾ ਹਾਈ ਟੈਨਸ਼ਨ ਲਾਈਨਾਂ ਦਾ ਸਿਸਟਮ ਇਕ ਸਰਕਾਰ ਦੇ ਕੰਟਰੋਲ ਵਿਚ ਹੋਵੇ। ਇਹਨਾਂ ਲਾਈਨਾਂ ਦੇ ਸਿਸਟਮ ਨੂੰ ਦੋ ਸਰਕਾਰਾਂ ਵਿਚ ਵੰਡਣਾ ਫ਼ਾਇਦੇਮੰਦ ਨਹੀਂ ਕਿਉਂਕਿ ਬਹੁਤ ਖ਼ਰਚ ਤੇ ਹੋਰ ਸਾਮਾਨ ਦੀ ਲੋੜ ਪਵੇਗੀ।

**ਨਹਿਰੀ ਵਿਵਸਥਾ ਦਾ ਵਿਸ਼ਲੇਸ਼ਣ**

(37) ਪੰਜਾਬ ਦੇ ਦਰਿਆਵਾਂ ਤੇ ਨਹਿਰਾਂ ਦਾ ਪਾਣੀ ਇਸ ਇਲਾਕੇ ਦਾ ਸਭ ਤੋਂ ਕੀਮਤੀ ਭੰਡਾਰ ਹੈ ਅਤੇ ਹਮੇਸ਼ਾ ਤੋਂ ਇਹ ਥੋੜੀ ਕੀਮਤ ਤੇ ਪੰਜਾਬ ਦੇ ਲੋਕਾਂ ਨੂੰ ਵੱਧ ਤੋਂ ਵੱਧ ਫ਼ਾਇਦਾ ਪਹੁੰਚਾਉਂਦਾ ਆ ਰਿਹਾ ਹੈ। ਨਹਿਰੀ ਪਾਣੀ ਦਾ ਬਹੁਤਾ ਹਿੱਸਾ ਪੱਛਮੀ ਭਾਗ ਨੂੰ ਦਿੱਤਾ ਗਿਆ ਜਿਥੇ ਸਰਕਾਰ ਦੇ ਬਹੁਤ ਵੱਡੇ ਹਿੱਸੇ ਤੋਂ ਜ਼ਮੀਨਾਂ ਦੀ ਮਾਲਕੀ ਸੀ। ਉਹ ਉਹਨਾਂ ਵਿਚ ਉਤਪਾਦਨ ਕਰਨਾ ਚਾਹੁੰਦੀ ਸੀ ਤਾਕਿ ਉਹਨਾਂ ਨੂੰ ਉਥੋਂ ਜ਼ਿਆਦਾ ਫ਼ਾਇਦਾ ਹੋ ਸਕੇ ਤੇ ਜ਼ਿਆਦਾ ਪੈਸਾ ਮਿਲੇ। ਇਸ ਪਾਲਿਸੀ ਨਾਲ ਪੱਛਮੀ ਭਾਗ ਵਿਚ ਪੂਰਬੀ ਭਾਗ ਨਾਲੋਂ ਵਧੇਰੇ ਸਿੰਚਾਈ ਹੋਣ ਲੱਗ ਪਈ।

(38) ਸਾਰੇ ਪ੍ਰਾਂਤ ਦੀ ਸਿੰਚਾਈ ਦੀਆਂ ਨਹਿਰਾਂ ਦੀ ਸਥਿਤੀ ਬਾਰੇ 14 ਅਪ੍ਰੈਲ 1934 ਦੇ ਗਵਰਨਰ ਇਨ ਕਾਉਂਸਲ, ਪੰਜਾਬ ਦੇ ਰੈਜ਼ੋਲਿਊਸ਼ਨ ਨੰ. 5549 ਰੈਵੀਨਿਊ ਵਿਚ ਸਾਫ਼ ਸਾਫ਼ ਇਸ ਤਰ੍ਹਾਂ ਲਿਖਿਆ ਹੈ, "ਪੰਜਾਬ ਦੀ ਖ਼ੁਸ਼ਹਾਲੀ ਦਾ ਜ਼ਿਆਦਾ ਕਾਰਨ ਜੇਹਲਮ ਤੇ ਸਤਲੁਜ ਦੇ ਵਿਚ ਨਹਿਰੀ ਜਾਲ ਹੈ, ਜੋ ਫ਼ਿਰੋਜ਼ਪੁਰ ਦੇ ਦੱਖਣ ਤੋਂ ਜੇਹਲਮ ਤੇ ਪੰਜਨਦ ਦੇ ਉੱਤਰ ਤਕ ਹੈ। ਪੰਜਾਹ ਸਾਲ ਪਹਿਲਾਂ ਇਹ ਬੰਜਰ ਜ਼ਮੀਨ ਸੀ, ਕੁਝ ਖੂਹਾਂ ਤੇ ਦਰਿਆਵਾਂ ਦੇ ਨਾਲ ਨਾਲ ਸੈਲਾਬ ਤੇ ਇਕ ਜਾਂ ਦੋ ਨਹਿਰਾਂ ਤੋਂ ਸਿਵਾਏ ਕੁਝ ਨਹੀਂ ਸੀ। ਇਥੇ ਦੱਸਣ ਯੋਗ ਕੋਈ ਕਾਸ਼ਤਕਾਰੀ ਨਹੀਂ ਹੁੰਦੀ ਸੀ। ਇਥੋਂ ਦੇ ਰਹਿਣ ਵਾਲੇ ਅੱਧ-ਪਚੱਧੇ ਟੱਪਰੀਵਾਸ ਚਰਵਾਹੇ ਸਨ ਜੋ ਹਜ਼ਾਰ ਸਾਲ ਪਹਿਲੋਂ ਦੇ ਪੁਰਖਾਂ ਤੋਂ ਕੋਈ ਬਹੁਤੀ ਵਖਰੀ ਜ਼ਿੰਦਗੀ ਨਹੀਂ ਜੀਉਂਦੇ ਸਨ। ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਪੰਜਾਬ ਦੀ ਪਦਾਰਥਕ ਤੇ ਮਾਨਸਿਕ ਉੱਨਤੀ ਸਿੰਚਾਈ ਸਾਧਨਾਂ ਤੋਂ ਪ੍ਰਾਪਤ ਲਾਭ ਨਾਲ ਹੋਈ ਹੈ ਤੇ ਇਸ ਆਮਦਨ ਦੇ ਵਾਧੇ ਤੋਂ ਬਿਨਾਂ ਉੱਨਤੀ ਦਾ ਹੋਣਾ ਸੰਭਵ ਨਹੀਂ ਸੀ। ਆਮ ਤੌਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਇਸ ਤੋਂ ਬਿਨਾਂ ਹੋਰ ਕੋਈ ਦੂਸਰਾ ਸਾਧਨ ਮੌਜੂਦ ਨਹੀਂ ਸੀ, ਜਿਸ ਦੁਆਰਾ ਭਵਿੱਖ ਵਿੱਚ ਪ੍ਰਾਂਤ ਦੀ ਉੱਨਤੀ ਜਾਰੀ ਰੱਖੀ ਜਾ ਸਕਦੀ। ਨਹਿਰਾਂ ਦੇ ਜਾਲ ਦੀ ਉਸਾਰੀ ਦੇ ਕੰਮ ਲਈ ਪੈਸਾ ਕੁਝ ਵਾਧੂ ਮਾਲੀਏ ਦੀ ਰਕਮ ਵਿੱਚੋਂ ਲਿਆ ਗਿਆ ਜੋ ਆਮ ਟੈਕਸ ਦੇਣ ਵਾਲਿਆਂ ਤੋਂ ਵਸੂਲ ਕੀਤਾ ਗਿਆ ਸੀ। ਕੁਝ ਉਧਾਰ ਦਾ ਪੈਸਾ ਜੋ ਮਾਲੀਏ ਦੀ ਰਕਮ ਨੂੰ ਸਕਿਓਰਟੀ ਰੱਖ ਕੇ ਲਿਆ ਗਿਆ ਸੀ, ਬਾਕੀ ਪੈਸਾ ਨਹਿਰੀ ਸਿੰਚਾਈ ਵਾਲੀ ਜ਼ਮੀਨ ਨੂੰ ਵੇਚ ਕੇ ਪ੍ਰਾਪਤ ਕੀਤਾ ਗਿਆ। ਇਸ ਉਧਾਰ ਤੇ ਵਿਆਜ ਦਾ ਪੈਸਾ ਪ੍ਰਾਂਤ ਦੇ ਆਮ ਮਾਲੀਏ ਵਿੱਚੋਂ ਦਿੱਤਾ ਗਿਆ ਨਾ ਕਿ ਸਿੰਚਾਈ ਵਿਭਾਗ ਦੇ ਫਾਇਦੇ ਦੀ ਰਕਮ ਵਿੱਚੋਂ। ਪੰਜਾਬ ਦੇ ਦਰਿਆਵਾਂ ਦਾ ਪਾਣੀ ਤੇ ਜਿਹਨਾਂ ਜ਼ਮੀਨਾਂ ਦੀ ਨਹਿਰਾਂ ਦੁਆਰਾ ਸਿੰਚਾਈ ਹੁੰਦੀ ਹੈ ਉਹ ਸਾਰੇ ਪ੍ਰਾਂਤ ਦੀ ਮਲਕੀਅਤ ਹਨ। ਜਾਂ ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਪ੍ਰਾਂਤ ਦੇ ਸਾਰੇ ਨਾਗਰਿਕਾਂ ਦੀ ਮਲਕੀਅਤ ਹੈ।

(39) ਇਸ ਰੈਜ਼ੋਲਿਊਸ਼ਨ ਦੀ ਜਾਂਚ ਕਰਨ ਤੋਂ ਬਾਅਦ ਇਹ ਸਾਫ਼ ਪਤਾ ਲਗ ਜਾਂਦਾ ਹੈ ਕਿ ਨਹਿਰਾਂ ਦੀ ਆਮਦਨ ਤੋਂ ਹੀ ਪ੍ਰਾਂਤ ਦੇ ਸਰਕਾਰੀ ਖ਼ਜ਼ਾਨੇ ਨੂੰ ਫ਼ਾਇਦਾ ਹੋਇਆ, ਜਿਸ ਕਰਕੇ ਲੋਕਾਂ ਦੀ ਭਲਾਈ ਲਈ ਕਈ ਸਕੀਮਾਂ ਚਲਾਈਆਂ ਗਈਆਂ। ਪ੍ਰਾਂਤ ਦਾ ਬਟਵਾਰਾ ਕਿਸੇ ਤਰ੍ਹਾਂ ਵੀ ਇਨਸਾਫ਼ ਨਹੀਂ ਕਰ ਸਕਦਾ, ਜਿਤਨੀ ਦੇਰ ਤਕ ਇਹ ਜ਼ਰੂਰੀ ਭੰਡਾਰ ਜੋ ਆਮਦਨ ਦਾ ਸੋਮਾ ਦੋਹਾਂ ਭਾਗਾਂ ਵਿਚ ਬਰਾਬਰ ਨਹੀਂ ਵੰਡਿਆ ਜਾਂਦਾ।

(40) ਪੰਜਾਬ ਸਿੰਚਾਈ ਦੇ ਕੰਮਾਂ ਦੇ ਵਾਧੇ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ :

ਪਹਿਲਾ-ਤਜਰਬੇਕਾਰ ਉੱਨਤੀ ਮਲਕੀਅਤ ਵਾਲੇ ਹਿੱਸਿਆਂ ਵਿਚ (1854-1880)

ਦੂਸਰਾ-ਸਰਕਾਰੀ ਵੀਰਾਨ ਬਸਤੀਆਂ ਵਿਚ ਤਜਰਬੇ ਦੇ ਤੌਰ 'ਤੇ ਉੱਨਤੀ (1890-1900)

ਤੀਸਰਾ-ਬਸਤੀਆਂ ਵਿਚ ਤੇਜ਼ ਉੱਨਤੀ (1900-1940)

(41) ਪਹਿਲੇ ਭਾਗ ਵਿਚ ਅੱਪਰ ਬਾਰੀ ਦੋਆਬ ਨਹਿਰ ਦੀ ਉਸਾਰੀ ਕੀਤੀ ਗਈ ਜੋ ਜ਼ਿਆਦਾਤਰ ਬਹੁਤ ਸਾਰੇ ਬਿਖਰੇ ਹੋਏ ਸਿਖ ਸਿਪਾਹੀਆਂ ਨੂੰ ਵਸਾਉਣ ਲਈ ਸੀ। ਸਰਹੰਦ ਨਹਿਰ ਦਾ ਪ੍ਰਾਜੈਕਟ ਪਟਿਆਲਾ ਦੇ ਮਹਾਰਾਜੇ ਦੇ ਕਹਿਣ 'ਤੇ 1862 ਵਿਚ ਸ਼ੁਰੂ ਕੀਤਾ ਗਿਆ। ਪਰ ਕਿਉਂਕਿ ਸਿਰਫ਼ ਰਿਆਸਤ ਨੂੰ ਸਿੰਚਾਈ ਦੀ ਸਹੂਲਤ ਦੇਣਾ ਤਕਨੀਕੀ ਤੌਰ 'ਤੇ ਸੰਭਵ ਨਹੀਂ ਸੀ, ਇਸ ਕਰਕੇ ਵੱਡੀ ਸਰਹੰਦ ਦੀ ਨਹਿਰ ਲਈ ਸਕੀਮ ਬਣਾਈ ਗਈ ਜੋ 1866 ਵਿਚ ਖ਼ਰਚ ਦੇ ਹਿੱਸੇ ਪਾਉਣ ਦੇ ਆਧਾਰ 'ਤੇ ਮੰਨੀ ਗਈ। ਪੱਛਮੀ ਜਮਨਾ ਨਹਿਰ ਦਾ ਤਾਲਮੇਲ ਬੇਹਤਰ ਕੀਤਾ ਗਿਆ। ਨਹਿਰ ਨੂੰ ਠੀਕ ਕੀਤਾ ਗਿਆ। ਇਹ ਸਾਰੇ ਕੰਮ ਕਾਫ਼ੀ ਵੱਡੇ ਸਾਹਸੀ ਤਜਰਬੇ ਦੇ ਤੌਰ 'ਤੇ ਸਨ।

(42) ਕਿਉਂਕਿ ਅੱਪਰ ਬਾਰੀ ਦੋਆਬ ਨਹਿਰ ਦੀ ਸਕੀਮ ਸਫਲ ਨਹੀਂ ਹੋਈ ਸੀ ਅਤੇ ਪੱਛਮੀ ਜਮੁਨਾ ਨਹਿਰ ਮਾੜੇ ਤਾਲਮੇਲ ਕਾਰਨ ਕਈ ਰੁਕਾਵਟਾਂ ਵਿਚ ਫਸੀ ਸੀ, ਇਸ ਕਰਕੇ ਪੰਜਾਬ ਸਰਕਾਰ ਰਚਨਾ ਦੋਆਬ ਦੀ ਸਿੰਚਾਈ ਦੀ ਵਿਉਂਤ 'ਤੇ ਵਿਚਾਰ ਕਰਨ ਲਈ ਤਿਆਰ ਨਹੀਂ ਸੀ। 1884 ਦੇ ਕਾਲ ਤੋਂ ਬਾਅਦ ਰਚਨਾ ਦੋਆਬ ਦੀ ਵਿਉਂਤ ਦੀ ਮਨਜ਼ੂਰੀ 1892 ਵਿਚ ਦਿੱਤੀ ਗਈ ਸੀ। ਜਿਸ ਤਰ੍ਹਾਂ ਕਿ ਪਹਿਲੇ ਦੱਸਿਆ ਜਾ ਚੁੱਕਾ ਹੈ, ਉਸ ਨਦੀ ਤੇ ਸਿੰਚਾਈ ਲਈ ਬਸਤੀਕਾਰ ਪੂਰਬੀ ਪੰਜਾਬ ਤੋਂ ਲਏ ਗਏ, ਜਿਨ੍ਹਾਂ ਨੂੰ ਸ਼ੁਰੂ ਦੇ ਸਾਲਾਂ ਵਿਚ ਬਹੁਤ ਤਕਲੀਫ਼ਾਂ ਸਹਿਣੀਆਂ ਪਈਆਂ, ਕਿਉਂਕਿ ਉਹ ਜਗਾ ਵੀਰਾਨ ਸੀ ਤੇ ਉਥੇ ਆਵਾਜਾਈ ਦੇ ਸਾਧਨ ਅਤੇ ਰੇਲਗੱਡੀ ਦਾ ਕੋਈ ਰਸਤਾ ਨਹੀਂ ਸੀ। ਉਥੋਂ ਦੇ ਰਹਿਣ ਵਾਲੇ ਟੱਪਰੀਵਾਸੀਆਂ ਨੇ ਬਾਹਰੋਂ ਵੱਸਣ ਆਏ ਲੋਕਾਂ ਲਈ ਕੋਈ ਹਮਦਰਦੀ ਨਾ ਦਿਖਾਈ। ਉਥੇ ਵੱਸਣ ਵਾਲੇ ਲੋਕਾਂ, ਜਿਹਨਾਂ ਵਿੱਚੋਂ ਜ਼ਿਆਦਾ ਸਿੱਖ ਸਨ, ਨੇ ਉਸ ਜਗ੍ਹਾ ਨੂੰ ਵਸਾਇਆ ਤੇ ਇਸ ਵਿਉਂਤ ਨੂੰ ਕਾਮਯਾਬ ਕੀਤਾ। ਰਚਨਾ ਦੋਆਬ ਦੀ ਵਿਉਂਤ ਦੀ ਕਾਮਯਾਬੀ ਕਰਕੇ ਪੰਜਾਬ ਸਰਕਾਰ ਦੇ ਸੰਨ 1900 ਤੋਂ ਆਪਣਾ ਸਾਰਾ ਜ਼ੋਰ ਇਹੋ ਜਿਹੀਆਂ ਨਹਿਰਾਂ ਨੂੰ ਬਣਾਉਣ ਵਿਚ ਲਗਾ ਦਿੱਤਾ ਜੋ ਸਿਰਫ਼ ਵੀਰਾਨ ਸਰਕਾਰੀ ਥਾਵਾਂ ਨੂੰ ਪਾਣੀ ਦੇ ਸਕਣ। ਇਸ ਦੇ ਫਲਸਰੂਪ ਪੂਰਬੀ ਪੰਜਾਬ ਵਿਚ ਪੁਰਾਣੀਆਂ ਮਲਕੀਅਤ ਵਾਲੀਆਂ ਜ਼ਮੀਨਾਂ ਦੀ ਸਿੰਚਾਈ ਵਲ ਧਿਆਨ ਨਹੀਂ ਦਿੱਤਾ ਗਿਆ। ਪੂਰਬੀ ਪੰਜਾਬ ਵਿਚ ਨਹਿਰਾਂ ਨਾਲ ਸਿੰਚਾਈ ਕਰਨ ਵਾਲੀ ਵਾਹੁਣ ਯੋਗ ਜ਼ਮੀਨ ਦਾ ਖੇਤਰਫਲ ਇਸ ਤਰ੍ਹਾਂ ਹੈ :

**ਪੂਰਬੀ ਭਾਗ**

| ਜ਼ਿਲ੍ਹੇ ਦਾ ਨਾਮ | ਵਾਹੁਣ ਯੋਗ ਜ਼ਮੀਨ 10,000 ਏਕੜ | ਨਹਿਰਾਂ ਦੇ ਨਾਂ ਜੋ ਇਨ੍ਹਾਂ ਨੂੰ ਪਾਣੀ ਦਿੰਦੀਆਂ ਹਨ | ਹਰ ਸਾਲ ਜਿੰਨਾਂ ਖੇਤਰਫਲ ਸਿੰਜਿਆ ਜਾਂਦਾ ਸੀ। 10,000 ਏਕੜ (1938-39) |
|---|---|---|---|
| ਰੋਹਤਕ | 1.33 | ਪੱਛਮੀ ਜਮਨਾ | 0.88 |
| ਕਰਨਾਲ | 1.75 | | |
| ਅੰਬਾਲਾ | 0.88 | ਸਰਹੰਦ | 1.32 |
| ਹਿਸਾਰ | 3.17 | | |
| ਫ਼ਿਰੋਜ਼ਪੁਰ | 2.43 | ਅੱਪਰ ਬਾਰੀ ਦੁਆਬ | 0.40 |
| ਲੁਧਿਆਣਾ | 0.81 | | |
| ਅੰਮ੍ਰਿਤਸਰ | 0.87 | | |
| **ਕੁੱਲ** | **11.24** | **ਕੁੱਲ** | **2.60** |

(...ਚੱਲਦਾ)

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ



# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਕੀ ਸੰਪੂਰਨਤਾ ਦਾ ਸੱਚ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਦਾ ਮੁੱਢਲਾ ਤੇ ਪਹਿਲਾ ਸਰੂਪ ਹੈ, ਮਾਨਵ-ਦਰਦੀ ਗੁਰੂ ਨਾਨਕ ਸਾਹਿਬ ਜੀ ਮਹਾਰਾਜ ਵਲੋਂ 'ਧਰਤਿ ਲੋਕਾਈ' ਨੂੰ ਸੋਧਣ ਹਿੱਤ ਕੀਤੇ ਪ੍ਰਚਾਰ ਦੌਰਿਆਂ (ਉਦਾਸੀਆਂ) ਵੇਲੇ ਆਪਣੀ ਤੇ ਵੱਖ-ਵੱਖ ਭਗਤਾਂ ਦੀ ਉਚਾਰਨ ਕੀਤੀ 'ਧੁਰ ਕੀ ਬਾਣੀ' ਦਾ ਸੰਗ੍ਰਹਿ ਰੂਪ ਉਹ 'ਕਿਤਾਬ' (ਪੋਥੀ); ਜਿਸ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਆਪਣੀਆਂ ਰਚਿਤ ਵਾਰਾਂ ਵਿਚ ਸਤਿਗੁਰੂ ਜੀ ਦੀ 'ਮੱਕੇ ਮਦੀਨੇ' ਵਾਲੀ ਯਾਤਰਾ ਦਾ ਵਰਣਨ ਕਰਦਿਆਂ ਦੋ ਵਾਰ ਇਉਂ ਕੀਤਾ ਹੈ :

**ਬਾਬਾ ਫਿਰਿ ਮਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ॥**
**ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸਲਾ ਧਾਰੀ॥**

**(ਵਾਰ 1, ਪਉੜੀ 32)**

**ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ॥**
**ਬਾਬਾ ਆਖੇ ਹਾਜੀਆਂ ਸੁਭਿ ਅਮਲਾ ਬਾਝਹੁ ਦੋਨੋ ਰੋਈ॥**

**(ਵਾਰ 1, ਪਉੜੀ 33)**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਦੇ ਵਿਕਾਸ ਵਿਚ ਦੂਜਾ ਸਰੂਪ ਹੈ, ਪੰਚਮ ਪਾਤਸ਼ਾਹ ਗੁਰੂ ਅਰਜਨ

ਸਾਹਿਬ ਜੀ ਮਹਾਰਾਜ ਵਲੋਂ ਸੰਨ 1604 (ਸੰਮਤ 1661) ਵਿਚ ਸ੍ਰੀ ਅੰਮ੍ਰਿਤਸਰ ਵਿਖੇ ਤਿਆਰ ਕੀਤੀ ਉਹ 'ਪੋਥੀ', ਜਿਸ ਨੂੰ ਹੁਣ 'ਪੋਥੀ ਸਾਹਿਬ', 'ਆਦਿ ਬੀੜ', 'ਕਰਤਾਰਪੁਰੀ ਬੀੜ' ਜਾਂ 'ਕਰਤਾਰਪੁਰੀ ਸਰੂਪ' ਕਹਿ ਕੇ ਸਤਿਕਾਰਿਆ ਜਾਂਦਾ ਹੈ। ਕਿਉਂਕਿ, ਐਸਾ ਮੰਨਿਆ ਜਾ ਰਿਹਾ ਹੈ ਕਿ ਇਹ ਬੀੜ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵੇਲੇ ਤੋਂ ਉਨ੍ਹਾਂ ਦੇ ਸਾਹਿਬਜ਼ਾਦੇ ਬਾਬਾ ਗੁਰਦਿੱਤਾ ਜੀ ਦੇ ਬੇਟੇ ਅਤੇ ਗੁਰੂ ਹਰਿਰਾਇ ਜੀ ਦੇ ਭਰਾ ਬਾਬਾ ਧੀਰਮੱਲ ਜੀ ਦੀ ਸੰਤਾਨ ਪਾਸ ਸ੍ਰੀ ਕਰਤਾਰਪੁਰ (ਜਲੰਧਰ) ਵਿਖੇ ਸੁਰੱਖਿਅਤ ਹੈ। ਇਸ ਬੀੜ ਵਿਖੇ ਤਤਕਰੇ ਦੇ ਆਰੰਭ ਉੱਤੇ ਹੇਠ ਲਿਖੀ ਲਿਖਤ ਹੈ :

"ਸੰਮਤ 1661 ਮਿਤੀ ਭਾਦੋਉ ਵਦੀ ਏਕਮ ੧ ਪੋਥੀ ਲਿਖਿ ਪਹੁਚੇ।"

(ਦੇਖੋ, ਪ੍ਰਿੰ. ਜੋਧ ਸਿੰਘ ਦੀ ਲਿਖਤ 'ਕਰਤਾਰਪੁਰੀ ਬੀੜ ਦੇ ਦਰਸ਼ਨ', ਪੰਨਾ 4)

**ਨੋਟ:** ਕਰਨ ਵਾਲੀ ਹਕੀਕਤ ਹੈ ਕਿ ਇਸ ਬੀੜ ਵਿਚ 'ਸੋ ਪੁਰਖੁ' ਸੰਗ੍ਰਹਿ ਦੇ 4 ਸ਼ਬਦਾਂ (ਰਾਗੁ ਆਸਾ ਮਹਲਾ ੪॥ ਸੋ ਪੁਰਖੁ ਨਿਰੰਜਨ ... ਤੋਂ ਲੈ ਕੇ ਆਸਾ ਮਹਲਾ ੫॥ ਭਈ ਪਰਾਪਤਿ ਮਾਨੁਖ ਦੇਹੁਰੀਆ॥ ਵਾਲੇ ਸ਼ਬਦ ਤਕ) ਤੋਂ ਬਗੈਰ, ਗੁਰੂ ਨਾਨਕ ਸਾਹਿਬ, ਗੁਰੂ ਅੰਗਦ ਸਾਹਿਬ, ਗੁਰੂ ਅਮਰਦਾਸ ਸਾਹਿਬ, ਗੁਰੂ ਰਾਮਦਾਸ ਸਾਹਿਬ, ਗੁਰੂ ਅਰਜਨ ਸਾਹਿਬ ਅਤੇ ਗੁਰੂ ਦ੍ਰਿਸ਼ਟੀ ਵਿੱਚ ਪ੍ਰਵਾਨ ਚੜੇ ਪੂਜਯ ਭਗਤਾਂ, ਭੱਟਾਂ ਤੇ ਸੇਵਕ ਸਿੱਖਾਂ ਦੀ ਉਹ ਸਾਰੀ ਬਾਣੀ ਅੰਕਿਤ ਹੈ, ਜਿਹੜੀ ਅਜੋਕੇ ਸਮੇਂ ਪ੍ਰਕਾਸ਼ਿਤ ਹੋ ਰਹੀਆਂ ਪਾਵਨ ਬੀੜਾਂ ਦੇ ਵਿੱਚ ਦਰਸ਼ਨ ਦੇ ਰਹੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਦੇ ਵਿਕਾਸ ਵਿੱਚ ਤੀਜਾ ਸਰੂਪ ਹੈ, ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਨੇ ਆਪਣੀ ਦੇਖ ਰੇਖ ਹੇਠ ਸ੍ਰੀ ਅਨੰਦਪੁਰ ਵਿਖੇ ਸ਼ੋਭਨੀਕ 'ਸ੍ਰੀ ਦਮਦਮਾ ਸਾਹਿਬ' ਦੇ ਸਥਾਨ ਉਪਰ ਸੰਨ 1682 (ਸੰਮਤ 1739) ਵਿਖੇ 'ਸੋ ਪੁਰਖੁ' ਦੇ 4 ਸ਼ਬਦਾਂ ਵਾਲੇ ਸੰਗ੍ਰਹਿ ਅਤੇ ਨੌਵੇਂ ਪਾਤਸ਼ਾਹ ਦੀ ਬਾਣੀ ਸਮੇਤ ਤਿਆਰ ਕਰਵਾਈ ਪਾਵਨ ਬੀੜ, ਜਿਸ ਨੂੰ 'ਦਮਦਮੀ ਬੀੜ' ਜਾਂ 'ਦਮਦਮੀ ਸਰੂਪ' ਆਖਿਆ ਜਾਂਦਾ ਹੈ। ਦਸਮ ਪਾਤਸ਼ਾਹ ਸੰਨ 1708 ਵਿੱਚ ਸ੍ਰੀ ਅਬਿਚਲ ਨਗਰ ਹਜ਼ੂਰ ਸਾਹਿਬ ਵਿਖੇ ਇਸੇ ਹੀ 'ਦਮਦਮੀ ਸਰੂਪ' ਨੂੰ ਗੁਰਿਆਈ ਬਖ਼ਸ਼ ਕੇ ਜੋਤੀ-ਜੋਤਿ ਸਮਾਏ ਸਨ। ਅਸਲ ਵਿਚ ਇਹੀ ਹੈ ਸ੍ਰੀ ਗੁਰੂ ਗੰਥ ਸਾਹਿਬ ਜੀ ਦੀ ਸੰਪੂਰਨਤਾ ਦਾ ਆਖ਼ਰੀ ਪੜਾਓ ਅਥਵਾ ਸੰਪੂਰਨਤਾ ਦਿਵਸ। ਕਿਉਂਕਿ, ਗੁਰਿਆਈ ਬਖ਼ਸ਼ਣ ਦੇ ਇਸ ਦਿਹਾੜੇ ਤੋਂ ਪਹਿਲਾਂ ਤਾਂ ਬਾਣੀ ਦੀਆਂ ਸਾਰੀਆਂ ਪਾਵਨ ਬੀੜਾਂ ਨੂੰ 'ਪੋਥੀ ਸਾਹਿਬ' ਕਹਿ ਕੇ ਹੀ ਸਤਿਕਾਰਿਆ ਜਾਂਦਾ ਰਿਹਾ। ਇਹੀ ਕਾਰਨ ਹੈ ਕਿ ਸ਼੍ਰੋਮਣੀ ਕਮੇਟੀ ਦੀ ਮੁੱਢਲੀ ਤੇ ਪ੍ਰਸਿੱਧ ਮਾਸਿਕ ਪਤ੍ਰਿਕਾ ਗੁਰਦੁਆਰਾ ਗਜ਼ਟ (ਜੂਨ 1977) ਵਿਚ ਕਮੇਟੀ ਦੇ ਰੀਚਰਚ ਸਕਾਲਰ ਤੇ ਸਿੱਖ ਰੈਫ਼ਰੈਂਸ ਲਾਇਬਰੇਰੀ, ਸ੍ਰੀ ਅੰਮ੍ਰਿਤਸਰ ਦੇ ਇੰਚਾਰਜ ਸ. ਸ਼ਮਸ਼ੇਰ ਸਿੰਘ 'ਅਸ਼ੋਕ' ਜੀ ਨੇ 'ਸ੍ਰੀ ਆਦਿ ਬੀੜ' ਤੋਂ 'ਦਮਦਮੀ ਬੀੜ' ਤੀਕ ਦੇ ਵਿਕਾਸ ਦੀ ਚਰਚਾ ਕਰਦਿਆਂ ਲਿਖਿਆ ਸੀ :

'ਸ੍ਰੀ ਆਦਿ ਬੀੜ' ਤੋਂ 'ਦਮਦਮੀ ਬੀੜ' ਦਾ ਵਿਕਾਸ ਤੇ ਫੇਰ ਉਸੇ ਬੀੜ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਪਦਵੀ ਦਾ ਪ੍ਰਾਪਤ ਹੋਣਾ, ਇਸ ਬੀੜ ਦਾ ਅੰਤਲਾ ਪੜਾਓ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਸੰਮਤ 1732 ਤੋਂ ਸੰਮਤ 1739 ਬਿਕ੍ਰਮੀ (ਸੰਨ 1675 ਤੋਂ 1682) ਤੱਕ, 'ਆਦਿ ਸਿੰਘਾਸਨ ਦਮਦਮਾ' ਸ੍ਰੀ ਅਨੰਦਪੁਰ ਸਾਹਿਬ ਦੇ ਅਸਥਾਨ ਪੁਰ, ਜਦ ਕਿ ਗੁਰੂ ਸਾਹਿਬ ਜੀ ਦੀ ਉਮਰ ਅਜੇ 9 ਤੋਂ 15 ਵਰ੍ਹਿਆਂ ਦੇ ਦਰਮਿਆਨ ਸੀ, ਆਪਣੇ ਸਤਿਕਾਰਯੋਗ ਪੜਦਾਦਾ ਸ੍ਰੀ ਗੁਰੂ ਅਰਜਨ ਸਾਹਿਬ ਜੀ ਪੰਚਮ ਪਾਤਸ਼ਾਹ ਦੇ ਵਿਰਸੇ ਵਜੋਂ ਮਿਲੇ 'ਸ੍ਰੀ ਆਦਿ ਗ੍ਰੰਥ' ਨੂੰ ਸਮੇਂ ਦੇ ਫੇਰ ਨਾਲ ਹੋ ਰਹੀਆਂ ਅਦਲਾ-ਬਦਲੀਆਂ ਹੋਣ ਤੋਂ ਬੜੇ ਯਤਨ ਨਾਲ ਸੰਭਾਲਿਆ ਤੇ ਫੇਰ ਆਪਣੀ ਦੇਖ-ਰੇਖ ਵਿਚ ਸ਼ਹੀਦ ਪਿਤਾ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਉਸ ਵਿਚ ਬਕਾਇਦਾ ਥਾਉਂ ਥਾਈਂ ਸ਼ਾਮਲ ਕਰ ਕੇ, ਉਸੇ 'ਆਦਿ ਬੀੜ' ਨੂੰ 'ਦਮਦਮੀ ਬੀੜ' ਦਾ ਸਰੂਪ ਸੰਮਤ 1739 ਬਿਕ੍ਰਮੀ (ਸੰਨ 1682) ਵਿਚ ਦਿੱਤਾ। ਜਿਸ ਦਾ ਪ੍ਰਮਾਣ 'ਸਿੱਖ ਰੈਫ਼ਰੈਂਸ ਲਾਇਬਰੇਰੀ' ਦੀ ਪੁਰਾਤਨ ਹੱਥ-ਲਿਖਤ ਨੰ : 97 ਵੇਖ ਕੇ ਹੋ ਸਕਦਾ ਹੈ।

ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਹਰਿਭਜਨ ਸਿੰਘ (ਭਾਈ ਸਾਹਿਬ), ਜਿਹੜੇ ਉਪਰੋਕਤ ਸੱਚ ਦੇ ਕੱਟੜ ਹਮਾਇਤੀ ਤੇ ਪ੍ਰਚਾਰਕ ਸਨ, ਉਨ੍ਹਾਂ ਨੇ **ਗੁਰਬਾਣੀ ਸੰਪਾਦਨ ਨਿਰਣੈ ਪੁਸਤਕ** ਵਿਖੇ ਆਪਣੇ ਇਸ ਹੱਕੀ-ਦਾਅਵੇ ਨੂੰ ਸੱਚ ਸਿੱਧ ਕਰਨ ਦੇ ਮਕਸਦ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਾਬੋ ਕੀ ਤਲਵੰਡੀ (ਬਠਿੰਡੇ) ਪਹੁੰਚਣ ਦੇ ਸੰਮਤ 1762 (ਸੰਨ 1705) ਤੋਂ ਪਹਿਲਾਂ ਦੀਆਂ ਜਿਹੜੀਆਂ ਵੱਖ-ਵੱਖ 9 ਬੀੜਾਂ ਦਾ ਵੇਰਵਾ ਦਿੱਤਾ ਹੈ, ਉਸ ਨੂੰ ਵਾਚ ਕੇ ਤਾਂ ਕੋਈ ਵੀ ਮਾਈ ਦਾ ਲਾਲ ਇਹ ਨਹੀਂ ਕਹਿ ਸਕਦਾ ਕਿ 'ਆਦਿ ਬੀੜ ਵਿੱਚ ਨੌਵੇਂ ਪਾਤਸ਼ਾਹ ਦੀ ਬਾਣੀ ਸਾਬੋ ਕੀ ਤਲਵੰਡੀ ਚੜਾਈ ਗਈ ਅਤੇ ਬੀੜ ਸੰਪੂਰਨ ਹੋਈ। ਪ੍ਰਿੰਸੀਪਲ ਸਾਹਿਬ ਜੀ ਦੇ ਦਿੱਤੇ ਇਸ ਵੇਰਵੇ ਵਿਚ ਸੰਮਤ 1739 (ਸੰਨ 1682) ਵਾਲੀ ਉਹ ਬੀੜ ਵੀ ਸ਼ਾਮਲ ਹੈ, ਜਿਸ ਨੂੰ ਅਸ਼ੋਕ ਜੀ 'ਦਮਦਮੀ ਸਰੂਪ' ਦਸਦੇ ਹਨ। ਜਿਵੇਂ :

**(1) ਸੰਮਤ 1739 ਵਾਲੀ ਬੀੜ:** ਇਸ ਵਿੱਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸਾਰੀ ਬਾਣੀ ਅਤੇ 'ਸੋਦਰੁ' ਦੇ ਪੰਜ ਸ਼ਬਦ ਅਤੇ 'ਸੋ ਪੁਰਖੁ' ਦੇ ਚਾਰ ਸ਼ਬਦ ਅੰਕਿਤ ਹਨ। ਰਾਗ ਜੈਜਾਵੰਤੀ, ਜਿਸ ਵਿੱਚ ਨੌਵੇਂ ਮਹੱਲੇ ਦੇ ਹੀ ਚਾਰ ਸ਼ਬਦ ਹਨ, ਵਰਤਮਾਨ ਤਰਤੀਬ ਅਨੁਸਾਰ, ਰਾਗ ਪ੍ਰਭਾਤੀ ਦੇ ਬਾਅਦ ਆਉਂਦੇ ਹਨ।

**(2) ਭਾਈ ਪਾਖਰ ਮੱਲ ਢਿੱਲੋਂ ਪੋਤਰਾ ਚੌਧਰੀ ਲੰਗਾਹ ਦਾ, ਬੀੜ ਲਿਖਣ ਦਾ ਸੰਮਤ 1745 :** ਇਸ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸਾਰੀ ਬਾਣੀ ਥਾਂ ਸਿਰ ਅੰਕਿਤ ਹੈ । 'ਸੋ ਦਰੁ' ਦੇ ਪੰਜ ਤੇ 'ਸੋ ਘਰੁ' ਦੇ ਚਾਰ ਸ਼ਬਦ ਵੀ। ਇਸ ਵਿਚ ਕੋਈ ਵਾਧੂ ਬਾਣੀ ਦਰਜ ਨਹੀਂ ਮਿਲਦੀ।

'ਆਦਿ ਸਿੰਘਾਸਨ ਦਮਦਮਾ' (ਸ੍ਰੀ ਅਨੰਦਪੁਰ), ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਦਿਆਲ ਸਿੰਘ ਅਜਨੋਹਾ ਹੁਰਾਂ ਵਲੋਂ 3 ਅਕਤੂਬਰ 1976 ਨੂੰ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ (ਮਹਿਰੂਮ) ਪ੍ਰਿੰਸੀਪਲ ਹਰਿਭਜਨ ਸਿੰਘ ਨੂੰ ਭੇਜੀ ਲਿਖਤੀ ਰਾਇ ਅਨੁਸਾਰ ਉਹ ਅਸਥਾਨ ਹੈ, ਜਿਥੇ ਬੈਠ ਕੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਬੀੜ ਲਿਖਵਾਈ ਸੀ ਤੇ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਚੜ੍ਹਵਾ ਕੇ ਬੀੜ ਸੰਪੂਰਨ ਕਰਵਾਈ ਸੀ (ਦੇਖੋ, ਪ੍ਰਿੰਸੀਪਲ ਜੀ ਦੀ ਪੁਸਤਕ 'ਬਿਬੇਕ ਬੁਧਿ', ਪੰਨਾ 145)

ਗਿਆਨੀ ਗਰਜਾ ਸਿੰਘ (ਲਿਖਤ, ਗੁਰਦੁਆਰਾ ਗਜ਼ਟ, ਜੂਨ 1954) ਅਨੁਸਾਰ ਇਸੀ ਅਸਥਾਨ ਉੱਤੇ 1733 ਬਿਕ੍ਰਮੀ ਮੁਤਾਬਿਕ 24 ਮਾਰਚ 1676 ਈ : ਦੀ ਵੈਸਾਖੀ ਵਾਲੇ ਦਿਨ 'ਦਸਮ ਪਾਤਸ਼ਾਹ' ਨੇ ਸਤਿਗੁਰੂ ਗੋਬਿੰਦ ਰਾਇ,

ਸੱਚਾ ਪਾਤਸ਼ਾਹ ਦੀ ਪਦਵੀ ਧਾਰਨ ਕੀਤੀ ਸੀ। ਇਸ ਅਸਥਾਨ 'ਤੇ ਹੀ ਦਰਬਾਰੀ ਲਿਖਾਰੀਆਂ ਪਾਸੋਂ ਨੌਵੇਂ ਪਾਤਸ਼ਾਹ ਦੇ ਸਮੇਂ ਤੋਂ ਆਰੰਭ ਕੀਤੀਆਂ 'ਆਦਿ ਗ੍ਰੰਥ ਸਾਹਿਬ' ਦੀਆਂ ਬੀੜਾਂ ਵਿੱਚ ਨੌਵੇਂ ਮਹਲੇ ਦੀ ਸਾਰੀ ਬਾਣੀ ਸ਼ਾਮਲ ਕਰ ਕੇ ਬੀੜਾਂ ਸੰਪੂਰਨ ਕਰਾਈਆਂ ਸਨ। ਇਨ੍ਹਾਂ ਵਿਚੋਂ ਹੇਠ ਲਿਖੀਆਂ ਬੀੜਾਂ (ਵਿਚਲੇ ਬਾਣੀ ਦੇ ਵੇਰਵੇ ਤੇ ਸੂਚਨਾਵਾਂ) ਕਾਬਲੇ ਗੌਰ ਹਨ।

**ਜਿਵੇਂ :** (ੳ) ਢਾਕੇ ਵਾਲੀ ਬੀੜ-ਸੰਮਤ 1732, ਮਿਤੀ ਅਗਹਨ 2, ਵਦੀ 7 ਗ੍ਰੰਥ ਲਿਖਿਆ। (ਨੋਟ : ਇਹ ਬੀੜ, ਨੌਵੇਂ ਗੁਰੂ ਜੀ ਦੀ ਸ਼ਹੀਦੀ ਤੋਂ 13 ਦਿਨ ਪਹਿਲੋਂ ਅਨੰਦਪੁਰੀ ਦਮਦਮਾ ਸਾਹਿਬ ਵਿਖੇ, ਮੱਘਰ ਵਦੀ 7 ਨੂੰ ਸੰਪੂਰਨ ਹੋਈ ਸੀ।) (ਗੁਰਬਾਣੀ ਸੰਪਾਦਨ ਨਿਰਣੈ, ਪੰਨਾ 202)

(ਅ) ਪਿੰਡੀ ਲਾਲਾ (ਗੁਜਰਾਤ) ਵਾਲੀ ਬੀੜ– ਸੂਚੀ ਪਤ੍ਰ ਸੰਮਤ 1732 ਪੋਹ 23 ਤੇਵੀਵੇਂ ਪੋਥੀ ਲਿਖਿ ਪਹੁੰਚੇ। (ਨੋਟ : ਇਸ ਬੀੜ ਉੱਤੇ ਨੌਵੇਂ ਪਾਤਸ਼ਾਹ ਦੇ ਹਸਤਾਖ਼ਰ ਹਨ ਅਤੇ ਉਨ੍ਹਾਂ ਦੀ ਸਾਰੀ ਬਾਣੀ ਇਕ ਥਾਂ ਇਕੱਠੀ ਹੀ ਲਿਖੀ ਹੋਈ ਹੈ। (ਗੁਰਬਾਣੀ ਸੰਪਾਦਨ ਨਿਰਣੈ, ਪੰਨਾ 202)

(ਸ) ਸੂਚੀ ਪਤ੍ਰ ਪੋਥੀ ਕਾ, ਤਤਕਰਾ ਰਾਗਾਂ ਕਾ, ਸੰਮਤ 1735, ਵੈਸਾਖ 13 ਪੋਥੀ ਲਿਖਿ ਪਹੁੰਚੇ। (ਇਸ ਪੋਥੀ ਵਿਚ ਨੌਵੇਂ ਪਾਤਸ਼ਾਹ ਦੀ ਬਾਣੀ ਵੀ ਦਰਜ ਹੈ ਤੇ ਮੰਗਲ ਇਕ ਸਮਾਨ ਪਹਿਲਾਂ ਹਨ) (ਗੁਰਬਾਣੀ ਸੰਪਾਦਨ ਨਿਰਣੈ, ਪੰਨਾ 202)

ਇਸ ਲਈ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪ੍ਰੋ . ਪਿਆਰਾ ਸਿੰਘ ਪਦਮ ਦਾ ਇਹ ਨਿਰਣਾ ਸੌ ਪ੍ਰਤੀਸ਼ਤ ਸੱਚ ਪ੍ਰਤੀਤ ਹੁੰਦਾ ਹੈ ਕਿ :

"ਭਾਈ ਬੰਨੋ, ਪਹਿਲਾ ਸਿੱਖ ਸੀ , ਜਿਸ ਨੇ " ਆਦਿ ਬੀੜ ਤੋਂ ਦੂਜਾ ਉਤਾਰਾ ਤਿਆਰ ਕਰਵਾਇਆ । ਫਿਰ ਇਨ੍ਹਾਂ ਬੀੜਾਂ ਤੋਂ ਅੱਗੇ ਕਈ ਉਤਾਰੇ ਹੋਏ । ਪਿੱਛੋਂ, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਮੇਂ , ਉਨ੍ਹਾਂ ਦੀ ਬਾਣੀ ਦਰਜ ਹੋਣ ਲੱਗੀ । ਪਰ , ਹਰ ਲਿਖਾਰੀ ਆਪਣੀ ਮਰਜ਼ੀ ਅਨੁਸਾਰ ਜਿਥੇ ਕਿਤੇ ਉਤਾਰਾ ਕਰ ਲੈਂਦਾ ਸੀ । ਕਿਸੇ ਨੇ ਜੈਤਸਰੀ ਨਾਲ ਜੈਜਾਵੰਤੀ ਦੇ ਸ਼ਬਦ ਦਰਜ ਕੀਤੇ , ਕਿਸੇ ਨੇ ਅਮੀਰ ਉੱਤੇ ਅਤੇ ਕਿਸੇ ਨੇ ਇੱਕੇ ਥਾਂ ' ਨਾਵੇਂ ਗੁਰੂ ਦੀ ਬਾਣੀ ਲਿਖੀ ।

"ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਦੀ ਅਗਵਾਈ ਵਿਚ " ਅਨੰਦਪੁਰ ਵਾਲੇ ਦਮਦਮੇ ' ਬੀੜਾਂ ਲਿਖਣ ਦਾ ਕੰਮ ਕਰਵਾਇਆ, ਤਾਂ ਕਿ ਇੱਕੋ ਕਿਸਮ ਦੀ ਪ੍ਰਮਾਣੀਕ ਤਰਤੀਬ ਰਹੇ। ਪਿੱਛੋਂ ਇਹ ਘਟਨਾ ' ਸਾਬੋ ਕੀ ਤਲਵੰਡੀ ਵਾਲੇ ਦਮਦਮੇ ਨਾਲ ਜੋੜ ਦਿੱਤੀ ਗਈ। ਇਹ ਠੀਕ ਹੈ ਕਿ ਉਥੇ ਵੀ ਬੀੜਾਂ ਲਿਖਣ ਦਾ ਭਾਰੀ ਕੰਮ ਪਿੱਛੋਂ ਹੋਇਆ, ਪਰ ਪਹਿਲੇ ਇਹ ਕੰਮ 'ਅਨੰਦਪੁਰ ਵਾਲੇ ਦਮਦਮੇ ਕਾਫ਼ੀ ਅਰਸੇ ਹੁੰਦਾ ਰਿਹਾ। ਮੁੱਕਦੀ ਗੱਲ ਇਹ ਹੈ ਕਿ ਅੰਤਿਮ ਰੂਪ ਵਾਲੀ ਬੀੜ 'ਦਮਦਮੀ ਬੀੜ' ਦੇ ਨਾਂ ਨਾਲ ਪੁਕਾਰੀ ਗਈ ਅਤੇ ਇਸੇ 'ਦਮਦਮੀ ਸਰੂਪ' ਨੂੰ ਸਵੀਕਾਰ ਕਰ ਕੇ ਹੁਣ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਛਾਪੇ ਦੁਆਰਾ ਪ੍ਰਕਾਸ਼ਨ ਕੀਤਾ ਜਾਂਦਾ ਹੈ। "

ਗੁਰੂ ਸ਼ਰਧਾ ਨਾਲ ਲਬਰੇਜ਼ ਪੂਜਯ ਪ੍ਰਿੰਸੀਪਲ ਤੇਜਾ ਸਿੰਘ ਤੇ ਪ੍ਰਸਿੱਧ ਇਤਿਹਾਸਕਾਰ ਡਾਕਟਰ ਗੰਡਾ ਸਿੰਘ ਜੀ ਦੁਆਰਾ ਮਿਲ ਕੇ ਲਿਖੀ ਅੰਗਰੇਜੀ ਦੀ ਪ੍ਰਸਿੱਧ ਪੁਸਤਕ **ਅ ਸ਼ੋਰਟ੍ਹ ਸਿਟੋਰੋ ਡ ਟਹਣ ਸ਼ਕਿਹਸ** ਵਿੱਚ ਲਿਖਿਆ ਹੈ:

"The Guru managed to reach Talvandi Sabo , now called Damdama or resting place . Here he stayed for nine months with an influential Sikh named Dalla and made it a great seat of learning . It is often described as Guru's Kashi . The Guru , while here , is said by some later writers , to have reproduced whole Adi Granth from memory , and completed it by adding the hymns composed by his father . This miracle of memory is not recorded by the Gurbilas or the Suraj Prakash . That the hymns of the ninth Guru were incorporated here is contradicted by the fact that there is a copy of Holy Granth at Patna , bearing the date 1748 BK . ( 1691AD . ) containing the hymns of Guru Tegh Bahadur in their proper places . There is another such copy found at Dacca , which was written even then this in 1675AD . In the first year of Guru Gobind Singh's accession " .

**ਉਲਥਾ :** (ਗੁਰੂ ਗੋਬਿੰਦ ਸਿੰਘ ਜੀ ) ਜਿਵੇਂ ਕਿਵੇਂ ਤਲਵੰਡੀ ਸਾਬੋ ਪਹੁੰਚੇ, ਜਿਸ ਨੂੰ ਹੁਣ ਦਮਦਮਾ ਸਾਹਿਬ) ਜਾਂ (ਗੁਰੂ ਜੀ ਦੇ ਆਰਾਮ ਕਰਨ ਵਾਲੀ ਥਾਂ ਕਰਕੇ ਸੱਦਿਆ ਜਾਂਦਾ ਹੈ। ਏਥੇ, ਆਪ ਇਕ ਜਬੇ ਵਾਲੇ (ਭਾਈ) ਡੱਲਾ ਨਾਮੀ ਸਿੱਖ ਪਾਸ ਨੌਂ ਮਹੀਨੇ ਠਹਿਰੇ ਅਤੇ ਇਸ ਨੂੰ ਵਿੱਦਿਆ ਪ੍ਰਾਪਤੀ ਦਾ ਮਹਾਨ ਅਸਥਾਨ ਬਣਾਇਆ। ਇਸ ਨੂੰ ਆਮ ਕਰਕੇ ਗੁਰੂ ਕੀ ਕਾਂਸ਼ੀ ਸੱਦਿਆ ਜਾਂਦਾ ਹੈ। ਬਾਅਦ ਦੇ ਲਿਖਾਰੀਆਂ ਦੇ ਕਹਿਣ ਅਨੁਸਾਰ ਸਤਿਗੁਰਾਂ ਨੇ ਆਪਣੀ ਸ਼ਕਤੀ ਦੁਆਰਾ ਸਾਰੇ ' ਆਦਿ ਗ੍ਰੰਥ ਨੂੰ ਉਚਾਰਨ ਕੀਤਾ। ਪਰੰਤੂ, ਚੇਤਾ ਸ਼ਕਤੀ ਦੀ ਇਹ ਕਰਾਮਾਤ " ਗੁਰ ਬਿਲਾਸ ਜਾਂ 'ਸੂਰਜ ਪ੍ਰਕਾਸ਼ ਨੇ ਰੀਕਾਰਡ ਨਹੀਂ ਕੀਤਾ। ਨੌਵੇਂ ਸਤਿਗੁਰਾਂ ਦੀ ਬਾਣੀ ਚੜ੍ਹਾਉਣ ਦੇ ਦਾਅਵੇ ਨੂੰ ਇਹ ਹਕੀਕਤ ਵੀ ਖੰਡਨ ਕਰਦੀ ਹੈ ਕਿ ਪਟਨਾ ਸਾਹਿਬ ਵਿਖੇ ਸੰਮਤ 1748 ਬਿਕ੍ਰਮੀ (ਸੰਨ 1691 ਈ :) ਦੀ ਲਿਖੀ ਬੀੜ ਮੌਜੂਦ ਹੈ, ਜਿਸ ਵਿਚ ਸ੍ਰੀ ਗੁਰੂ ਤੇਗ ਬਹਾਦਰ ਦੀ ਬਾਣੀ ਥਾਂ ਸਿਰ ਅੰਕਤ ਹੈ। ਇਸ ਤੋਂ ਬਿਨਾਂ ਢਾਕੇ ਵਿਖੇ ਇਕ ਹੋਰ ਬੀੜ ਸੁਰੱਖਿਅਤ ਹੈ, ਜੋ ਇਸ ਤੋਂ ਵੀ ਪਹਿਲਾਂ ਸੰਨ 1675 ਈ : ਦੀ ਹੈ, ਜਿਹੜੀ ਦਸਵੇਂ ਸਤਿਗੁਰਾਂ ਦੇ ਗੱਦੀ ਉੱਤੇ ਬਿਰਾਜਮਾਨ ਹੋਣ ਦੇ ਪਹਿਲੇ ਸਾਲ ਵਿਚ ਹੀ ਲਿਖੀ ਗਈ ਸੀ।}

ਕਿਉਂਕਿ ਇਕ ਤਾਂ ਬੰਸਾਵਲੀਨਾਮਾ (ਸੰਮਤ 1826) ਦੇ ਲਿਖਾਰੀ ਕੇਸਰ ਸਿੰਘ ਛਿੱਬਰ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੰਨ 1696 (ਸੰਮਤ 1753) ਨੂੰ ਬਾਬਾ ਧੀਰਮੱਲ ਜੀ ਤੋਂ ਸ੍ਰੀ ਕਰਤਾਰਪੁਰੀ ਬੀੜ ਦਾ ਕੋਈ ਉਤਾਰਾ ਮੰਗਾਉਣ ਤੇ ਗੁਰੂ ਜੀ ਵਲੋਂ ਆਪਣੀ ਰਸਨਾ ਤੋਂ ਕੋਈ ਬੀੜ ਉਚਾਰਨ ਦੀ ਘਟਨਾ ਦਾ ਵੇਰਵਾ ਦਿੱਤਾ ਹੈ ਅਤੇ ਦੂਜੇ, ਲੌਂਗੋਵਾਲ (ਸੰਗਰੂਰ) ਦੇ ਜੰਮਪਲ ਤੇ ਨਿਰਮਲੇ ਸਾਧੂ ਗਿ. ਗਿਆਨ ਸਿੰਘ ਜੀ (1822 ਈ : ਤੋਂ 1921) ਦੁਆਰਾ ਵੀਹਵੀਂ ਸਦੀ ਦੇ ਮੁੱਢਲੇ ਦੌਰ ਵਿਚ ਰਚੀਆਂ ਦੋ ਰਚਨਾਵਾਂ ਪੰਥ ਪ੍ਰਕਾਸ਼ ਤੇ ਤਵਾਰੀਖ ਗੁਰੂ ਖਾਲਸਾ, ਜਿਨ੍ਹਾਂ ਵਿਚ ਸਾਬੋ ਕੀ ਤਲਵੰਡੀ (ਬਠਿੰਡੇ) ਵਿਖੇ ਸੰਨ 1705 (ਸੰਮਤ 1762) ਨੂੰ ਗੁਰੂ ਜੀ ਵਲੋਂ, ਕੇਵਲ ਧੀਰਮੱਲ ਦਾ ਲਾਮਾ (ਜੇ 'ਗੋਵਿੰਦ ਸਿੰਘ' ਆਪਣੇ ਆਪ ਨੂੰ ਗੁਰੂ ਅਖਵਾਂਦਾ ਹੈ ਤਾਂ ਉਹ ਨਵੀਂ ਪੀੜ ਉਚਾਰਨ ਕਰ ਲਵੇ) (ਭਾਰਨ ਲਈ ਉਚਾਰਨ ਕੀਤੀ ਬੀੜ ਦੀ ਇਲਾਕਾਪ੍ਰਸਤੀ ਦੇ ਪ੍ਰਭਾਵ ਹੇਨ ਘੜੀ ਕਹਾਣੀ, ਜੋ ਇਤਿਹਾਸਿਕ – ਸੱਚ ਦੇ ਸਾਹਮਣੇ ਮੁੱਢ ਹੀ ਰੱਦ ਹੋ ਜਾਂਦੀ ਹੈ।

ਕਾਰਨ ਇਹ ਹਨ ਕਿ ਇਕ ਤਾਂ ਸਾਵਲੀਨਾਮਾ ਪੰਥ ਪ੍ਰਕਾਸ਼ ਦੇ ਖੇ ਸੰਮਤ ਤੇ ਘਟਨਾਵਾਂ ਦਾ ਵੇਰਵਾ ਆਪਸ ਵਿਚ ਨਹੀਂ ਮਿਲਦਾ । ਦੂਜੇ, ਟ ਕਹੀਆਂ ਦੀ ਪ੍ਰਮਾਣੀਕ ਤੇ ਅਕੱਟ ਗਵਾਹੀ ਸਿੱਧ ਕਰਦੀ ਹੈ ਕਿ ਆਿਆ ਧੀਰਮੱਲ ਤੇ ਉਹਦੇ ਬੇਟੇ ਰਾਮ ਚੰਦ ਨੂੰ ਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਗੱਦੀ ਬੈਠਣ ਦੇ ਪਹਿਲੇ ਸਾਲ ਵਿਚ ਅਤੇ ਗੁਰੂ ਜੀ ਦੇ ਸਾਬੋ ਕੀ ਤਲਵੰਡੀ ਪਹੁੰਚਣ ਤੋਂ 29 ਸਾਲ ਪਹਿਲਾਂ ਹੀ ਬਾਦਸ਼ਾਹ ਔਰੰਗਜ਼ੇਬ ਦੇ ਹੁਕਮ ਨਾਲ ਸੰਮਤ 1733 (ਸੰਨ 1676) ਵਿਚ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਸੀ। ਰਣਧੰਭੌਰ ਦੇ ਕਿਲ੍ਹੇ ਵਿਚ ਉਸ ਨੂੰ ਨਜ਼ਰਬੰਦ ਰੱਖ ਕੇ ਫਿਰ ਅਗਲੇ ਹੀ ਸਾਲ ਸੰਮਤ 1734 (ਸੰਨ 1677) ਵਿਚ ਉਥੇ ਹੀ ਕਤਲ ਵੀ ਕਰ ਦਿੱਤਾ ਗਿਆ ਤੇ ਉਸ ਦੇ ਬੇਟੇ 'ਰਾਮ ਚੰਦ' ਨੂੰ ਸੰਮਤ 1735 (ਸੰਨ 1678) ਵਿੱਚ।

ਪ੍ਰਿੰਸੀਪਲ ਹਰਿਭਜਨ ਸਿੰਘ ਜੀ ਪੁਸਤਕ ਬਿਬੇਕ ਬੁਧਿ ਵਿਖੇ ਪੰਨਾ 132 ' ਤੇ ਭੱਟ ਵਹੀਆਂ ਦੀ ਲਿਖਤ ਇਸ ਪ੍ਰਕਾਰ ਹੈ: "ਸੰਮਤ 1733 ਬਿਕਰਮੀ ਅੱਸੂ ਵਦੀ ਦੁਆਦਸ਼ੀ ਨੂੰ ਬਾਬਾ ਬਕਾਲਾ ਤੋਂ ਬਾਬਾ ਧੀਰਮੱਲ ਜੀ ਦਿੱਲੀ ਸਰਕਾਰ ਦੇ ਬੁਲਾਏ ਦਿੱਲੀ ਨੂੰ ਗਏ। (ਗੁਰ ਪ੍ਰਣਾਲੀ ਕਰਤਾਰਪੁਰ ਸੋਢੀਆਂ, ਲਿਖਤ ਦਉਲਤ ਰਾਇ ਭੱਟ, ਲਾਹੌਰ ਨਿਵਾਸੀ) 1734 ਬਿਕਰਮੀ, ਮੱਘਰ ਸੁਦੀ ਦੂਜ, ਸ਼ੁਕਰਵਾਰ ਨੂੰ, ਬਾਬਾ ਧੀਰਮੱਲ ਜੀ, ਗੁਰੂ ਗੋਬਿੰਦ ਸਿੰਘ ਜੀ ਦੇ ਤਾਇਆਜਾਦ ਭਾਈ, ਗੜ੍ਹ ਰਣਥੰਭੌਰ ਵਿਚ ਇਕ ਸਾਲ, ਦੋ ਮਹੀਨੇ, ਪੰਜ ਦਿਨ ਨਜ਼ਰਬੰਦੀ ਵਿਚ ਰਹਿ ਕੇ, ਡੇਢ ਪਹਿਰ ਦਿਨ ਚੜੇ ਗੁਰਪੁਰੀ ਸਿਧਾਰੇ। (ਭੱਟ ਵਹੀ ਮੁਲਤਾਨ – ਸਿੰਧੀ ਤੇ ਚਲਿਤਰ ਜੋਤੀ ਜੋਤਿ ਸਮਾਵਨੇ ਦਾ, "ਆਦਿ ਬੀੜਾਂ, ਬੁੰਗਾ ਰਾਗੀਆਂ, ਹਜ਼ੂਰ ਸਾਹਿਬ)

ਸੋ ਇਸ ਕਰਕੇ ਸਪੱਸ਼ਟ ਹੈ ਕਿ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਸਾਹਿਬ ਦੁਆਰਾ ਸੰਨ 1604 ਵਿਚ ਰਾਮਸਰ (ਸ੍ਰੀ ਅੰਮ੍ਰਿਤਸਰ) ਵਿਖੇ, ਜਿਹੜੀ ਪਹਿਲੀ ਬੀੜ 'ਪੋਥੀ ਸਾਹਿਬ ਦੇ ਨਾਂ ਹੇਠ ਸੰਪਾਦਤ ਕੀਤੀ, ਪਹਿਲਾਂ ਉਹ 'ਕਰਤਾਰਪੁਰੀ ਬੀੜ (ਕਰਤਾਰਪੁਰੀ ਸਰੂਪ) ਦੇ ਨਾਮ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਕੀ ਸੰਪੂਰਨਤਾ ਦਾ ਸੱਚ 71 ਇਹੀ ਕਾਰਨ ਹੈ ਕਿ ਡੇਰੇਦਾਰੀ ਦੇ ਪ੍ਰਭਾਵ ਹੇਠ ਵਿਚਰਨ ਵਾਲੇ ਬਠਿੰਡੇ ਜ਼ਿਲ੍ਹੇ ਦੇ ਇਕ ਦੋ ਕਮੇਟੀ ਮੈਂਬਰਾਂ ਤੇ ਪ੍ਰਚਾਰਕ ਸੱਜਣਾਂ ਦੇ ਜ਼ੋਰ ਦੇਣ ਉੱਤੇ ਜਦੋਂ ਸ਼੍ਰੋਮਣੀ ਕਮੇਟੀ ਨੇ ਅਕਾਲੀ ਦਲ ਦੀ ਰਾਜਨੀਤਕ ਨੀਤੀ ਤਹਿਤ ਸੰਨ 1997 ਵਿਖੇ ਆਪਣੀ ਜੰਤਰੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ ਦਾ ਜ਼ਿਕਰ ਕਰਨਾ ਪ੍ਰਵਾਨ ਕਰ ਲਿਆ ; ਤਾਂ ਪ੍ਰਿੰਸੀਪਲ ਹਰਿਭਜਨ ਸਿੰਘ ਜੀ , ਜਿਹੜੇ ਉਸ ਵੇਲੇ ਧਰਮ ਪ੍ਰਚਾਰ ਕਮੇਟੀ ਮੈਂਬਰ ਸਨ , ਤਿਨ੍ਹਾਂ ਨੇ ਰੋਸ ਪ੍ਰਗਟ ਕਰਦਿਆਂ ਲਿਖਿਆ ਸੀ : "ਸਭ ਤੋਂ ਵੱਡਾ ਖੇਦ ਹੈ ਕਿ ਸ਼੍ਰੋਮਣੀ ਕਮੇਟੀ, ਬਿਨਾਂ ਪਰਖੇ ਪੜਚੋਲੇ ਦੇ, ਆਪਣੀ ਸ਼੍ਰੋਮਣੀ ਜੰਤਰੀ 1997 ਵਿਚ ਇਸ ਗੈਰ – ਇਤਿਹਾਸਿਕ ਘਟਨਾ ਨੂੰ ਪੱਕਿਆਂ ਕਰ ਰਹੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਦਿਨ 30 ਅਗਸਤ ਹੈ , ਸ੍ਰੀ ਦਮਦਮੇ ਸਾਹਿਬ।" (ਬਿਬੇਕ ਬੁਧਿ, ਪੰਨਾ 148)

ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਦੇ ਵਰਿਆਂ ਬੱਧੀ ਲਗਭਗ ਅੱਧੀ ਸਦੀ ਸਕੱਤਰ ਰਹਿ ਚੁੱਕੇ ਬਜ਼ੁਰਗ ਸ . ਮਹਿੰਦਰ ਸਿੰਘ ਜੀ ( ਅੰਮ੍ਰਿਤਸਰ ) ਨੇ ਅਖ਼ਬਾਰਾਂ ਵਿਚ ਲੇਖ ਦੇ ਕੇ ਉਸ ਵੇਲੇ ਵਿਰੋਧ ਜਤਾਇਆ ਸੀ , ਜਦੋਂ ਸ਼੍ਰੋਮਣੀ ਕਮੇਟੀ ਨੇ ਸਾਬੋ ਕੀ ਤਲਵੰਡੀ ( ਤਖ਼ਤ ) ਸ੍ਰੀ ਦਮਦਮਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਤਿੰਨ ਸੌ ਸਾਲਾ ਸੰਪੂਰਨਤਾ ਦਿਵਸ ਮਨਾਉਣ ਦਾ ਫ਼ੈਸਲਾ ਕੀਤਾ । ਕਾਰਨ ਇਹ ਹਨ ਕਿ ਪ੍ਰਿੰਸੀਪਲ ਜੀ ਵਾਂਗ ਉਨ੍ਹਾਂ ਨੂੰ ਵੀ ਦਿਸਿਆ ਕਿ ਇਸ ਫ਼ੈਸਲੇ ਪਿੱਛੇ ਰਾਜੀਨਤਕ ਸਿੱਖ ਆਗੂਆਂ ਦੀਆਂ ਸੁਆਰਥੀ ਤੇ ਇਲਾਕਾਵਾਦੀ ਸੰਕੀਰਨ ਰੁਚੀਆਂ ਦੇ ਨਾਲ ਨਾਲ , ਬਿਪਰਵਾਦੀ ਸਿੱਖ ਡੇਰਿਆਂ ਵਿਚ ਪਲੀ ਸੰਪਰਦਾਈ ਸੋਚ ਵੀ ਛੁਪੀ ਹੋਈ ਹੈ । ਇਹ ਬਿਪਰੀ – ਸੋਚ ਸ਼ਤਾਬਦੀਆਂ ਦੇ ਸ਼ੋਰ – ਸ਼ਰਾਬੇ ਵਿਚ ਅਗਿਆਨਤਾ – ਵੱਸ ਤੇ ਜਾਣ – ਬੁੱਝ ਕੇ ਪ੍ਰਚਾਰੀਆਂ ਅਤੇ ਆਪਣੇ ਪ੍ਰਭਾਵ ਹੇਠ ਗੁਰ – ਅਸਥਾਨਾਂ ਵਿਚ ਲਾਗੂ ਕੀਤੀਆਂ ਗਲਤ ਰਵਾਇਤਾਂ ਨੂੰ ਸੱਚੀਆਂ ਤੇ ਪੰਥ – ਪ੍ਰਵਾਣਿਤ ਸਿੱਧ ਕਰ ਕੇ ਸਦਾ ਲਈ ਕਾਇਮ ਕਰਨ ਹਿੱਤ ਯਤਨਸ਼ੀਲ ਹੈ, ਤਾਂ ਜੋ ਝੂਠ ਦੀਆਂ ਨੀਹਾਂ ਉੱਪਰ ਖੜੇ ਉਨ੍ਹਾਂ ਦੇ ਉਹ ਸੰਪਰਦਾਈ ਮਹੱਲ ਟਿਕੇ ਰਹਿ ਸਕਣ, ਜਿਨ੍ਹਾਂ ਵਿਚ ਬੁੱਢਾ ਬਿਪਰਵਾਦ ਲੁਕਿਆ ਹੋਇਆ ਹੈ, ਜਿਹੜਾ ਸਦਾ ਦੀ ਜਵਾਨੀ ਵਾਲੇ ਖ਼ਾਲਸਾ ਪੰਥ ਦੇ ਉੱਜਲੇ ਭਵਿੱਖ ਲਈ ਅਤਿਅੰਤ ਹਾਨੀਕਾਰਕ ਹੈ।

(...ਚੱਲਦਾ)

**ਨਵੀ ਕਿਸਮ ਦੀ ਅਗਨ ਪ੍ਰੀਖਿਆ** **ਸਫਾ 24 ਦਾ ਬਾਕੀ** **ਨਵੀ ਕਿਸਮ ਦੀ ਅਗਨ ਪ੍ਰੀਖਿਆ**

ਸ਼ਿਕਾਰ ਬਣਾਈਆਂ ਗਈਆਂ ਸਨ।

ਆਰੀਫਾ ਜੌਹਰੀ ਵੀ ਮੁੰਬਈ ਦੇ ਭਿੰਡੀ ਬਜ਼ਾਰ ਵਿਚ ਹਨ੍ਹੇਰੇ ਕਮਰੇ ਵਿਚ ਚਾਕਲੇਟ ਦੇ ਲਾਲਚ ਵਿਚ ਆਪਣੇ ਨਾਲ ਹੋਏ ਇਸ ਅਤਿ ਘਿਨਾਉਣੇ ਜੁਰਮ ਨੂੰ ਯਾਦ ਕਰਦਿਆਂ ਕੰਬਣ ਲੱਗ ਪੈਂਦੀ ਹੈ। ਉਸ ਨੇ ਆਪਣੀਆਂ ਧੀਆਂ ਨੂੰ ਇਸ ਤਰ੍ਹਾਂ ਦੀ ਹੈਵਾਨੀਅਤ ਤੋਂ ਬਚਾਇਆ ਤਾਂ ਸਮਾਜ ਦੀਆਂ ਲਾਹਨਤਾਂ ਦਾ ਸ਼ਿਕਾਰ ਬਣ ਗਈ। ਪੂਰਾ ਮਰਦ ਪ੍ਰਧਾਨ ਸਮਾਜ ਉਸ ਉੱਤੇ ਚਿੱਕੜ ਸੁੱਟਣ ਲੱਗ ਪਿਆ ਪਰ ਉਸ ਹਿੰਮਤ ਨਹੀਂ ਹਾਰੀ। ਮਰਦ ਪ੍ਰਧਾਨ ਸਮਾਜ ਇਹ ਮੰਨ ਚੁੱਕਿਆ ਹੈ ਕਿ ਜੇ ਔਰਤ ਦਾ ਖਤਨਾ ਨਹੀਂ ਹੋਇਆ ਤਾਂ ਉਹ ਸਰੀਰਕ ਸੰਬੰਧਾਂ ਦਾ ਆਨੰਦ ਲੈਣ ਲੱਗ ਪਵੇਗੀ। ਔਰਤ ਨੂੰ ਸਰੀਰਕ ਸੰਬੰਧਾਂ ਵਿੱਚੋਂ ਅਤਿ ਦੀ ਪੀੜ ਮਹਿਸੂਸ ਹੋਣੀ ਚਾਹੀਦੀ ਹੈ ਤੇ ਉਸ ਦਾ ਕੰਮ ਸਿਰਫ਼ ਪਤੀ ਦੇ ਬੱਚੇ ਜੰਮ ਕੇ ਮਰ ਮੁੱਕ ਜਾਣਾ ਹੁੰਦਾ ਹੈ।

ਹਾਲਾਤ ਇਹ ਹੋ ਚੁੱਕੇ ਹਨ ਕਿ ਔਰਤ ਦੇ ਇਸ ਅੰਗ ਨੂੰ 'ਹਰਾਮ ਦੀ ਬੋਟੀ' ਵਰਗਾ ਦਿਲ ਕੰਬਾਊ ਨਾਂ ਦੇ ਕੇ ਉਸ ਉੱਤੇ ਕਹਿਰ ਢਾਹੁਣਾ ਜਾਰੀ ਹੈ ਜੋ ਮਰਦ ਪ੍ਰਧਾਨ ਸਮਾਜ ਅਨਪੜ੍ਹ ਦਾਈਆਂ ਹੱਥੋਂ ਹੀ ਕਰਵਾਉਂਦਾ ਹੈ।

ਅਮਰੀਕਾ ਵਿਚ ਬੈਠੀ 'ਜ਼ਹਿਰਾ ਪਤਵਾ' ਨੇ ਵੀ ਮੰਨਿਆ ਕਿ ਉਹ ਇਸ ਜੁਰਮ ਦਾ ਸ਼ਿਕਾਰ ਹੋਈ ਤਾਂ ਸਭ ਤੋਂ ਪਹਿਲਾਂ ਆਪਣੀ ਮਾਂ ਨੂੰ ਕਸੂਰਵਾਰ ਮੰਨਿਆ। ਬਾਅਦ ਵਿਚ ਪਤਾ ਲੱਗਿਆ ਕਿ ਉਸ ਦੀ ਮਾਂ, ਦਾਦੀ, ਪੜਦਾਦੀ, ਸਭ ਮਰਦਾਂ ਦੇ ਹੁਕਮਾਂ ਤਹਿਤ ਚੁੱਪ ਚੁਪੀਤੇ ਇਸ ਰਸਮ ਨੂੰ ਨਿਭਾਈ ਜਾ ਰਹੀਆਂ ਸਨ।

ਇਨ੍ਹਾਂ ਵਿੱਚੋਂ ਬਥੇਰੀਆਂ ਕੀਟਾਣੂਆਂ ਦੇ ਹਮਲੇ ਸਦਕਾ ਸਦੀਵੀ ਰੋਗੀ ਬਣ ਜਾਂਦੀਆਂ ਹਨ, ਕੁੱਝ ਦੇ ਬੱਚਾ ਨਹੀਂ ਠਹਿਰ ਸਕਦਾ, ਕੁੱਝ ਬਹੁਤਾ ਲਹੂ ਵਹਿ ਜਾਣ ਕਾਰਨ ਬੀਮਾਰ ਹੋ ਜਾਂਦੀਆਂ ਹਨ।

ਇਸ ਪ੍ਰਥਾ ਵਿਰੁੱਧ ਆਵਾਜ਼ ਚੁੱਕਣ ਵਾਲੀਆਂ ਨੂੰ ਸਮਾਜ ਵਿੱਚੋਂ ਛੇਕ ਤੱਕ ਦਿੱਤਾ ਜਾਂਦਾ ਹੈ। ਕਿਸੇ ਇਕੱਠ ਵਿਚ ਜਾਂ ਕਿਸੇ ਸਮਾਗਮ ਵਿਚ ਉਸ ਦਾ ਜਾਣਾ ਵਰਜਿਤ ਕਰ ਦਿੱਤਾ ਜਾਂਦਾ ਹੈ।

ਬੋਹਰਾ ਪ੍ਰਜਾਤੀ ਦਾ ਧਾਰਮਿਕ ਮੁਖੀ ਸਾਈਨੇਡਾ ਇਸ ਪ੍ਰਥਾ ਦਾ ਜ਼ੋਰਦਾਰ ਸਮਰਥਨ ਕਰਦਾ ਹੈ ਤੇ ਹੁਣ ਵੀ ਇਹੋ ਹੁਕਮ ਦੇ ਰਿਹਾ ਹੈ ਕਿ ਪੂਰੇ ਭਾਰਤ ਦੇ ਹਰ ਕੋਨੇ ਵਿਚ ਹਰ ਔਰਤ ਦਾ ਅੰਗ ਵੱਢਣਾ ਜ਼ਰੂਰੀ ਹੈ।

ਭਾਰਤ ਵਿਚ ਅੱਜ ਤੱਕ ਇਸ ਤਰ੍ਹਾਂ ਦੇ ਮਨੁੱਖੀ ਅਧਿਕਾਰਾਂ ਦੇ ਕਤਲ ਲਈ ਕੋਈ ਰੋਕ ਨਹੀਂ ਲੱਗੀ ਹੋਈ।

ਆਸਟ੍ਰੇਲੀਆ ਵਿਚ ਵੀ ਇਸ ਕੁਕਰਮ ਵਿਰੁੱਧ ਇੰਸੀਆ ਤੇ ਮਾਰੀਆ, ਦੋ ਔਰਤਾਂ ਨੇ ਮੁਹਿੰਮ ਵਿੱਢੀ ਹੈ। ਬੱਚੀਆਂ ਉੱਤੇ ਪਹਿਲਾਂ ਹੀ ਅਨੇਕ ਤਰ੍ਹਾਂ ਦੇ ਅਣਮਨੁੱਖੀ ਤਸੀਹੇ ਢਾਹੇ ਜਾ ਰਹੇ ਹਨ। ਕੁੱਖ ਵਿਚ ਮਾਰੇ ਜਾਣ ਤੋਂ ਲੈ ਕੇ ਨਾਬਾਲਗ ਬੇਟੀਆਂ ਦੇ ਸਮੂਹਕ ਬਲਾਤਕਾਰਾਂ ਬਾਅਦ ਸਾੜਨ ਦੇ ਅਣਗਿਣਤ ਕਿੱਸੇ ਛੱਪ ਚੁੱਕੇ ਹਨ।

ਹੁਣ ਅਨੇਕ ਨੌਜਵਾਨ ਔਰਤਾਂ ਵੀ ਆਪਣੇ ਪਤੀਆਂ ਹੱਥੋਂ ਇਸ ਤਰ੍ਹਾਂ ਦੇ ਅੰਗਾਂ ਦਾ ਕੱਟੇ ਵੱਢੇ ਜਾਣ ਦਾ ਸ਼ਿਕਾਰ ਬਣ ਚੁੱਕੀਆਂ ਹਨ। ਕਿਸੇ ਵੱਲੋਂ ਵੀ ਆਵਾਜ਼ ਕੱਢਣ ਉੱਤੇ ਸਮਾਜ ਔਰਤਾਂ ਵਿਚ ਹੀ ਦੋਸ਼ ਕੱਢ ਕੇ ਉਨ੍ਹਾਂ ਨੂੰ ਚੁੱਪ ਹੋ ਜਾਣ ਉੱਤੇ ਮਜਬੂਰ ਕਰ ਦਿੰਦਾ ਹੈ।

ਅੱਜ ਤੱਕ ਜਿਸ ਵੀ ਔਰਤ ਨੇ ਇਸ ਜ਼ੁਲਮ ਵਿਰੁੱਧ ਆਵਾਜ਼ ਚੁੱਕੀ ਹੈ, ਸਾਰੇ ਉਹ ਲੋਕ, ਜੋ ਔਰਤ ਉੱਤੇ ਹੋ ਰਹੀ ਹਿੰਸਾ ਨੂੰ ਸਹੀ ਮੰਨਦੇ ਹਨ, ਉੱਚੀ-ਉੱਚੀ ਚੀਕਣ ਲੱਗ ਪੈਂਦੇ ਹਨ। ਹੋ-ਹੱਲਾ ਕਰ ਕੇ ਔਰਤ ਦੀ ਆਵਾਜ਼ ਦੱਬ ਦਿੱਤੀ ਜਾਂਦੀ ਹੈ। ਯੂਨਾਈਟਿਡ ਨੇਸ਼ਨਜ਼ ਵੱਲੋਂ ਐਲਾਨੇ ਇਸ ਮਨੁੱਖੀ ਅਧਿਕਾਰਾਂ ਦੇ ਕਤਲ ਵਿਰੁੱਧ ਅੱਜ ਲੋੜ ਹੈ ਸੁਹਿਰਦ ਲੋਕਾਂ ਵੱਲੋਂ ਵਿਰੋਧ ਕਰਨ ਦੀ। ਇਸ ਅਤਿ ਦੇ ਘਿਨਾਉਣੇ ਜੁਰਮ ਨੂੰ ਹਰ ਹਾਲ ਠੱਲ ਪਾਉਣ ਦੀ ਲੋੜ ਹੈ।

ਇੱਕ ਔਰਤ ਹੁੰਦਿਆਂ, ਆਪਣੀ ਜ਼ਾਤ ਦੀਆਂ ਦੀ ਪੀੜ ਸਮਝਦਿਆਂ ਮੈਂ ਉਨ੍ਹਾਂ ਦੇ ਹੱਕਾਂ ਲਈ ਅੱਜ ਆਵਾਜ਼ ਚੁੱਕੀ ਹੈ, ਇਸ ਉਮੀਦ ਵਿੱਚ ਕਿ ਹੁਣ ਇੱਕੀਵੀਂ ਸਦੀ ਵਿਚ ਤਾਂ ਘੱਟੋ-ਘੱਟ ਔਰਤ ਦੀ ਅਗਨ ਪ੍ਰੀਖਿਆ ਹੋਣੀ ਬੰਦ ਹੋਵੇਗੀ। ਆਖ਼ਰ ਕਿਸੇ ਸਦੀ ਵਿੱਚ ਤਾਂ ਔਰਤ ਨੂੰ ਸਹੀ ਮਿਹਣਿਆਂ ਵਿੱਚ ਬਰਾਬਰੀ ਦਾ ਦਰਜਾ ਦਿੱਤਾ ਜਾਵੇਗਾ!

-0-


## ਚੰਦਾ ਨਵਿਆਉਣ ਸਬੰਧੀ

ਜੇ ਆਪ ਜੀ ਦਾ ਸਾਲਾਨਾ ਚੰਦਾ ਇਸ ਮਹੀਨੇ ਖਤਮ ਹੋ ਗਿਆ ਹੈ ਤਾਂ ਮੈਗਜ਼ੀਨ ਨੂੰ ਲਗਾਤਾਰ ਜਾਰੀ ਰੱਖਣ ਵਾਸਤੇ ਦੁਬਾਰਾ ਚੰਦਾ ਭੇਜੋ ਜੀ। ਮੈਗਜ਼ੀਨ ਦੀ ਸਾਲਾਨਾ ਭੇਟਾ 250/- ਅਤੇ ਲਾਈਫ਼ ਮੈਂਬਰਸ਼ਿਪ 3000/- ਹੈ। ਚੰਦਾ ਭੇਜਣ ਸਮੇਂ ਆਪਣਾ ਨਾਮ ਬੈਂਕ ਕਲਰਕ ਨੂੰ ਜ਼ਰੂਰ ਲਿਖਵਾਓ ਅਤੇ ਮੁੱਖ ਦਫਤਰ ਵਿਚ ਚੰਦਾ ਭੇਜਣ ਦੀ ਸੂਚਨਾ ਜ਼ਰੂਰ ਦਿਓ। ਤੁਸੀਂ ਇਸ ਮੈਗਜ਼ੀਨ ਦਾ ਚੰਦਾ ਹੇਠ ਲਿਖੇ A/C ਵਿੱਚ ਵੀ ਭੇਜ ਸਕਦੇ ਹੋ। **AXIS Bank, Branch : Phullanwal, IFSC Code: UTIB0000196, A/C** : 913010032526897, ਤੁਸੀਂ **GURMAT VIRSA** ਦੇ ਨਾਮ ਤੇ ਚੈੱਕ ਵੀ ਭੇਜ ਸਕਦੇ ਹੋ।

ਕਾਵਿ ਕਿਆਰੀ

# ਅੱਜ ਸ਼ੇਰਿ ਪੰਜਾਬ ਹੁੰਦਾ

–ਵਿਧਾਤਾ ਸਿੰਘ 'ਤੀਰ'

ਅੱਜ ਸ਼ੇਰਿ ਪੰਜਾਬ ਹੁੰਦਾ
ਜੀਉਂਦਾ ਅੱਜ ਜੇ ਸ਼ੇਰਿ ਪੰਜਾਬ ਹੁੰਦਾ,
ਨਾ ਪੰਜਾਬ ਦਾ ਇਸ ਤਰ੍ਹਾਂ ਹਾਲ ਹੁੰਦਾ।
ਲੁੱਟੇ ਜਾਂਵਦੇ ਅਸੀਂ ਨਾ ਦਿਨੇਂ ਦੀਵੀਂ,
ਸਾਡਾ ਮਾਲ ਨਾ ਚੋਰਾਂ ਦਾ ਮਾਲ ਹੁੰਦਾ।
ਨਲੂਆ ਸ਼ੇਰ ਜੇਕਰ ਉਸ ਦੇ ਨਾਲ ਹੁੰਦਾ,
ਜ਼ੁਲਮ ਕਦੇ ਵੀ ਨਾ ਸਾਡੇ ਨਾਲ ਹੁੰਦਾ।
ਸਾਡਾ ਪਾਤਸ਼ਾਹ ਹੋਂਵਦਾ ਅੱਜ ਜੇਕਰ,
ਦਾਤਾ–ਦੇਸ਼ ਨਾ ਕਦੇ ਕੰਗਾਲ ਹੁੰਦਾ।
ਜੇਕਰ ਤਖ਼ਤ 'ਤੇ ਅੱਜ ਰਣਜੀਤ ਹੁੰਦਾ,
ਉਹਦਾ ਸੁਘੜ ਫ਼ਕੀਰ ਵਜ਼ੀਰ ਹੁੰਦਾ।
ਸਾਂਝ ਪਈ ਰਹਿੰਦੀ ਪੱਕੀ ਦਿਲਾਂ ਅੰਦਰ,
ਨਾ ਪੰਜਾਬ ਏਦਾਂ ਲੀਰੋ ਲੀਰ ਹੁੰਦਾ।
ਫੂਲਾ ਸਿੰਘ ਜੇ ਤਖ਼ਤ ਅਕਾਲ ਉੱਤੇ,
ਜਥੇਦਾਰ ਹੁੰਦਾ, ਬੇ–ਨਜ਼ੀਰ ਹੁੰਦਾ।
ਪੰਥ ਪ੍ਰੇਮ ਅੰਦਰ ਖੰਡ–ਖੀਰ ਹੁੰਦਾ,
ਵੀਰ ਵੀਰ ਦੇ ਲਈ ਨਾ ਤੀਰ ਹੁੰਦਾ।



ਟੁਰ ਗਿਆ ਹੈ ਸ਼ੇਰੇ ਪੰਜਾਬ ਜਦ ਦਾ,
ਉਸ ਦੇ ਨਾਲ ਟੁਰ ਗਏ ਨੇ ਸੁੱਖ ਸਾਰੇ।
ਚੜ੍ਹ ਆਏ ਨੇ ਤਦੇ ਪੰਜਾਬ ਉੱਤੇ,
ਜੱਥੇ ਬੰਨ੍ਹ ਮੁਸੀਬਤਾਂ ਦੁੱਖ ਸਾਰੇ।
ਜਬ੍ਹਾ ਰੋਹਬ ਨਾ ਰਿਹਾ ਪੰਜਾਬੀਆਂ ਦਾ,
ਘੂਰਨ ਪਏ ਪੰਜਾਬ ਨੂੰ ਰੁੱਖ ਸਾਰੇ।
ਲਾਹੀ ਰੱਜ ਕੇ ਡੰਝ ਕੰਗਾਲੀਆਂ ਨੇ,
ਤਦੇ ਵਰਤ ਗਈ ਹੈ ਨੰਗ ਭੁੱਖ ਸਾਰੇ।
ਨਾ ਉਹ ਰਿਹਾ ਪੰਜਾਬ, ਨਾ ਪੁੱਤ ਇਹਦੇ,
ਨਾ ਆਜ਼ਾਦ ਰਹਿਣਾ, ਨਾ ਆਜ਼ਾਦ ਕਰਨਾ।
ਹੁਣ ਹੈ ਇਨ੍ਹਾਂ ਦਾ ਇਹ ਸੁਭਾ ਬਣਿਆ,
ਨਾ ਫ਼ਰਿਆਦ ਸੁਣਨੀ, ਨਾ ਫ਼ਰਿਆਦ ਕਰਨਾ।
ਹੁਣ ਤੇ ਲੜ ਭਿੜ ਕੇ ਖ਼ੂਬ ਸਿੱਖ ਗਏ ਨੇ,
ਇਹ ਬਰਬਾਦ ਹੋਣਾ ਤੇ ਬਰਬਾਦ ਕਰਨਾ।
ਪ੍ਰੇਮ ਘਟਿਆ ਵੇਖ ਪੰਜਾਬੀਆਂ ਦਾ,
ਪਿਆ 'ਤੀਰ' ਰਣਜੀਤ ਨੂੰ ਯਾਦ ਕਰਨਾ।

# ਮਾਂ ਦੀ ਪੁਕਾਰ

–ਡਾ. ਅਮਨਪ੍ਰੀਤ ਸਿੰਘ

ਵਾਹ ਨੀ ਧੀਏ ਵਾਹ!
ਆਹ ਸਜ਼ਾ ਦਿੱਤੀ ਏ ਮੈਨੂੰ!
ਕਿ ਤੈਨੂੰ ਜਨਮ ਦਿੱਤਾ?

ਤੈਨੂੰ ਪਤੈ! ਉਦੋਂ ਬੇਬੇ ਕਹਿੰਦੀ ਸੀ
ਮਾਰ ਛੱਡ, ਮੂੰਹ ਕਾਲ਼ਾ ਕਰੂਗੀ,
ਵਾਧੂ ਦਾ ਭਾਰ ਜੰਮ ਪਈ ਏ।

ਇਕੱਲੀ ਹੀ ਅੜੀ ਸੀ ਤੇਰੀ ਮਾਂ
ਤੇਰੇ ਬਾਪ ਅੱਗੇ ਹਾੜੇ ਕੱਢਦੀ
ਕੱਪੜੇ ਸਿਉਂ ਖ਼ਰਚਾ ਤੋਰਨ ਲਈ ਤੇਰਾ
ਕਿ ਮੁੜ ਤੈਨੂੰ ਕੋਈ ਬੋਝਲ ਨਾ ਕਹੇ।

ਤੇਰੀ ਹਰ ਗੱਲ ਮੰਨ
ਤੈਨੂੰ ਆਜ਼ਾਦੀ ਦੇ
ਦੱਸ ਕਿਹੜੀ ਗਲਤੀ ਕੀਤੀ ਮੈਂ?

ਤੂੰ ਮੁਟਿਆਰ ਕੀ ਹੋਈ
ਗੁਰੂ ਘਰ ਗਈ ਨਾ ਸੁਧਰੀ?
ਗੁਰੂ ਘਰ ਦੇ ਬਾਥਰੂਮ 'ਚ
ਟੀਕੇ ਲਾ ਕਰਜ਼ ਚੁਕਾ ਦਿੱਤਾ ਤੈਂ!

ਜਦੋਂ ਵੀ ਲੋਕਾਂ ਵਿੱਚ ਬੈਠਦੀ,
ਅਕਸਰ ਤੇਰੀ ਗੱਲ ਕਰਦੀ:
ਰੋਜ਼ ਪੜ੍ਹਨ ਜਾਂਦੀ ਐ ਲਾਡੋ,



ਮੇਰੇ ਸੁਪਨਿਆਂ ਦੀ ਧੀ ਰਾਣੀ।

ਕੀ ਮੂੰਹ ਦਿਖਾਵਾਂ ਸਮਾਜ ਨੂੰ?
ਤੇਰੀ ਬੇਬੇ ਤੇ ਭਾਈਚਾਰੇ ਨੂੰ?
ਕੀ ਰਹਿ ਗਈ ਮੇਰੀ ਇੱਜ਼ਤ
ਲੀਰੋ–ਲੀਰ ਕਰ ਛੱਡੀ ਤੂੰ।

ਸੱਚ ਧੀਏ!
ਗਲਤੀ ਰਹੀ ਮੇਰੀ ਕਿ
ਨਾ ਪਿੱਛਾ ਕੀਤਾ ਤੇਰਾ,
ਤੇਰੇ ਤੇ ਹੱਦੋਂ ਵੱਧ ਕੀਤਾ ਯਕੀਨ ਹੀ ਤਾਂ
ਮਾਰ ਬੈਠਾ ਮਾਂ ਨੂੰ।

ਜਦੋਂ ਤੂੰ ਜੰਮੀਂ ਸੀ ਨਾ;
ਮਾਂ ਤਾਂ ਉਦੋਂ ਵੀ ਬਦਨਾਮ ਸੀ;
ਹੁਣ ਤੂੰ ਜਾਣ ਲੱਗਿਆ ਵੀ,
ਬਦਨਾਮੀ ਦਾ ਖ਼ਿਤਾਬ ਦੇ ਚੱਲੀਂ।

ਹੇ ਸਮਾਜ ਦੇ ਲੋਕੋ! ਪੰਜਾਬੀਓ!
ਪੈਸਾ ਭਾਵੇਂ ਘੱਟ ਕਮਾ ਲਇਓ
ਸਮਾਂ ਆਪਣੀ ਔਲਾਦ ਨੂੰ ਦੇਓ।
ਚੰਗਾ ਦੇਖਣ, ਸੁਣਨ, ਚੰਗਾ ਬੋਲਣ
ਵਿਰਸੇ ਦੀ ਉਂਗਲ ਹੀ ਫੜਾ ਦਿਓ।

ਪਤਾ ਨਹੀਂ ਕਿੰਨੀਆਂ ਹੀ ਅਜਿਹੀਆਂ
ਮੀਡੀਏ ਅਤੇ ਗਲਤ ਸੰਗਤ ਤੋਂ
ਪ੍ਰਭਾਵਿਤ
ਕਰਦੀਆਂ ਹੋਣਗੀਆਂ ਸਮਾਜ ਦਾ ਘਾਣ।

ਚਲੋਂ ਮੁੜ ਇਕੱਠੇ ਕਰੀਏ
ਇਤਿਹਾਸ ਦੇ ਖਿਲਰੇ ਵਰਕੇ ਕਿ;
ਆਉਂਦੀ ਪੀੜ੍ਹੀ ਲਈ ਚੰਗਾ ਮਾਹੌਲ ਸਿਰਜ,
ਚੰਗੀਆਂ ਮਾਵਾਂ, ਚੰਗੀ ਔਲਾਦ ਦੇ ਸਕਣ,
ਕਿ ਮੁੜ ਉਠੇ ਇੱਜ਼ਤ ਆਬਰੂ–ਏ–ਪੰਜਾਬ।

–0–

ਖਬਰਨਾਮਾ

# ਕੋਰੋਨਾ ਮਹਾਂਮਾਰੀ ਦੌਰਾਨ ਸਿੱਖ ਭਾਈਚਾਰੇ ਵਲੋਂ ਨਿਭਾਈਆਂ ਸੇਵਾਵਾਂ ਸ਼ਲਾਘਾਯੋਗ- ਲੀ ਸੀਨ ਲੂੰਗ



ਸਿੰਗਾਪੁਰ- ਸਿੰਗਾਪੁਰ ਦੇ ਪ੍ਰਧਾਨ ਮੰਤਰੀ ਲੀ ਸੀਨ ਲੂੰਗ ਨੇ ਸਥਾਨਕ ਸਿੱਖ ਭਾਈਚਾਰੇ ਦੀ ਕੋਵਿਡ-19 ਮਹਾਂਮਾਰੀ ਦੌਰਾਨ ਨਸਲ, ਧਰਮ ਜਾਂ ਪਿਛੋਕੜ ਦੀ ਪ੍ਰਵਾਹ ਕੀਤੇ ਬਿਨਾ ਲੋਕਾਂ ਦੀ ਸਹਾਇਤਾ ਲਈ ਵੱਖ ਵੱਖ ਪ੍ਰੋਗਰਾਮ ਚਲਾਉਣ ਲਈ ਪ੍ਰਸੰਸਾ ਕੀਤੀ। ਪ੍ਰਧਾਨ ਮੰਤਰੀ ਲੀ ਸਫੇਦ ਦਸਤਾਰ ਸਜਾ ਕੇ ਸਿਲਟ ਰੋਡ ਸਥਿਤ ਗੁਰਦੁਆਰਾ ਸਾਹਿਬ ਦੀ ਇਮਾਰਤ ਦੇ ਉਦਘਾਟਨੀ ਸਮਾਰੋਹ 'ਚ ਸ਼ਾਮਿਲ ਹੋਏ ਤੇ ਭਾਈਚਾਰੇ ਦੇ ਮੈਂਬਰਾਂ ਨੂੰ 'ਸਤਿ ਸ੍ਰੀ ਅਕਾਲ' ਬੁਲਾ ਕੇ ਉਨ੍ਹਾਂ ਨਾਲ ਸਾਂਝ ਪਾਈ। ਇਸ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਮੁਰੰਮਤ ਦਾ ਕਾਰਜ ਮਹਾਂਮਾਰੀ ਦੌਰਾਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸਾਹਿਬ ਸਿਲਟ ਰੋਡ ਤੇ ਹੋਰ ਗੁਰਦੁਆਰਿਆਂ ਸਮੇਤ ਪ੍ਰਾਰਥਨਾ ਅਸਥਾਨ ਮਹਾਂਮਾਰੀ ਕਾਰਨ ਪ੍ਰਭਾਵਿਤ ਹੋਏ ਹਨ। ਲੀ ਨੇ ਕਿਹਾ ਕਿ ਇਹ ਸ਼ਰਧਾਲੂਆਂ ਲਈ ਮੁਸ਼ਕਿਲ ਸਮਾਂ ਰਿਹਾ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸਾਹਿਬ ਸਮੇਤ ਹੋਰ ਧਾਰਮਿਕ ਸਥਾਨਾਂ ਨੇ ਕੋਵਿਡ-19 ਮਹਾਂਮਾਰੀ ਪ੍ਰਬੰਧਨ ਦੇ ਕਈ ਉਪਾਅ ਕੀਤੇ, ਜਿਨ੍ਹਾਂ 'ਚ ਪ੍ਰਾਰਥਨਾ ਦਾ 'ਲਾਈਵ ਸਟ੍ਰੀਮਿੰਗ' ਸ਼ਾਮਿਲ ਹੈ ਤਾਂ ਕਿ ਸ਼ਰਧਾਲੂ ਇਸ ਦੇ ਰਾਹੀਂ ਸਮਾਗਮ ਦਾ ਹਿੱਸਾ ਬਣ ਸਕਣ। ਲੀ ਨੇ ਕਿਹਾ ਕਿ ਮੈਂ ਇਸ ਤੋਂ ਜ਼ਿਆਦਾ ਇਸ ਗੱਲ ਤੋਂ ਉਤਸ਼ਾਹਿਤ ਹਾਂ ਕਿ ਗੁਰਦੁਆਰਾ ਤੇ ਸਿੱਖ ਭਾਈਚਾਰਾ ਇਸ ਮੁਸ਼ਕਿਲ ਸਮੇਂ ਵਿਚ ਮਦਦ ਨੂੰ ਅੱਗੇ ਆਇਆ। ਉਨ੍ਹਾਂ ਨੇ ਧਾਰਮਿਕ ਕਾਰਜ ਕੀਤੇ, ਰਾਸ਼ਨ ਵਰਤਾਇਆ ਅਤੇ ਹੋਰ ਸਹਾਇਤਾ ਪ੍ਰੋਗਰਾਮ ਕਰਵਾਏ। ਉਨ੍ਹਾਂ ਕਿਹਾ ਕਿ ਹੋਰ ਧਾਰਮਿਕ ਸਮੂਹਾਂ ਦੀ ਤਰ੍ਹਾਂ ਸਿੱਖਾਂ ਵਲੋਂ ਵੀ ਮਾਨਵਤਾ ਦੀ ਨਿਸ਼ਕਾਮ ਸੇਵਾ ਕੀਤੀ ਗਈ ਹੈ।

# ਹਰਿਆਣਾ ਵਿਚ ਪੰਜਾਬੀ ਭਾਸ਼ਾ ਦੀ ਜੜ੍ਹਾਂ ਕੱਟਣ ਲਈ ਸਿੱਖਿਆ ਵਿਭਾਗ ਉਤਾਵਲਾ

ਕਾਲਾਂਵਾਲੀ- ਹਰਿਆਣਾ ਪ੍ਰਦੇਸ਼ ਵਿਚ ਪੰਜਾਬੀ ਭਾਸ਼ਾ ਦੀਆਂ ਜੜਾਂ ਕਟਣ ਲਈ ਇਥੋਂ ਦਾ ਸਿੱਖਿਆ ਵਿਭਾਗ ਕਿੰਨਾ ਉਤਾਵਲਾ ਹੈ ਇਸ ਦੀ ਉਦਾਹਰਣ ਪੰਚਕੂਲਾਂ ਦੇ ਸਿਖਿਆ ਵਿਭਾਗ ਵਿੱਚ ਬੈਠੇ ਕਰਮਚਾਰੀ ਪ੍ਰਮੋਦ ਕੁਮਾਰ ਦੇ ਸਿਰਸਾ ਦਫਤਰ ਨੂੰ ਭੇਜੇ ਗਏ ਉਸ ਪੱਤਰ ਤੋਂ ਮਿਲਦੀ ਹੈ ਜਿਸ ਵਿਚ ਉਸਨੇ ਲਛੇਦਾਰ ਭਾਸ਼ਾ ਦਾ ਇਸਤੇਮਾਲ ਕਰਕੇ ਸਕੂਲਾਂ ਵਿਚ ਵਿਦਿਆਰਥੀਆਂ ਨੂੰ ਸਿਰਫ ਅੰਗਰੇਜ਼ੀ ਅਤੇ ਹਿੰਦੀ ਲੈਣ ਲਈ ਕਿਹਾ ਹੈ ਅਤੇ ਪੰਜਾਬੀ ਨੂੰ ਸਿਰਫ ਵਾਧੂ ਵਿਸ਼ੇ ਦੇ ਤੌਰ 'ਤੇ ਪੜ੍ਹਾਉਣ ਲਈ ਹੁਕਮ ਜਾਰੀ ਕੀਤਾ ਹੈ।

ਮੁੱਖ ਦਫਤਰ ਦੀ ਇਸ ਗਹਿਰੀ ਸਾਜਿਸ਼ ਪ੍ਰਤੀ ਹਰਿਆਣਾ ਪੰਜਾਬੀ ਭਾਸ਼ਾ ਅਤੇ ਅਧਿਆਪਕ ਕਲਿਆਣ ਸੰਗਠਨ ਦੀ ਸਿਰਸਾ ਇਕਾਈ ਦਾ ਇਕ ਪ੍ਰਤਿਨਿਧੀ ਮੰਡਲ ਜਿਲ੍ਹਾ ਪ੍ਰਧਾਨ ਗੁਰਸਾਹਿਬ ਸਿੰਘ ਦੀ ਅਗਵਾਈ ਹੇਠ ਜਿਲ੍ਹਾ ਸਿੱਖਿਆ ਅਫਸਰ ਸਿਰਸਾ ਅਤੇ ਸੰਸਕ੍ਰਿਤ ਮਾਡਲ ਸਕੂਲ ਸਿਰਸਾ ਦੇ ਪ੍ਰਿੰਸੀਪਲ ਨੂੰ ਮਿਲਿਆ ਅਤੇ ਆਪਣਾ ਰੋਸ਼ ਪੱਤਰ ਦਿੱਤਾ।

ਪੰਜਾਬੀ ਭਾਸ਼ਾ ਅਤੇ ਅਧਿਆਪਕ ਕਲਿਆਣ ਸੰਗਠਨ ਨੇ ਨਿਦੇਸ਼ਕ ਸੈਕੰਡਰੀ ਵਿਭਾਗ ਪੰਚਕੂਲਾ ਦੁਆਰਾ ਸੀ.ਬੀ.ਐਸ.ਈ.ਦੇ ਨਿਯਮਾਂ ਦੇ ਵਿਰੁੱਧ ਜਾ ਕੇ ਵਿਦਿਆਰਥੀਆਂ ਉੱਪਰ ਪੰਜਾਬੀ ਨੂੰ ਵਾਧੂ ਵਿਸ਼ੇ ਵਜੋਂ ਪੜਾਏ ਜਾਣ ਪ੍ਰਤੀ ਆਪਣਾ ਰੋਸ ਦਰਜ਼ ਕਰਵਾਇਆ ਅਤੇ ਸੰਬੰਧਿਤ ਅਧਿਕਾਰੀਆਂ ਨੂੰ ਸਪਸ਼ੱਟ ਕਰ ਦਿੱਤਾ ਕਿ ਉਹਨਾਂ ਨੂੰ ਆਪਣੀ ਮਨਮਰਜ਼ੀ ਨਹੀਂ ਕਰਨ ਦਿੱਤੀ ਜਾਵੇਗੀ।

ਇਨ੍ਹਾਂ ਅਧਿਆਪਕ ਆਗੂਆਂ ਨੇ ਕਿਹਾ ਕਿ ਸੀ.ਬੀ.ਐਸ.ਈ. ਦੇ ਨਿਯਮਾਂ ਅਨੁਸਾਰ ਗਿਆਰਵੀਂ/ਬਾਹਰਵੀਂ ਦੇ ਵਿਦਿਆਰਥੀ ਅੰਗਰੇਜ਼ੀ, ਹਿੰਦੀ, ਪੰਜਾਬੀ ਵਿਚੋਂ ਕੋਈ ਵੀ ਦੋ ਭਾਸ਼ਾਵਾਂ ਲੈ ਸਕਦਾ ਹੈ ਜਦੋਂ ਕਿ ਕੁੱਝ ਸਕੂਲ ਜਾਣ ਬੁਝ ਕੇ ਪੰਜਾਬੀ ਭਾਸ਼ਾ ਨੂੰ ਗੁਠੇ ਲਾਉਣ ਲਈ ਵਿਦਿਆਰਥੀਆਂ ਨੂੰ ਸਿਰਫ ਅੰਗਰੇਜ਼ੀ ਅਤੇ ਹਿੰਦੀ ਲੈਣ ਲਈ ਮਜਬੂਰ ਕਰ ਰਹੇ ਸਨ। ਇਹ ਸਕੂਲਾਂ ਨੂੰ ਪੰਜਾਬੀ ਨੂੰ ਸਿਰਫ ਵਾਧੂ ਵਿਸ਼ੇ ਦੇ ਤੌਰ 'ਤੇ ਪੜ੍ਹਾਉਣ ਲਈ ਮਜਬੂਰ ਕਰ ਰਹੇ ਸਨ। ਇਸ ਵਫਦ ਦੇ ਆਗੂ ਦਵਿੰਦਰ ਕਾਹਲੋਂ ਦਾ ਕਹਿਣਾ ਸੀ ਕਿ ਹਰਿਆਣਾ ਸਰਕਾਰ ਵਲੋਂ ਪੰਜਾਬੀ ਨੂੰ ਦਫਤਰੀ ਭਾਸ਼ਾ ਤਾਂ ਕੀ ਬਨਾਉਣਾ ਸੀ ਸਗੋ ਸਾਜਸ਼ੀ ਢੰਗ ਨਾਲ ਖਤਮ ਕਰਨ ਦੇ ਮਨਸੂਬੇ ਘੜੇ ਜਾ ਰਹੇ ਹਨ।

ਦੂਜੇ ਪਾਸੇ ਪੰਜਾਬੀ ਸਾਹਿਤ ਸਭਾ ਕਾਲਾਂਵਾਲੀ ਦੇ ਜਰਨਲ ਸਕੱਤਰ ਮਾ: ਸੁਰਿੰਦਰਪਾਲ ਸਿੰਘ ਦਾ ਕਹਿਣਾ ਹੈ ਕਿ ਉਹ ਸਾਰੀਆਂ ਭਰਾਤਰੀ ਸਭਾਵਾਂ ਨਾਲ ਮਿਲ ਕੇ ਪੰਜਾਬੀ ਨੂੰ ਹਰਿਆਣਾ 'ਚ ਦਫਤਰੀ ਭਾਸ਼ਾ ਬਨਾਉਣ ਅਤੇ ਸਾਰੇ ਸਕੂਲਾਂ ਵਿੱਚ ਤੀਸਰੀ ਤੇ ਪੰਜਾਬੀ ਲਾਗੂ ਕਰਨ ਲਈ ਹਰਿਆਣਾ ਸਰਕਾਰ ਨੂੰ ਬਾਰ-ਬਾਰ ਅਪੀਲ ਕਰ ਰਹੇ ਹਨ।

ਉਨ੍ਹਾਂ ਸਿਖਿਆ ਵਿਭਾਗ ਦੇ ਉਕਤ ਫੈਸਲੇ ਦੀ ਜ਼ੋਰਦਾਰ ਨਿੰਦਾ ਕਰਦੇ ਹੋਏ ਪੰਜਾਬੀ ਭਾਸ਼ਾ ਨੂੰ ਜਰੂਰੀ ਵਿਸ਼ਾ ਬਨਾਉਣ ਅਤੇ ਪੰਜਾਬੀ ਦੇ ਅਧਿਆਪਕ ਭਰਤੀ ਕਰਨ ਦੀ ਜ਼ੋਰਦਾਰ ਮੰਗ ਕੀਤੀ। ਅਧਿਕਾਰੀਆਂ ਨੂੰ ਮੰਗ ਪੱਤਰ ਦੇਣ ਵਾਲਿਆਂ ਵਿੱਚ ਅਧਿਆਪਕ ਬਲਵੀਰ ਸਿੰਘ ਰਾਣੀਆਂ, ਸਤਪਾਲ ਸਿੰਘ, ਨਵਦੀਪ ਧੂੜੀਆ ਅਤੇ ਕੁਲਦੀਪ ਸਿੰਘ ਸਿਰਸਾ ਸਮੇਤ ਬਹੁਤ ਸਾਰੇ ਅਧਿਆਪਕ ਸ਼ਾਮਿਲ ਸਨ।-0-

# ਅਰਸ਼ਦੀਪ ਸਿੰਘ ਪੁਲਾੜ 'ਚ ਗੱਡੇਗਾ ਪੰਜਾਬੀਆਂ ਦਾ ਝੰਡਾ



ਸਾਨ ਫਰਾਂਸਿਸਕੋ- ਅਮਰੀਕਾ 'ਚ ਜਲੰਧਰ ਦੇ ਸੂਰਾ ਨੁੱਸੀ ਲਾਗੇ ਪਿੰਡ ਲਿੱਧੜਾਂ ਦੇ ਦਿਲਬਾਗ ਸਿੰਘ ਲਿੱਧੜ ਦਾ ਪੁੱਤਰ ਅਰਸ਼ਦੀਪ ਸਿੰਘ ਲਿੱਧੜ ਅਮਰੀਕਾ ਦੇ ਸਪੇਸ ਫੋਰਸ ਵਿਭਾਗ 'ਚ ਵੱਡੀ ਜ਼ਿੰਮੇਵਾਰੀ ਨਿਭਾਉਣ ਲਈ ਚੁਣਿਆ ਗਿਆ ਹੈ। ਦੱਸਣਯੋਗ ਹੈ ਕਿ ਇਸ ਵਿਭਾਗ ਦੀ ਜ਼ਿੰਮੇਵਾਰੀ ਸਪੇਸ 'ਚ ਉਪਗ੍ਰਹਿਾਂ ਤੇ ਉਪਰਕਰਨਾਂ ਦੀ ਸੁਰੱਖਿਆ ਅਤੇ ਉਨ੍ਹਾਂ ਨੂੰ ਕੰਮ ਕਰਨ ਦੇ ਯੋਗ ਬਣਾਈ ਰੱਖਣ ਅਤੇ ਨਵੀਆਂ ਖੋਜਾਂ ਲਈ ਰਸਤੇ ਤਿਆਰ ਕਰਨਾ ਹੁੰਦਾ ਹੈ। ਨੰਬਰਦਾਰ ਬਹਾਦਰ ਸਿੰਘ ਲਿੱਧੜ ਦੇ ਪੋਤਰੇ ਅਰਸ਼ਦੀਪ ਸਿੰਘ ਲਿੱਧੜ ਦੇ ਪਿਤਾ ਦਿਲਬਾਗ ਸਿੰਘ ਲਿੱਧੜ ਤੇ ਮਾਤਾ ਜਸਵਿੰਦਰ ਕੌਰ ਲਿੱਧੜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਨ੍ਹਾਂ ਦਾ ਪੁੱਤਰ ਬਚਪਨ ਤੋਂ ਹੀ ਪੜ੍ਹਾਈ 'ਚ ਹੁਸ਼ਿਆਰ ਸੀ। ਹਿਊਸਟਨ ਯੂਨੀਵਰਸਿਟੀ ਤੋਂ ਗਰੈਜੂਏਸ਼ਨ ਕਰਦਿਆਂ ਹੀ ਉਸ ਨੂੰ ਸਮੁੰਦਰੀ ਫੌਜ ਦੇ ਵਿਭਾਗ ਦੀ ਸਪੈਸ਼ਲ ਫੋਰਸ ਵਲੋਂ ਡਿਪਾਰਟਮੈਂਟ ਆਫ ਸਪੇਸ ਫੋਰਸ ਲਈ ਚੁਣ ਲਿਆ ਗਿਆ ਸੀ ਤੇ ਲੰਘੀ 17 ਜੂਨ ਨੂੰ ਉਸ ਨੇ ਵਿਭਾਗ 'ਚ 18 ਮਹੀਨੇ ਦੀ ਟਰੇਨਿੰਗ ਅੱਵਲ ਰਹਿ ਕੇ ਮੁਕੰਮਲ ਕੀਤੀ। 23 ਸਾਲਾ ਅਰਸ਼ਦੀਪ ਦੇ ਪਿਤਾ ਦਾ ਮੈਕਸੀਕੋ ਬਾਰਡਰ ਨਾਲ ਲੱਗਦੇ ਟੈਕਸਸ ਸੂਬੇ ਦੇ ਸ਼ਹਿਰ ਮਿਸ਼ਨ 'ਚ ਹੋਟਲ ਮੋਟਲ ਦਾ ਵੱਡਾ ਕਾਰੋਬਾਰ ਹੈ ਅਤੇ ਉਹ ਸਧਾਰਨ ਕਿਰਤੀ ਪਰਿਵਾਰ 'ਚੋਂ ਉੱਠ ਕੇ ਅਮਰੀਕਾ 'ਚ ਮਿਹਨਤ ਕਰ ਰਹੇ ਹਨ।

# Divine Order and Order of Man

-**Dr. Dalvinder Singh Grewal** (Dean, Research & Development, Desh Bhagat University)

God is manifested in the entire universe. The entire universe is originated from One and the same energy. The source of this energy is settled in every part of creation in the form of light. This energy is continuously changing from one form to another, making countless forms. The entire universe is bound in an order and this change is also occurring as over the Laws of Divine.

**Divine Order:** A few only have tried to understand God's Order, though there are countless to have their writ run. A king wants his writ on entire nation; a commissioner wants writ on his area of command; A general wants command over his soldiers; an elder in a home wants his writ on all the members of his family; the lady wife wants writ over the children; the children want writ over their toys. Thus everyone wants his writ; but what occurs finally is what is pleased to Him. *'Karta Kare so hoi*. His writ, thus runs supreme, even though these small authorities also consider themselves to be having writ; capability to give order. They do not understand that it is the God's Order which -finally runs. These mortals even do not know whether they will be alive the very next moment!

The kings become beggars in an instant, the elders pass-away, the officers retire or are shunted out; making their power as zero. But those mortals giving orders do not understand this. They create such an ego in themselves that if their subordinates do not carry out orders as desired, they boil up: "Oh! He has not followed my order! I will teach him a lesson." Kings even given orders of Death; Commissioners may give order for confiscating some one's property, an elder may deprive the erring member of some valuable; the mother may slap her child and so on so forth. This is how they satisfy their ego. They do not realize that it is the God's Will which runs finally due to which his orders remained unactioned.

It is however different in God's Order. None of His order remains unactioned. God's Orders are automatic; while man's laws need to be enforced. God's Laws however, are recorded by human beings after observations and experiences over the ages. Human laws are prepared by the men in authority. The best orders are the one which are based on Divine or Natural Laws and help the universe to move forward in a positive direction. Such Order when given in best interest of the God's creation, ensuring these to be the Order as that of God, are always successful.

Orders built in self ego rarely ensure the writ but create a resentment and revolt among the followers. God's Order which is based in unchangeable and firm Laws, thus remain universal and supreme. Whom so ever understood God's Will and Direction of Order, will never say: This order is given by me. He will only say: God wishes to be done this, this or that way. He is not troubled whether his order is followed or not or not as per his wishes. Whatever happens, he accepts as God's Order. He does not claim the effective order to be his to fulfil his ego. He is happy on God's Will and if he is assigned the duty to give orders, he accepts it as his responsibility. He cannot insert the virus of ego in God's order. He has to carry out and get actioned all the orders as per God's Wish and recite:

ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ ॥ (1096)

**Ja tu merai val hai ta kia muhashanda. i.e. when you are on my side, Lord, what do I need to worry about ?**

-0-

# GURDWARA

GURDWARA plays an important role in Sikh religion. Gurdwara is the source of preaching of Guru, centre of spiritual life, social welfare, panthik (religious) discussions and teaching centre of social life. People from all walks of life without any discrimination of their caste, sit together and learn the teachings of Gurmat.

Each Gurdwara has the Langar in its precincts. In the Langar food is served without taking into consideration his caste creed, gender, colour or nationality. All the devotees / visitors have food by sitting in a common row. There is not discrimination in serving Langar. The Sikhs / Devotees feel it good to deliver provisions in the langar store and to serve there physically as volunteers. Sikhs / devotees gather / assemble in Gurdwara on the occasion of marriage or any other happy or tragic events. In reality a Gurdwara is school for students of Gurmat, source of knowledge for seekers of spirituality, clinic for patients, langar for hungry, shelter for unable, resting place for tourists / visitors. Here discourses / lesson of code of conduct of Sikhism is taught apart from the guidance of personal and social life. Gurdwara is a tower of light of Sikh way of life. -0-

# शब्द गुरू की महानता

–गुरमत विरसा बयूरो

जीवन के प्रत्येक पहलू पर प्रकाश डालते 'शब्द गुरू' की महानता को शब्दों में कोई कैसे कैद कर सकता है? परन्तु गुरू नानक साहिब ने इसी शब्द गुरू की महानता से विश्व को परिचित करवाने के लिए 239 वर्ष का समय अपने दस शारीरिक रूपों में लगाया है। आरंभ से ही जब गुरू साहिब सिद्धों से विचार चर्चा कर रहे थे तो सिद्धों ने आप जी के बहुपक्षीय ज्ञान से प्रभावित होते हुए पूछ लिया था।

तेरा कवणु गुरू जिसका तूं चेलात्र (पन्ना 942)

हिन्दी उच्चारणः तेरा कवण गुर जिसका तूं चेलात्र

तब गुरू नानक साहिब जी ने सहज स्वभाव ही जो उत्तर दिया था, 'सबदु गुरू सुरति धुनि चेला' (943) भावः परमात्मा का सच्चा नाम ही मेरा गुरू है और सम्पूर्ण ध्यान ही उसका चेला है। शरीर के तौर पर न आपजी ने कहीं गुरू के रूप में महत्व दिया है और न ही आपजी ने चेले के रूप में महत्व दिया है। बल्कि सच्चे ज्ञान को ही सदीवी (हमेशा कायम रहने वाला) गुरू के रूप में व्याख्यान किया और फिर अपने इस कथन की प्रौढ़ता के लिए जहां से भी सत्य प्राप्त हुआ, अपने पास एकत्र करते गए। आप जी ने अपने जीवन काल में ही बाबा फरीद, भक्त कबीर, भक्त नामदेव इत्यादि 15 भक्तों की बाणी को एक स्थान पर एकत्र करके यह साबित कर दिया कि सत्य सदैव ही एक जैसा होता है। जो कोई भी सत्य स्वरूप परमात्मा को जान लेता है, पहचान लेता है, उसके शब्द फिर एक जैसे ही हो जाते हैं। यद्यपि वह गुरू नानक साहिब स्वयं हों या बाबा फरीद या भक्त नामदेव या भक्त कबीर इत्यादि। केवल शब्दों का स्वरूप ही अलग होता है। सत्य की भावना सदैव ही, एक जैसी ही होती है। सत्य की इसी भावना को आगे बढ़ाते हुऐ पंचम पातशाह तक पांचों गुरू साहिबान की सम्पूर्ण बाणी और अन्य भक्तों की बाणी ने जब 'आदि ग्रंथ' के रूप में सत्य की एक कसौटी का रूप ले लिया तो मानवता के लिए यह एक हैरान करने वाली घटना थी। इतने बड़े आकार का ग्रंथ, उच्चकोटि के गुरमत के विद्वान भाई गुरदास जी ने पंचम पातशाह जी की देख रेख में जब सम्पादित किया, तो प्रत्येक सम्प्रदाय के महापुरषों का सत्य इसमें शामिल किया। जीवन के प्रत्येक पहलू का ज्ञान इसमें शामिल है। बहुत सी भाषाओं का यह सुमेल (उत्तम संयोग) है, परन्तु प्रत्येक भाषा की भावना में से जीवन और परमात्मा का सत्य ज्ञान ही उमड़ उमड़ कर निकलता है। एक अलग तरह की व्याकरण शैली में लीन होकर सभी भाषायें एक ही गुलदस्ते का अंग बन जाती हैं। ऐसा लगता है कि जैसे भिन्न भाषाओं के भिन्न भिन्न शब्द एक स्थान पर एकत्र होकर, एक जैसी महक बांटते हुऐ, इस सदैव अटल गुलदस्ते का अंग बन गऐ हों। प्रत्येक शब्द अपनी पूर्ण व्यक्तिगत योग्यता रखते हुऐ भी दूसरों के साथ एक जैसा है। इस स्र्वोतम साहित्यिक सृजना का उदाहरण विश्व में अन्य दूसरा नहीं। सम्पूर्ण सृजना भी काब्य रूप में होने के कारण सीधी मनुष्य के हृदय को छूती है। 31 भिन्न भिन्न रागों में विभाजित संपूर्ण बाणी प्रत्येक राग में भी एक जैसे क्रम में सुशोभित है। कहीं पर भी कोई बिखराव नहीं है। प्रत्येक शब्द को उस राग में अमली तौर पर गाया जा सकता है। विश्व स्तर पर राग की सूझ से भरपूर ऐसी दूसरी रागमई सृजना भी कहीं नहीं मिलती।

यह तो थी बाहरी रचना की समता की बात और भीतरी तौर से तो यह आत्मिक ज्ञान का भंडार लासानी ही है। युगों युगों तक लासानी ही रहेगा। जब भी किसी ने परमात्मा के सत्य को प्राप्त कर लिया, उसको अपने शब्दों की प्रोढ़ता के लिए कथन गुरू ग्रंथ साहिब जी देते रहेंगे। सम्पूर्ण मानवता के साझे इष्ट ढ   से आरंभ हुये गुरू ग्रंथ साहिब जी में परमात्मा के साथ अभेदता (एक रूप) और इसके लिए गुरू की शरण पकड़ने पर जोर है। 'गोबिंद मिलण' के उदेशय की प्राप्ती के लिए 'निर्मल कर्म' और परमात्मा का नाम जपने का मार्ग ही दिखाया गया है। प्रत्येक सम्प्रदायों में फैले झूठे कर्मकांड और वहमों–पाखंडों से दूर रहने की शिक्षा है। सम्पूर्ण मनुष्य जाति से प्रेम और उच्च सदाचारक जीवन की शिक्षा है। प्रत्येक जीव में परमात्मा के अस्तित्व को परमात्मा का कार्य समझने की शिक्षा है तथा फिर जीवन फलसफे से भरपूर आदि ग्रंथ साहिब को जब दसम पातशाह 'गुरू ग्रंथ साहिब' का स्वरूप देकर स्वयं माथा टेकते हुऐ इसको सम्पूर्ण मानवता का गुरू कह कर इसकी महिमा करते हैं तो सम्पूर्ण गुरू ज्योति को ही 'आत्मा ग्रंथ में' कह कर सत्कार देते हैं। कोई भी मनुष्य पूर्ण ध्यान से इस 'धुर की बाणी' का अध्ययन करे, तो वह मनुष्य होने की मंजिल का अधिकारी हो जाता है। परमात्मा की उसे समझ आ जाती है। जीवन सुंदर, सुखमय हो जाता है। ईद–गिर्द सुगंधित हो जाता है। स्वभाव की मिठास प्रत्येक को मंत्रमुग्ध कर देती है। यह सदैव जागत गुरू किसी के लिए भी द्वार बंद नहीं करते। देश तथा समय की सीमायें 'गुरू ग्रंथ साहिब' को बांध नहीं सकती। सम्पूर्ण विश्व में एक समय, यह प्रत्येक स्थान पर अगुवाई बख्श कर सकने के समर्थ है। किसी को भी जीवन के किसी भी पक्ष (विष्य) का ज्ञान चाहिए, उसको उसी पक्ष का ज्ञान देने में समर्थ है। किसी भी शरीरधारी गुरू के पास ऐसी सामर्थय (शक्ति) के बारे अनुमान लगा सकना भी अज्ञानता ही होगी।

इस ज्ञान समुंद्र को जब भी किसी ने गहरे ध्यान की मधानी (मथनी) से बिलोया (रिड़कणा) है, इसमें से हीरे जवाहरात प्राप्त किये हैं। प्रत्येक के प्राप्त किए ज्ञान के शब्द यद्यपि अलग हो सकते हैं अनुभव अलग हो सकता है, परन्तु शब्दों की भीतरी श्रद्धा और प्रेम एक जैसे ही हैं।

भारत के भूतपूर्व राष्ट्रपति और विश्व विख्यात फिलौसफर डाक्टर राधा कृष्णन यूनेस्को द्वारा प्रकाशित की गई गुरबाणी के पांच सौ शब्दों की पुस्तक 'सिखां दीयां पवित्र लिखतां' की भूमिका में लिखते हैं– "गुरू ग्रंथ साहिब की अटल सच्चाईयों और अटूट भक्ति के आगे समुन्द्रों और पर्वतों की सभी सीमाऐं किनारे,

जो एक देश को दूसरे से अलग करते हैं, मिट जायेंगे।"

प्रोफेसर पूरन सिंघ जी गुरू ग्रंथ साहिब जी के प्रति अपनी कविता में इस तरह लिखते हैं:

"हमने पूरा विश्व सत्य की खोज के लिए ढूंढ मारा। हम इधर उधर से अच्छी से अच्छी पवित्र और सुंदर वस्तु चुनकर लायें, पुराने पत्थरों पर नक्काशी किये बचन, भोज पत्रों पर लिखे उत्तम वाक्य बड़े–बड़े खोजियों से एकत्र किए। उसके भाव के साथ पुराने ऋृषि–मुनियों, अवतारों–पैगंबरों ने जो जो अनुभव तथा ज्ञान के मोती बख्शे लाद कर वापस लौटें तो पता चला कि वह सम्पूर्ण अमोलक भंडार सुच्चे हीरे–रत्नों, जवाहरात का खजाना गुरू ग्रंथ साहिब जी की गुरबाणी के भीतर भरा पड़ा है, जिसका पाठ हम अपनी माता जी से सुना करते थे।"

प्रो. पूरन सिंघ जी ने गुरू ग्रंथ साहिब पढ़कर जो राय लिखी है, उसमें से कुछ पंक्तीयां इस प्रकार हैं:

"गुरू ग्रंथ साहिब भावों तथा विचारों का मूल स्त्रोत है। इसमें मनुष्य की आत्मा के अकेलेपन का जिक्र है। जो उसकी धुर भीतर अभिलाषाओं तथा लगावों का, उसकी ईश्वर की तरफ झीणी पुकार का तथा उसकी ईश्वर के साथ एक सुर होने की तराण और भूख का।"

मैने शेष महान धर्मों की धर्म पुस्तकें पढ़ी हैं, परन्तु मेरे ह्रदय और दिमाग पर जो शक्तीशाली प्रभाव गुरू ग्रंथ साहिब जी ने डाला है, वह मुझे अन्य कहीं से भी नहीं मिला। गुरू ग्रंथ साहिब जी का आकार बड़ा है, परन्तु उसमें भाव की एकता है तथा उसमें से मानवीय दिल की धुर गहराई तथा विशालता की धार पड़ती है, जो ईश्वर के पवित्र से पवित्र तथा अगम से अगम चित्र लेकर मानवीय शरीर की समय की जरूरतों तक, सभी कुछ अपने कलावे में लिए बैठा है।"

प्रौफेसर आरनल्ड टाइनबी इंगलैंड के विख्यात लेखक तथा इतिहासकार गुरू ग्रंथ साहिब जी के प्रति अपने विचार इस तरह प्रक्ट करते हैं:

"यद्यपि मानव धर्म का भविष्य अंधेरे में है, फिर भी एक बात देखी जा सकती है, वह यह है कि प्रचलित बड़े मज़हब एक दूसरे पर पहले से अधिक प्रभाव डालेंगे, क्योंकि जो आजकल विश्व के प्रत्येक भाग में आने जाने के साधन और लोगों के परस्पर विचार या बातचीत में सिख धर्म और उसका धर्म ग्रंथ गुरू ग्रंथ साहिब शेष विश्व को एक विशेष बहुमुल्य वस्तु भेट करेगा क्योंकि इसका खजाना आत्मिक शांती का अमुक (नहीं खत्म होने वाला) श्रोत है।

उपरोक्त सभी यद्यपि अलग अलग व्यक्तियों के विचार हैं, परन्तु सभी में ही 'गुरू ग्रंथ साहिब जी' के गहरे अध्ययन से उतपन्न हुई भावुक समता श्रद्धा और प्रेम एक जैसे ही प्रबल हैं। यद्यपि बाणी पर विचार करने वाले बहुत कम हैं, परन्तु जितने भी है, आखिर भावना से भीगे हुऐ इतने एकसुर हो जाते हैं कि अलग अलग देख सकना मुश्किल होता है। गुरू जी दया करें कि सम्पूर्ण मानवता इस शब्द गुरू से ज्ञान प्राप्त कर इतनी ही एकसुर हो जाये। कोई भी मनुष्य जब बाणी को ध्यान से पढ़ता है और विचार करता है, तो उसको बहुत कुछ प्राप्त होता है, कुछ प्राप्तियां निम्नलिखित हैं:–

– गुरबाणी ईश्वर के साथ प्रेम करने का साधन है।

– गुरबाणी के द्वारा गुरू और अकाल पुरख के साथ सम्पर्क होता है।

– यह समझ आती है कि गुरबाणी ही 'पूरा गुरू' है।

– गुरबाणी अकाल पुरख का आदेश दर्शाती है।

– गुरबाणी सम्पूर्ण मानवता के एक अकाल पुरख के बच्चे होने से संबंधित मार्ग दर्शाती है।

– गुरबाणी के द्वारा ही धर्म के मूल सिद्धांतों की जानकारी मिलती है।

– गुरबाणी दूसरे धर्मों की ठीक जानकारी, उनकी विचारधारा और उनके दर्शन के प्रति बतलाती है।

– दूसरे धर्मों के साथ तुलनात्मक अध्ययन करने पर 'गुरमत मार्ग' के सभी से श्रेष्ठ होने का ज्ञान प्राप्त होता है।

– मनुष्य जन्म की सफलता के लिए ज्ञान मिलता है।

– गुरबाणी के द्वारा सही जीवन कला की सोझी मिलती है।

– गुरबाणी के द्वारा मनुष्य को आत्मिक भोजन मिलता है, मन को शान्ति मिलती है।

– दुखों कलेशों का नाश करने में सहायता मिलती है।

– कुरहितों और विकारों से बचाती है।

– गुरबाणी पढ़ने से सहनशीलता, संतोष और शान्ति प्राप्त होती है।

– मन की भटकना दूर होती है और भ्रम भुलावा समाप्त हो जाता है।

– गुरबाणी संसारिक और आत्मिक तौर पर सत्य का व्यापार करना सिखलाती है।

– संसारिक और आत्मिक सम्मान प्राप्त होता है।

– गुरबाणी रिष्ट–पुष्ट, शरीरिक और आत्मिक विचार दृढ़ करवाती है।

– गुरबाणी कर्मकांडों से बचाती है।

– गुरबाणी सहज अवस्था की प्राप्ती करवाती है।

– गुरबाणी सामाजिक, आर्थिक, धार्मिक और राजनीतिक समस्याओं का समाधान दर्शाती है।

– गुरबाणी हलीमी राज्य के पूरने (आदर्श) डालती है। इत्यादि इत्यादि...

उपरोक्त प्राप्तियों पर विचार करें तो मालुम होता है कि गुरबाणी हमें अच्छे मनुष्य, अच्छे गुरसिख, अच्छे बच्चे, अच्छे विद्यार्थी, अच्छे बहन–भाई, अच्छे मित्र, अच्छे पति–पत्नी, अच्छे माता–पिता, अच्छे उस्ताद, अच्छे किसान, अच्छे व्यापारी, अच्छे नौकर भाव सभी कुछ अच्छे से अच्छे होना ही सिखाती है। है कोई ऐसा गुरू, जो हमें जीवन के प्रत्येक पक्ष में इतना अच्छा होना सिखा सके? उत्तर है केवल तथा केवल शब्द–गुरू, गुरू ग्रंथ साहिब जी ही इतने समर्थ है, जो हमें इतनी अगुवाई दे सकते हैं।

–0–

ਸਾਡੀ ਖੇਤੀ

# ਤੁੜਾਈ ਉਪਰੰਤ ਨਾਸ਼ਪਾਤੀ ਦੀ ਸਾਂਭ ਸੰਭਾਲ



**-ਬੀ.ਵੀ.ਸੀ. ਮਹਾਜਨ, ਨਵਪ੍ਰੇਮ ਸਿੰਘ ਅਤੇ ਸਰਵੇਪ੍ਰਿਆ ਸਿੰਘ**

ਨਾਸ਼ਪਾਤੀ ਦੇ ਬਾਗ਼ ਮੁੱਖ ਤੌਰ 'ਤੇ ਪੰਜਾਬ ਦੇ ਕੇਂਦਰੀ ਇਲਾਕਿਆਂ ਵਿਚ ਲਗਾਏ ਜਾਂਦੇ ਹਨ, ਜਿਨ੍ਹਾਂ ਵਿਚ ਅੰਮ੍ਰਿਤਸਰ, ਤਰਨ ਤਾਰਨ, ਕਪੂਰਥਲਾ, ਜਲੰਧਰ, ਲੁਧਿਆਣਾ, ਗੁਰਦਾਸਪੁਰ ਤੇ ਪਟਿਆਲਾ ਆਦਿ ਜ਼ਿਲ੍ਹੇ ਸ਼ਾਮਿਲ ਹਨ। ਇਸ ਦੇ ਫਲਾਂ ਵਿਚ ਪ੍ਰਤੀ 100 ਗ੍ਰਾਮ ਗੁੱਦੇ ਵਿਚ 0.69 ਫ਼ੀਸਦੀ ਪ੍ਰੋਟੀਨ, 0.06 ਮਿਲੀਗ੍ਰਾਮ ਵਿਟਾਮਿਨ ਏ, 0.03 ਮਿਲੀਗ੍ਰਾਮ ਵਿਟਾਮਿਨ ਸੀ ਅਤੇ ਧਾਤਾਂ ਜਿਵੇਂ ਕਿ ਕੈਲਸ਼ੀਅਮ (8 ਮਿਲੀਗ੍ਰਾਮ), ਫ਼ਾਸਫੋਰਸ (15 ਮਿਲੀਗ੍ਰਾਮ) ਆਦਿ ਪਾਏ ਜਾਂਦੇ ਹਨ।

ਫਲਾਂ ਦਾ ਬਹੁਤ ਸਾਰਾ ਨੁਕਸਾਨ ਉਨ੍ਹਾਂ ਦੀ ਤੁੜਾਈ ਤੋਂ ਲੈ ਕੇ ਮੰਡੀਕਰਨ ਤੱਕ ਅਤੇ ਸੀਤ ਭੰਡਾਰਨ ਵਿਚ ਲਗਭਗ 20-25 ਫ਼ੀਸਦੀ ਫਲ ਖ਼ਰਾਬ ਹੋ ਜਾਂਦੇ ਹਨ। ਜੇਕਰ ਅਸੀਂ ਨਾਸ਼ਪਾਤੀ ਦੀ ਗੱਲ ਕਰੀਏ ਤਾਂ ਇਸ ਵਿਚ ਵੀ ਫਲ ਖ਼ਰਾਬ ਹੋਣ ਦੇ ਆਸਾਰ ਰਹਿੰਦੇ ਹਨ। ਸੋ ਇਨ੍ਹਾਂ ਦੀ ਸਹੀ ਤਰ੍ਹਾਂ ਨਾਲ ਸਾਂਭ-ਸੰਭਾਲ ਸਾਨੂੰ ਸਹੀ ਮੁਨਾਫ਼ਾ ਅਤੇ ਗੁਣਵੱਤਾ ਵਾਲਾ ਫਲ ਦੇ ਸਕਦੀ ਹੈ। ਇਸ ਦੀ ਸੁਚੱਜੀ ਸਾਂਭ-ਸੰਭਾਲ ਬਾਰੇ ਹੇਠ ਲਿਖੇ ਅਨੁਸਾਰ ਕਰਨ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ:

**ਤੁੜਾਈ ਉਪਰੰਤ ਸਾਂਭ-ਸੰਭਾਲ :** ਨਾਸ਼ਪਾਤੀ ਦੇ ਫਲਾਂ ਨੂੰ ਹਮੇਸ਼ਾ ਸਹੀ ਰੰਗ, ਆਕਾਰ ਅਤੇ ਦਿਖ ਆਉਣ 'ਤੇ ਹੀ ਤੋੜਨਾ ਚਾਹੀਦਾ ਹੈ। ਜਦ ਨਾਸ਼ਪਾਤੀ ਦਾ ਫਲ ਪੱਕ ਜਾਂਦਾ ਹੈ ਤਾਂ ਇਸ ਦਾ ਰੰਗ ਗੂੜ੍ਹੇ ਹਰੇ ਤੋਂ ਦਰਮਿਆਨਾ ਹਰਾ ਹੋ ਜਾਂਦਾ ਹੈ। ਉਸ ਸਮੇਂ ਦੌਰਾਨ ਫਲ ਵਿਚ ਮਿਠਾਸ 10-11 ਫ਼ੀਸਦੀ ਤੱਕ ਹੁੰਦੀ ਹੈ।

ਫਲ ਤੋੜਨ ਸਮੇਂ, ਉਸ ਨੂੰ ਛੋਟੀਆਂ ਪਲਾਸਟਿਕ ਦੀਆਂ ਬਾਲਟੀਆਂ ਜਾਂ ਬਾਂਸ /ਤੂਤ ਦੀਆਂ ਟੋਕਰੀਆਂ ਵਿਚ ਰੱਖਿਆ ਜਾਂਦਾ ਹੈ, ਜਿਨ੍ਹਾਂ ਵਿਚ ਅਖ਼ਬਾਰ ਜਾਂ ਪੱਲੀਆਂ/ਬੋਰੀਆਂ ਨੂੰ ਵਿਛਾ ਲੈਣਾ ਚਾਹੀਦਾ ਹੈ, ਤਾਂ ਜੋ ਫਲ ਦੀ ਬਾਹਰਲੀ ਛਿੱਲ ਨੂੰ ਖਰੋਚਾਂ ਜਾਂ ਚੋਬਾਂ ਤੋਂ ਬਚਾਇਆ ਜਾ ਸਕੇ। ਇਸ ਤੋਂ ਬਾਅਦ ਇਸ ਨੂੰ ਛਾਂ ਹੇਠ ਹਵਾਦਾਰ ਜਾਂ ਸ਼ੈੱਡ ਵਿਚ ਢੇਰੀ ਲਗਾ ਲੈਣੀ ਚਾਹੀਦੀ ਹੈ, ਤਾਂ ਜੋ ਇਸ ਦੀ ਦਰਜਾਬੰਦੀ ਕੀਤੀ ਜਾ ਸਕੇ।

**ਦਰਜਾਬੰਦੀ :** ਫਲਾਂ ਦੀ ਡੱਬਾਬੰਦੀ ਕਰਨ ਸਮੇਂ ਇਨ੍ਹਾਂ ਨੂੰ ਛਾਂਟ ਲਿਆ ਜਾਂਦਾ ਹੈ। ਦਾਗੀ, ਪੰਛੀਆਂ ਦੁਆਰਾ ਅਤੇ ਬਿਮਾਰੀ ਤੇ ਕੀੜੇ-ਮਕੌੜੇ ਨਾਲ ਖ਼ਰਾਬ ਫਲ ਨੂੰ ਵੀ ਛਾਂਟੀ ਕਰ ਲੈਣਾ ਚਾਹੀਦਾ ਹੈ। ਫਲਾਂ ਦੀ ਵੱਖ-ਵੱਖ ਆਕਾਰ ਦੇ ਹਿਸਾਬ ਨਾਲ ਡੱਬਾਬੰਦੀ ਕਰੋ। ਇਸ ਦੇ ਬਾਅਦ ਫਲਾਂ ਦੀ ਪੈਕਿੰਗ ਕੀਤੀ ਜਾਂਦੀ ਹੈ, ਤਾਂ ਜੋ ਉਨ੍ਹਾਂ ਦਾ ਮੰਡੀਕਰਨ ਕੀਤਾ ਜਾ ਸਕੇ ਅਤੇ ਵੱਧ ਮੁਨਾਫ਼ਾ ਕਮਾਇਆ ਜਾ ਸਕੇ।

**ਪੈਕਿੰਗ/ਡੱਬਾਬੰਦੀ :** ਫਲਾਂ ਦੀ ਗਰੇਡਿੰਗ ਕਰਨ ਤੋਂ ਬਾਅਦ ਪੈਕਿੰਗ ਕੀਤੀ ਜਾਂਦੀ ਹੈ, ਤਾਂ ਜੋ ਦੂਰ-ਦੁਰਾਡੇ ਇਲਾਕਿਆਂ ਦੀਆਂ ਮੰਡੀਆਂ ਵਿਚ ਮੰਡੀਕਰਨ ਕਰ ਸਕੀਏ। ਫਲਾਂ ਨੂੰ ਪਲਾਸਟਿਕ ਦੇ ਕਰੇਟਾਂ ਜਾਂ ਗੱਤੇ ਦੇ ਡੱਬਿਆਂ ਵਿਚ ਪੈਕ ਕੀਤਾ ਜਾਂਦਾ ਹੈ, ਤਾਂ ਜੋ ਫਲਾਂ ਦਾ ਘੱਟ ਨੁਕਸਾਨ ਹੋਵੇ ਅਤੇ ਚੋਖਾ ਮੁਨਾਫ਼ਾ ਕਮਾਇਆ ਜਾ ਸਕੇ। ਅਕਸਰ ਵੇਖਣ ਨੂੰ ਮਿਲਦਾ ਹੈ ਕਿ ਕੁਝ ਬਾਗ਼ਬਾਨ ਫਲਾਂ ਨੂੰ ਬੋਰੀਆਂ ਵਿਚ ਭਰ ਕੇ ਮੰਡੀ ਭੇਜ ਦਿੰਦੇ ਹਨ, ਜਿਸ ਨਾਲ ਫਲ ਦਾਗ਼ੀ ਹੋ ਜਾਂਦਾ ਹੈ ਤੇ ਉਸ ਦਾ ਮੰਡੀ ਵਿਚ ਭਾਅ ਘੱਟ ਮਿਲਦਾ ਹੈ। ਇਸ ਲਈ ਬਾਗ਼ਬਾਨ ਵੀਰਾਂ ਨੂੰ ਸਿਫਾਰਸ਼ ਕੀਤੀ ਜਾਂਦੀ ਹੈ ਕਿ ਨਾਸ਼ਪਾਤੀ ਨੂੰ ਗੱਤੇ ਦੇ ਡੱਬੇ ਵਿਚ ਪੈਕ ਕਰਕੇ ਮੰਡੀਕਰਨ ਕੀਤਾ ਜਾਵੇ । ਨਾਸ਼ਪਾਤੀ ਨੂੰ 2 ਕਿਲੋ (340 ਐਮ ਐਮ= 220 ਐਮ ਐਮ = 100 ਐਮ ਐਮ), 4 ਕਿਲੋ (340 ਐਮ ਐਮ = 220 ਐਮ ਐਮ = 140 ਐਮ ਐਮ) ਅਤੇ 10 ਕਿਲੋ (450 ਐਮ ਐਮ = 240 ਐਮ ਐਮ = 210 ਐਮ ਐਮ) ਦੇ ਗੱਤੇ ਦੇ ਡੱਬਿਆਂ (3-5 ਪਲਾਈ) ਵਿਚ ਪੈਕ ਕਰ ਕੇ ਉਨ੍ਹਾਂ ਨੂੰ ਖਰਾਬ ਹੋਣ ਤੋਂ ਬਚਾਉਣ ਦੇ ਨਾਲ-ਨਾਲ ਚੰਗਾ ਮੰਡੀਕਰਨ ਕਰ ਕੇ ਵਧੇਰੇ ਮੁਨਾਫ਼ਾ ਕਮਾਇਆ ਜਾ ਸਕਦਾ ਹੈ।

**ਫਲ ਨੂੰ ਪਕਾਉਣਾ :** ਪੱਥਰਨਾਖ ਕਿਸਮ ਦੇ ਫਲਾਂ ਨੂੰ 0 ਡਿਗਰੀ ਸੈਂਟੀਗ੍ਰੇਡ ਤੇ ਤਿੰਨ ਦਿਨਾਂ ਲਈ ਠੰਢਾ ਕਰਨ ਤੋਂ ਬਾਅਦ ਤਿੰਨ ਦਿਨਾਂ ਲਈ 20 ਡਿਗਰੀ ਸੈਂਟੀਗ੍ਰੇਡ ਰੱਖਣ ਨਾਲ ਫਲਾਂ ਦੀ ਪਕਾਈ ਅਤੇ ਗੁਣਵੱਤਾ ਵਧਾਈ ਜਾ ਸਕਦੀ ਹੈ। ਨਾਖਾਂ ਦੇ ਫਲਾਂ ਨੂੰ ਢੁਕਵੀਂ ਪਕਾਈ ਅਤੇ ਚੰਗੀ ਕੁਆਲਿਟੀ ਲਈ ਇਨ੍ਹਾਂ ਨੂੰ 1000 ਪੀ.ਪੀ.ਐਮ ਇਥੀਫੋਨ (2.5 ਮਿ.ਲੀ ਪ੍ਰਤੀ ਲੀਟਰ ਪਾਣੀ) ਦੇ ਘੋਲ ਵਿਚ 3 ਤੋਂ 4 ਮਿੰਟਾਂ ਲਈ ਡੋਬੋ ਜਾਂ 24 ਘੰਟੇ ਲਈ 100 ਪੀ.ਪੀ.ਐਮ ਇਥੀਲੀਨ ਗੈਸ ਦੇਵੋ ਅਤੇ 20 ਡਿਗਰੀ ਸੈਂਟੀਗ੍ਰੇਡ 'ਤੇ ਸਟੋਰ ਕਰੋ। ਇਸ ਵਿਧੀ ਰਾਹੀਂ ਪੱਥਰਨਾਖ ਦੇ ਫਲ 8 ਦਿਨਾਂ ਵਿਚ ਪੱਕ ਜਾਂਦੇ ਹਨ।

ਫਲਾਂ ਨੂੰ ਸੀਤ ਭੰਡਾਰਨ ਕਰਨਾ : ਫਲਾਂ ਨੂੰ ਲੰਬੇ ਸਮੇਂ ਲਈ ਸੀਤ ਭੰਡਾਰਨ ਕਰਨ ਲਈ ਸਹੀ ਤਾਪਮਾਨ ਅਤੇ ਨਮੀ ਰੱਖਣੀ ਬਹੁਤ ਜ਼ਰੂਰੀ ਹੈ, ਤਾਂ ਜੋ ਇਸ ਦੀ ਗੁਣਵੱਤਾ ਨੂੰ ਬਰਕਰਾਰ ਰੱਖਿਆ ਜਾ ਸਕੇ। ਇਸੇ ਤਰ੍ਹਾਂ ਪੱਥਰਨਾਖ ਦੇ ਫਲਾਂ ਨੂੰ 0-1 ਡਿਗਰੀ ਸੈਂਟੀਗ੍ਰੇਡ ਤਾਪਮਾਨ ਅਤੇ 90-95 ਫ਼ੀਸਦੀ ਨਮੀ ਵਿਚ ਸਟੋਰ ਕਰਕੇ ਦੋ ਮਹੀਨੇ ਲਈ ਸੁਰੱਖਿਅਤ ਰੱਖਿਆ ਜਾ ਸਕਦਾ ਹੈ।

ਨਾਸ਼ਪਾਤੀ ਦੀ ਕਾਸ਼ਤ ਕਰਨ ਵਾਲੇ ਬਾਗ਼ਬਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਪਰੋਕਤ ਗੱਲਾਂ ਨੂੰ ਧਿਆਨ ਵਿਚ ਰੱਖਦੇ ਹੋਏ ਇਸ ਫਲ ਦੀ ਸਾਂਭ-ਸੰਭਾਲ ਕਰੀਏ ਤੇ ਮੁਨਾਫਾ ਕਮਾਈਏ। ਵਧੇਰੇ ਜਾਣਕਾਰੀ ਲਈ ਪੰਜਾਬ ਹਾਰਟੀਕਲਚਰਲ ਪੋਸਟਹਾਰਵੈਸਟ ਟੈਕਨਾਲੋਜੀ ਸੈਂਟਰ (ਪੀ.ਐਚ.ਪੀ.ਟੀ.ਸੀ.), ਪੀ.ਏ.ਯੂ., ਲੁਧਿਆਣਾ ਅਤੇ ਨੇੜਲੇ ਕ੍ਰਿਸ਼ੀ ਵਿਗਿਆਨ ਕੇਂਦਰ, ਖੇਤਰੀ ਖੋਜ ਕੇਂਦਰ, ਫਲ ਵਿਭਾਗ, ਪੀ.ਏ.ਯੂ., ਲੁਧਿਆਣਾ ਅਤੇ ਬਾਗ਼ਬਾਨੀ ਵਿਭਾਗ (ਪੰਜਾਬ) ਨਾਲ ਸੰਪਰਕ ਕਰੋ।

-ਪੀ.ਏ.ਯੂ. ਲੁਧਿਆਣਾ

# ਰੁੱਖਾਂ ਦੀ ਰੁੱਤ ਆਈ

**-ਜਨਮੇਜਾ ਸਿੰਘ ਜੌਹਲ # 98159-45018**

ਬਰਸਾਤ ਦੇ ਸ਼ੁਰੂ ਹੁੰਦੇ ਹੀ, ਰੁੱਖ ਲਾਉਣ ਦੀ ਰੁੱਤ ਆ ਜਾਂਦੀ ਹੈ, ਪੰਜਾਬ ਦੇ ਵਤਾਵਰਨ ਨੂੰ ਬਚਾਉਣ ਲਈ ਜ਼ਰੂਰੀ ਹੋ ਗਿਆ ਹੈ ਕਿ ਹਰ ਪੰਜਾਬੀ ਇਕ ਰੁੱਖ ਲਾਵੇ, ਖੁਸ਼ੀ ਦੀ ਗੱਲ ਇਹ ਹੈ ਕਿ ਹੇਠ ਲਿਖੇ ਗੁਣਕਾਰੀ ਤੇ ਫਲਦਾਰ ਰੁੱਖ ਤੇ ਬੂਟੇ ਹਾਲੇ ਪੰਜਾਬ ਦੀਆਂ ਨਰਸਰੀਆਂ 'ਚੋਂ ਆਰਾਮ ਨਾਲ ਮਿਲ ਜਾਂਦੇ ਹਨ। ਤੁਸੀਂ ਆਪਣੀ ਪਸੰਦ ਦੇ ਪੌਦੇ ਚੁਣ ਕੇ ਲਾ ਸਕਦੇ ਹੋ। ਮੈਂ ਖੁਦ ਇਹ ਰੁੱਖ ਤੇ ਪੌਦੇ ਆਪਣੇ ਵਾਸਤੇ ਲਏ ਹਨ। ਜੇ ਜ਼ਿਆਦਾ ਥਾਂ 'ਤੇ ਲਾਉਣੇ ਹੋਣ ਤਾਂ, ਖਡੂਰ ਸਾਹਿਬ ਵਾਲੇ ਬਾਬਾ ਜੀ ਵੀ ਸੇਵਾ ਕਰ ਦਿੰਦੇ ਹਨ। ਮੇਰੇ ਵਲੋਂ ਇਕੱਠੇ ਕੀਤੇ ਰੁੱਖਾਂ ਦੇ ਨਾਂਅ ਹਨਬਿਲ, ਅਸ਼ੋਕ, ਮੌਲਸਰੀ, ਨਿੰਬੂ ਜਾਤੀ, ਸਟੀਵੀਆ, ਅੰਜੀਰ, ਫਾਲਸਾ, ਕਪੂਰ, ਖੈੜ, ਬਾਂਸ, ਕਰੌਂਦਾ, ਪਲਾਹ, ਢੇਊ, ਕਚਨਾਰ, ਕਟਹਲ, ਲਸੂੜਾ, ਬੋਹੜ, ਪਿੱਪਲ, ਨਿੰਮ, ਅਨਾਰ, ਦੇਸੀ ਬੇਰੀ, ਸ਼ਹਿਤੂਤ, ਹਰੜ, ਬਹੇੜਾ, ਜੰਡ, ਟਾਹਲੀ, ਕਿੱਕਰ ਦੇਸੀ, ਹੁੱਲੜ, ਧਰੇਕ, ਬਕੈਣ, ਪੁਤਰਨਜੀਵਾ, ਇਮਲੀ, ਝਿਰਮਿਲ, ਸੁਖਚੈਨ, ਢੱਕ, ਪਹਾੜੀ ਕਿੱਕਰ, ਚੱਕਰਾਸੀਆਂ, ਆਂਵਲਾ, ਅਰਜਨ, ਸਾਗਵਾਨ, ਕੜੀ ਪੱਤਾ, ਸੁਹੰਜਣਾ, ਰੀਠ, ਤੁਣ, ਕੁਸਮ, ਚੰਦਨ, ਕਨਕ ਚੰਪਾ, ਚਾਂਦਨੀ, ਸਾਉਣੀ, ਮਰੂਆ, ਹਾਰ-ਸ਼ਿੰਗਾਰ, ਰਾਤ ਦੀ ਰਾਣੀ, ਜਟਰੋਫਾ, ਕਨੇਰ, ਹਬਿਸਕਸ, ਰੀਠਾ, ਅੰਬ, ਜਾਮਣ, ਅਮਰੂਦ, ਆੜੂ, ਅਮਲਤਾਸ, ਇੰਸੂਲਿਨ, ਅਜਵੈਣ, ਜੰਡ, ਗੁਲੜ, ਸਟਾਰਫਰੂਟ, ਪੁੱਤਰਜੀਵਾ, ਪਹਾੜੀ ਕਿੱਕਰ, ਚਕਰੋਸੀਆ, ਚਾਂਦਨੀ, ਮਰੂਆ, ਕਨੇਰ, ਕਚਨਾਰ, ਸਾਗਵਾਨ, ਕੜੀ ਪੱਤਾ, ਸਰੀਂਹ, ਬਾਂਸ, ਮਹਿੰਦੀ ਆਦਿ। ਹੋਰ ਵੀ ਲੱਭ ਰਿਹਾ ਹਾਂ। ਆਓ, ਪੰਜਾਬ ਨੂੰ ਹਰਾ ਭਰਾ ਕਰੀਏ।

-0-

ਸਿਹਤ ਸੰਭਾਲ

# ਕਿਵੇਂ ਹੋਵੇ ਬੱਚੇ ਦਾ ਸਹੀ ਸਰੀਰਕ ਵਿਕਾਸ?

**-ਅਲਕਾ ਅਮੀਸ਼ ਚੌਧਰੀ**

ਸ਼ਿਲਪਾ ਨੂੰ ਆਪਣਾ ਕੱਦ ਛੋਟਾ ਹੋਣ ਦਾ ਦੁੱਖ ਉਦੋਂ ਹੋਇਆ ਜਦੋਂ ਉਸ ਦੀ ਚੋਣ ਬਹੁਤ ਚੰਗੀ ਕੰਪਨੀ ਵਿਚ ਹੋਣ ਤੋਂ ਰੁਕ ਗਈ ਅਤੇ ਕੱਦ ਛੋਟਾ ਹੋਣ ਦੀ ਵਜ੍ਹਾ ਨਾਲ ਉਸ ਦੀ ਉੱਚ ਪੱਧਰ ਦੀ ਪੜ੍ਹਾਈ, ਡਿਗਰੀ, ਸੁੰਦਰਤਾ ਸਭ ਇਕ ਪਾਸੇ ਧਰੀ ਰਹਿ ਗਈ। ਉਸ ਨੂੰ ਆਪਣਾ ਭਵਿੱਖ ਹਨੇਰੇ ਵਿਚ ਲਟਕਦਾ ਨਜ਼ਰ ਆ ਰਿਹਾ ਸੀ। ਉਹ ਮਨ ਵਿਚ ਸੋਚ ਰਹੀ ਸੀ ਕਿ ਕਾਸ਼ ਮੈਂ ਲੰਬੀ ਹੁੰਦੀ ਤੇ ਅੱਜ ਏਨੀ ਚੰਗੀ ਨੌਕਰੀ ਮੇਰੇ ਹੱਥੋਂ ਨਾ ਜਾਂਦੀ।

ਸੋ, ਦੇਖਿਆ ਤੁਸੀਂ। ਕੱਦ ਲੰਬਾ ਨਾ ਹੋਵੇ ਤਾਂ ਕਿਵੇਂ-ਕਿਵੇਂ ਦੀਆਂ ਸਮੱਸਿਆਵਾਂ ਆਉਂਦੀਆਂ ਹਨ। ਇਥੋਂ ਤੱਕ ਕਿ ਚੰਗੇ-ਚੰਗੇ ਰਿਸ਼ਤੇ ਤੱਕ ਹੱਥ ’ਚੋਂ ਨਿਕਲ ਜਾਂਦੇ ਹਨ। ਆਓ, ਅਸੀਂ ਜਾਣਦੇ ਹਾਂ ਕੱਦ ਨਾ ਵਧਣ ਦੇ ਕੁਝ ਖਾਸ ਕਾਰਨ।

ਕਈ ਵਾਰ ਦੇਖਿਆ ਗਿਆ ਹੈ ਕਿ ਜਿਸ ਦੇ ਮਾਂ-ਬਾਪ ਛੋਟੇ ਹੁੰਦੇ ਹਨ, ਉਨ੍ਹਾਂ ਦੇ ਬੱਚਿਆਂ ਦਾ ਵੀ ਕੱਦ ਲਗਭਗ ਛੋਟਾ ਹੀ ਹੁੰਦਾ ਹੈ, ਪਰ ਕੱਦ ਛੋਟਾ ਹੋਣ ਦੇ ਕਈ ਹੋਰ ਕਾਰਨ ਵੀ ਹਨ ਜੋ ਸਰੀਰਕ ਵਿਕਾਸ ਵਿਚ ਰੁਕਾਵਟ ਬਣਦੇ ਹਨ।

**ਬੱਚਿਆਂ ਦੀ ਬੱਗੀ ਜਾਂ ਗੱਡੀਆਂ :** ਪੱਛਮੀ ਸੱਭਿਅਤਾ ਦੇ ਕਾਰਨ ਅਮੀਰ ਤੇ ਪੜ੍ਹੇ-ਲਿਖੇ ਪਰਿਵਾਰਾਂ ਦੇ ਬੱਚਿਆਂ ਵਿਚ ਗੱਡੀਆਂ ਵਿਚ ਜਾਣ ਦਾ ਰਿਵਾਜ ਬਹੁਤ ਵਧ ਗਿਆ ਹੈ। ਉਨ੍ਹਾਂ ਨੂੰ ਜਿਵੇਂ ਵੀ ਸਸਤੀ, ਛੋਟੀ, ਘਟੀਆ ਗੱਡੀ ਮਿਲੇ, ਉਹ ਲੈ ਆਉਂਦੇ ਹਨ। ਇਸ ਨਾਲ ਬੱਚਿਆਂ ਦਾ ਵਿਕਾਸ ਨਹੀਂ ਹੁੰਦਾ। ਬੱਚਾ ਠੀਕ ਤਰ੍ਹਾਂ ਨਾਲ ਹੱਥ-ਪੈਰ ਚਲਾ ਨਹੀਂ ਸਕਦਾ। ਉਸ ਦੇ ਪੈਰ ਸੁੰਗੜੇ ਰਹਿੰਦੇ ਹਨ। ਬੱਚੇ ਦੀ ਗੱਡੀ ਉਸ ਦੇ ਕੱਦ ਤੋਂ 8-10 ਇੰਚ ਵੱਡੀ ਹੋਵੇ। ਸਮੇਂ-ਸਮੇਂ 'ਤੇ ਬੱਚਿਆਂ ਦੇ ਵਾਧੇ ਅਨੁਸਾਰ ਗੱਡੀ ਵੱਡੀ ਖਰੀਦੋ। ਸਭ ਤੋਂ ਸੌਖਾ ਤੇ ਸਸਤਾ ਤਰੀਕਾ ਹੈ ਕਿ ਬੱਚਿਆਂ ਨੂੰ ਖੁੱਲ੍ਹੇ ਵਿਚ ਘੁਮਾਓ।

**ਮੰਜਾ ਜਾਂ ਪਲੰਗ :** ਇਹ ਗੱਲ ਤਾਂ ਸੌ ਫੀਸਦੀ ਸਹੀ ਹੈ ਕਿ ਛੋਟੇ ਮੰਜੇ-ਪਲੰਗ 'ਤੇ ਮਾਂ-ਬੱਚੇ ਦਾ ਨਾਲ ਚੁੰਬੜ ਕੇ ਸੌਣਾ, ਘੱਟ ਜਗ੍ਹਾ 'ਤੇ ਸਾਰੇ ਭੈਣ-ਭਰਾ ਤੇ ਪਰਿਵਾਰ ਵਾਲਿਆਂ ਦਾ ਇਕੱਠੇ ਸੌਣਾ, ਇਕ-ਦੂਜੇ ਦੇ ਉੱਪਰ ਪੈਰ ਰੱਖ ਕੇ ਸੌਣਾ, ਗੋਡੇ ਮੋੜ ਕੇ ਸੌਣਾ ਆਦਿ ਕਈ ਕਾਰਨ ਹਨ ਜੋ ਵਿਕਾਸ ਵਿਚ ਰੁਕਾਵਟ ਬਣਦੇ ਹਨ। ਇਸ ਨਾਲ ਠੀਕ ਤਰ੍ਹਾਂ ਸਰੀਰ ਦਾ ਵਿਕਾਸ ਨਹੀਂ ਹੋ ਪਾਉਂਦਾ।

ਚਾਹੀਦਾ ਇਹ ਹੈ ਕਿ ਜੇਕਰ ਥਾਂ ਘੱਟ ਹੈ ਤਾਂ ਫਰਸ਼ 'ਤੇ ਖੁੱਲ੍ਹੇ ਹੋ ਕੇ ਠੀਕ ਤਰ੍ਹਾਂ ਲੱਤਾਂ ਫੈਲਾਅ ਕੇ ਸਾਵੋ। ਇਹੀ ਕਾਰਨ ਹੈ ਕਿ ਪੱਛਮ ਦੇ ਲੋਕਾਂ ਦੀ ਤੁਲਨਾ ਵਿਚ ਸਾਡੇ ਦੇਸ਼ ਦੇ ਲੋਕ ਛੋਟੇ ਹੁੰਦੇ ਹਨ। ਇਥੇ ਛੋਟੀਆਂ-ਛੋਟੀਆਂ ਭੁੱਲਾਂ 90 ਫੀਸਦੀ ਮਾਤਾ-ਪਿਤਾ ਕਰਦੇ ਹਨ। ਸਾਨੂੰ ਬਿਲਕੁਲ ਛੋਟੇ ਬੱਚਿਆਂ ਨੂੰ ਆਪਣੇ ਨੇੜੇ ਵੱਖਰੇ ਮੰਜੇ 'ਤੇ ਸਵਾਉਣਾ ਚਾਹੀਦਾ ਹੈ। ਫਿਰ ਦੇਖੋ ਤੁਹਾਡਾ ਬੱਚਾ ਕਿੰਨੀ ਤੇਜ਼ੀ ਨਾਲ ਵਧਦਾ ਹੈ।

**ਤੰਗ ਕੱਪੜੇ :** ਤੰਗ ਕੱਪੜੇ ਵੀ ਸਰੀਰ ਦੇ ਸਮੁੱਚੇ ਅੰਗਾਂ ਦਾ ਵਿਕਾਸ ਹੋਣ ਵਿਚ ਰੁਕਾਵਟ ਬਣ ਸਕਦੇ ਹਨ। ਤਕਰੀਬਨ 24 ਸਾਲ ਤੱਕ ਮੁੰਡਿਆਂ ਦਾ ਤੇ 20 ਸਾਲ ਤੱਕ ਕੁੜੀਆਂ ਦਾ ਸਰੀਰਕ ਵਿਕਾਸ ਹੁੰਦਾ ਹੈ। ਇਸ ਦੇ ਬਾਅਦ ਭਾਵੇਂ ਹੀ ਤੰਗ ਕੱਪੜੇ ਪਾਓ। ਢਿੱਲੇ ਕੱਪੜੇ ਅਰਾਮਦਾਇਕ ਹੁੰਦੇ ਹਨ ਤੇ ਕਿਉਂ ਨਾ ਉਨ੍ਹਾਂ ਨੂੰ ਹੀ ਪਾਇਆ ਜਾਵੇ।

**ਧੁੱਪ ਅਤੇ ਸ਼ੁੱਧ ਹਵਾ :** ਮਨੁੱਖ ਦੇ ਸਰੀਰਕ ਵਿਕਾਸ ਵਿਚ ਧੁੱਪ ਅਤੇ ਸ਼ੁੱਧ ਹਵਾ ਬਹੁਤ ਜ਼ਰੂਰੀ ਹੈ। ਚਾਹੀਦਾ ਇਹ ਹੈ ਕਿ ਆਪਣੇ ਬੱਚਿਆਂ ਨੂੰ ਘੱਟ ਤੋਂ ਘੱਟ ਗੋਦੀ ਵਿਚ ਲਓ। ਗੋਦੀ ਵਿਚ ਲੈਣ ਨਾਲ ਰੀੜ੍ਹ ਦੀ ਹੱਡੀ ਟੇਢੀ ਹੋਣ ਦਾ ਡਰ ਰਹਿੰਦਾ ਹੈ। ਬੱਚਿਆਂ ਨੂੰ ਸਮੇਂ ਅਨੁਸਾਰ ਧੁੱਪ ਤੇ ਖੁੱਲ੍ਹੀ ਹਵਾ ਵਿਚ ਛੱਡੋ ਤਾਂ ਕਿ ਉਹ ਹੱਥ-ਪੈਰ ਹਿਲਾ-ਹਿਲਾ ਕੇ ਆਪਣਾ ਵਿਕਾਸ ਕਰਨ।

**ਭੁੱਖ ਦੇ ਨਾਲ-ਨਾਲ ਰੋਣਾ ਵੀ ਜ਼ਰੂਰੀ :** ਬੱਚਾ ਰੋਣ 'ਤੇ ਹੱਥ-ਪੈਰ ਜ਼ੋਰ-ਜ਼ੋਰ ਨਾਲ ਮਾਰਦਾ ਹੈ। ਇਸ ਨਾਲ ਉਸ ਦੇ ਅੰਗ ਵਿਕਸਿਤ ਹੁੰਦੇ ਹਨ ਤੇ ਫੇਫੜੇ ਅਤੇ ਬਾਕੀ ਅੰਗਾਂ 'ਤੇ ਵੀ ਪੂਰਾ ਜ਼ੋਰ ਪੈਂਦਾ ਹੈ। ਕਿਰਿਆਸ਼ੀਲਤਾ ਵਿਚ ਵਾਧਾ ਹੁੰਦਾ ਹੈ ਤੇ ਆਵਾਜ਼ ਸਪੱਸ਼ਟ, ਮਿੱਠੀ ਤੇ ਪ੍ਰਭਾਵਸ਼ਾਲੀ ਬਣਦੀ ਹੈ। ਜੋ ਬੱਚੇ ਖੁੱਲ੍ਹ ਕੇ ਰੋ ਨਹੀਂ ਪਾਉਂਦੇ, ਉਨ੍ਹਾਂ ➡

## ਆਓ ਨਿੰਮ ਵੱਲ ਪਰਤੀਏ

**-ਡਾ. ਮਾਜਿਦ ਅਲੀਮ**



ਨਿੰਮ ਦਾ ਦਰੱਖਤ ਸਾਡੀ ਸਿਹਤ ਲਈ ਕਿੰਨਾ ਫਾਇਦੇਮੰਦ ਹੈ। ਇਸ ਕੋਰੋਨਾ ਮਹਾਂਮਾਰੀ ਦੇ ਸਮੇਂ ਵਿਚ ਨਿੰਮ ਦਾ ਮਹੱਤਵ ਨਵੇਂ ਸਿਰੇ ਤੋਂ ਇਮਿਊਨ ਸਿਸਟਮ ਬੂਸਟਰ (ਪਾਚਣ ਤੰਤਰ ਦੀ ਮਜ਼ਬੂਤੀ) ਦੇ ਰੂਪ ਵਿਚ ਸਾਹਮਣੇ ਆਇਆ ਹੈ। ਨਿੰਮ ਦੀ ਵਰਤੋਂ ਸਾਡੇ ਸਰੀਰ ਦੀ ਹਰ ਸਮੱਸਿਆ ਦਾ ਹੱਲ ਹੈ। ਨਿੰਮ ਜਿਥੇ ਸਾਨੂੰ ਬਹੁਤ ਸਾਰੀਆਂ ਬਿਮਾਰੀਆਂ ਤੋਂ ਮੁਕਤੀ ਦਿਵਾਉਂਦੀ ਹੈ, ਉਥੇ ਸਾਡੀ ਸੁੰਦਰਤਾ ਵਿਚ ਵੀ ਵਾਧਾ ਕਰਦੀ ਹੈ। ਚਾਹੇ ਕਿੱਲ-ਮੁਹਾਸਿਆਂ ਦੀ ਸਮੱਸਿਆ ਹੋਵੇ, ਚਾਹੇ ਵਾਲਾਂ ਵਿਚ ਸਿੱਕਰੀ ਦੀ ਸਮੱਸਿਆ ਹੋਵੇ, ਇਹ ਸਾਨੂੰ ਹਰ ਸਮੱਸਿਆ ਤੋਂ ਬਚਾਉਂਦੀ ਹੈ। ਨਿੰਮ ਵਿਚ ਐਂਟੀਬੈਕਟੀਰੀਅਲ ਗੁਣ ਹੁੰਦੇ ਹਨ, ਇਸ ਕਾਰਨ ਇਹ ਬਹੁਤ ਸਾਰੇ ਹਵਾ ਵਿਚ ਫੈਲੇ ਬੈਕਟੀਰੀਆ, ਵਾਇਰਸਾਂ ਨੂੰ ਵੀ ਖ਼ਤਮ ਕਰਨ ਵਿਚ ਮਦਦਗਾਰ ਹੈ। ਨਿੰਮ ਚਮੜੀ ਲਈ ਵੀ ਬਹੁਤ ਗੁਣਕਾਰੀ ਹੈ। ਕਿਸੇ ਵੀ ਤਰ੍ਹਾਂ ਦੀ ਚਮੜੀ ਸਬੰਧੀ ਸਮੱਸਿਆ ਵਿਚ ਨਿੰਮ ਬੜੀ ਕਾਰਗਰ ਹੈ। ਨਿੰਮ ਦੇ ਪੱਤਿਆਂ ਵਾਲੇ ਪਾਣੀ ਨਾਲ ਨਹਾਉਣ ਨਾਲ ਸਰੀਰ 'ਤੇ ਫੋੜੇ, ਫਿਨਸੀਆਂ ਅਤੇ ਕਿੱਲ ਮੁਹਾਸੇ ਨਹੀਂ ਹੁੰਦੇ। ਚਮੜੀ 'ਤੇ ਦਾਗ ਨਹੀਂ ਪੈਂਦੇ। ਚਮੜੀ ਵਿਚ ਹਮੇਸ਼ਾ ਇਕ ਚਮਕ ਦਿਖਾਈ ਦਿੰਦੀ ਹੈ। ਚੇਚਕ ਦੇ ਇਲਾਜ ਲਈ ਨਿੰਮ ਦਾ ਪੇਸਟ ਬੜਾ ਕਾਰਗਰ ਹੁੰਦਾ ਹੈ। ਜੇਕਰ ਕੋਈ ਚੇਚਕ ਨਾਲ ਪ੍ਰਭਾਵਿਤ ਹਿੱਸੇ 'ਤੇ ਸਿੱਧੀ ਨਿੰਮ ਦਾ ਪੇਸਟ ਲਗਾ ਦੇਵੇ ਤਾਂ ਉਸ ਨੂੰ ਤੁਰੰਤ ਫਾਇਦਾ ਮਿਲਦਾ ਹੈ। ਨਿੰਮ ਦੇ ਪਾਣੀ ਨਾਲ ਨਹਾਉਣ ਨਾਲ ਵੀ ਚੇਚਕ ਵਿਚ ਫਾਇਦਾ ਹੁੰਦਾ ਹੈ। ਜੇਕਰ ਪੈਰਾਂ ਵਿਚ ਫੰਗਸ (ਉੱਲੀ) ਲੱਗ ਗਈ ਹੈ ਤਾਂ ਨਿੰਮ ਦੇ ਪੱਤਿਆਂ ਵਾਲੇ ਪਾਣੀ ਵਿਚ ਕੁਝ ਦੇਰ ਪੈਰ ਡੁਬੋ ਕੇ ਰੱਖਣੇ ਚਾਹੀਦੇ ਹਨ ਅਤੇ ਨਿੰਮ ਦੇ ਪੱਤਿਆਂ ਵਾਲੇ ਪਾਣੀ ਨਾਲ ਨਹਾਉਣਾ ਚਾਹੀਦਾ ਹੈ। ਨਿੰਮ ਦੀ ਛਿੱਲ ਦਾ ਅਰਕ ਦਵਾਈ ਦੀ ਤਰ੍ਹਾਂ ਕੰਮ ਕਰਦਾ ਹੈ। ਨਿੰਮ ਦਾ ਐਂਟੀਅਲਸਰ ਗੁਣ ਅਲਸਰ ਤੋਂ ਬਚਾਅ ਦੀ ਭੂਮਿਕਾ ਵਿਚ ਮਦਦਗਾਰ ਹੁੰਦਾ ਹੈ। ਸਾਹ ਨਾਲ ਸਬੰਧਿਤ ਸਮੱਸਿਆਵਾਂ ਲਈ ਵੀ ਨਿੰਮ ਬਹੁਤ ਉਪਯੋਗੀ ਹੋ ਸਕਦੀ ਹੈ। ਇਸ ਵਿਚ ਉਹ ਸਾਰੇ ਗੁਣ ਜੋ ਫੇਫੜਿਆਂ ਨੂੰ ਪ੍ਰਭਾਵਿਤ ਕਰ ਸਕਦੇ ਹਨ, ਦਾ ਖਿਲਾਫ਼ ਚੰਗੇ ਪ੍ਰਭਾਵ ਮਿਲਦਾ ਹੈ।

ਸ਼ੂਗਰ ਲਈ ਨਿੰਮ ਦੇ ਫਾਇਦੇ : ਨਿੰਮ ਦੀ ਕੜਵਾਹਟ ਸ਼ੂਗਰ ਦੀ ਸਮੱਸਿਆ ਨੂੰ ਕਾਬੂ ਕਰਨ ਵਿਚ ਸਹਾਇਕ ਹੋ ਸਕਦੀ ਹੈ। ਨਿੰਮ ਬਲੱਡ ਸ਼ੂਗਰ ਘੱਟ ਹੋਣ ਦੀ ਪ੍ਰਕਿਰਿਆ ਨੂੰ ਕਾਬੂ ਕਰਨ ਵਿਚ ਕਾਫੀ ਲਾਭਦਾਇਕ ਹੋ ਸਕਦਾ ਹੈ। ਨਿੰਮ ਦੀ ਵਰਤੋਂ ਕੋਲੈਸਟ੍ਰੋਲ ਨੂੰ ਘੱਟ ਕਰਨ ਲਈ ਵਧੇਰੇ ਲਾਭਕਾਰੀ ਹੋ ਸਕਦੀ ਹੈ। ਨਿੰਮ ਦੇ ਪੱਤਿਆਂ ਦਾ ਅਰਕ (ਰਸ) ਖੂਨ ਵਿਚ ਕੋਲੈਸਟ੍ਰੋਲ ਦੀ ਮਾਤਰਾ ਨੂੰ ਘੱਟ ਕਰਨ ਵਿਚ ਮਦਦਗਾਰ ਹੁੰਦਾ ਹੈ।

-0-

# ਖਾਣੇ ਦਾ ਮਨ ਦੇ ਰੌਂਅ ਨਾਲ ਹੈ ਡੂੰਘਾ ਸਬੰਧ

**ਸੋਨੀ ਮਲਹੋਤਰਾ**

ਕੀ ਤੁਸੀਂ ਜਾਣਦੇ ਹੋ ਕਿ ਤੁਹਾਡਾ ਖਾਣਾ ਤੁਹਾਡੇ ਮਨ ਨੂੰ ਪ੍ਰਭਾਵਿਤ ਕਰਦਾ ਹੈ? ਜੀ ਹਾਂ, ਤੁਹਾਡਾ ਫੂਡ ਤੁਹਾਡੇ ਮੂਡ ਭਾਵ ਤੁਹਾਡਾ ਖਾਣਾ ਤੁਹਾਡੇ ਮਨ ਨੂੰ ਬਦਲ ਸਕਦਾ ਹੈ। ਜੋ ਖਾਣਾ ਤੁਸੀਂ ਖਾ ਰਹੇ ਹੋ, ਉਹ ਤੁਹਾਡੇ ਸਰੀਰ ਦੀ ਪਾਚਣ ਕਿਰਿਆ, ਦਿਮਾਗ ਅਤੇ ਤੁਹਾਡੀ ਮਾਨਸਿਕ ਤੰਦਰੁਸਤੀ ਨੂੰ ਪ੍ਰਭਾਵਿਤ ਕਰਦਾ ਹੈ।

ਕਦੀ ਤੁਹਾਡਾ ਮਨ ਚਾਕਲੇਟ ਖਾਣ ਨੂੰ ਕਰਦਾ ਹੈ, ਕਦੀ ਕੌਫੀ ਨੂੰ ਲਈ। ਕਦੀ ਤੁਸੀਂ ਜ਼ਿਆਦਾ ਖਾਣਾ ਖਾਣ ਦੇ ਬਾਅਦ ਨੀਂਦ ਦਾ ਅਨੁਭਵ ਕਰਦੇ ਹੋ ਭਾਵ ਸਾਡੇ ਭੋਜਨ ਅਤੇ ਮਨ ਦਾ ਡੂੰਘਾ ਸਬੰਧ ਹੈ। ਚਰਬੀ ਭਰਪੂਰ ਭੋਜਨ ਵੀ ਸਾਡੇ ਮਨ ਨੂੰ ਪ੍ਰਭਾਵਿਤ ਕਰਦਾ ਹੈ।



ਘੱਟ ਚਰਬੀ ਦੀ ਮਾਤਰਾ ਦੀ ਵਰਤੋਂ ਸਾਨੂੰ ਊਰਜਾ ਦਾ ਅਨੁਭਵ ਕਰਾਉਂਦੀ ਹੈ ਅਤੇ ਸਾਡਾ ਪੇਟ ਭਰਿਆ-ਭਰਿਆ ਰਹਿੰਦਾ ਹੈ, ਉਥੇ ਹੀ ਜ਼ਿਆਦਾ ਚਰਬੀ ਵਾਲਾ ਖਾਣਾ ਸਾਨੂੰ ਥਕਾਵਟ ਅਤੇ ਸੁਸਤੀ ਦਾ ਅਹਿਸਾਸ ਕਰਵਾਉਂਦਾ ਹੈ। ਇਹੀ ਨਹੀਂ, ਜੋ ਬੱਚੇ ਸਵੇਰੇ ਨਾਸ਼ਤਾ ਕਰਨ ਤੋਂ ਬਾਅਦ ਸਕੂਲ ਜਾਂਦੇ ਹਨ, ਉਹ ਉਨ੍ਹਾਂ ਬੱਚਿਆਂ ਦੇ ਮੁਕਾਬਲੇ ਜ਼ਿਆਦਾ ਊਰਜਾ ਭਰਪੂਰ ਹੁੰਦੇ ਹਨ ਜੋ ਨਾਸ਼ਤਾ ਨਹੀਂ ਕਰਦੇ।

ਮਾਹਿਰਾਂ ਅਨੁਸਾਰ ਸਾਡੇ ਦਿਮਾਗ ਦੀ ਕਾਰਜ ਪ੍ਰਣਾਲੀ ਨੂੰ ਵੀ ਖਾਣਾ ਹੀ ਪ੍ਰਭਾਵਿਤ ਕਰਦਾ ਹੈ। ਕਈ ਖੋਜਾਂ ਵਿਚ ਇਹ ਸਪੱਸ਼ਟ ਹੋਇਆ ਹੈ ਕਿ ਜੋ ਅਸੀਂ ਖਾਂਦੇ ਹਾਂ, ਉਸ ਨਾਲ ਅਸੀਂ ਕਿਸ ਤਰ੍ਹਾਂ ਦਾ ਮਹਿਸੂਸ ਕਰਦੇ ਹਾਂ, ਇਸ ਨਾਲ ਇਸ ਦਾ ਡੂੰਘਾ ਸਬੰਧ ਹੈ। ਇਸ ਖਾਣ-ਪੀਣ (ਫੂਡ) ਅਤੇ ਮਨ (ਮੂਡ) ਦਾ ਸਬੰਧ ਛੁਪਿਆ ਹੈ ਨਿਊਰੋਟਰਾਂਸ-ਮੀਟਰਜ਼ ਵਿਚ, ਜੋ ਸਾਡੀ ਸੋਚ ਅਤੇ ਕੰਮਕਾਜ 'ਤੇ ਪ੍ਰਭਾਵ ਪਾਉਂਦੇ ਹਨ। ਇਹ ਨਿਊਰੋਟਰਾਂਸਮੀਟਰਜ਼ ਹੈ ਡੋਪਾਮਾਈਨ, ਸੇਰੋਟੋਨਿਨ, ਨੋਰੀਪਾਈਨਫ੍ਰਾਈਨ ਹਨ, ਤਾਂ ਅਸੀਂ ਛੇਤੀ ਸੋਚਦੇ ਹਾਂ, ਫੁਰਤੀ ਨਾਲ ਕੰਮ ਕਰਦੇ ਹਾਂ ਤੇ ਸੁਚੇਤ ਮਹਿਸੂਸ ਕਰਦੇ ਹਾਂ ਅਤੇ ਜਦੋਂ ਸੇਰੋਟੋਨਿਨ ਪੈਦਾ ਹੁੰਦੇ ਹਨ ਤਾਂ ਅਸੀਂ ਘੱਟ ਤਣਾਅ ਮਹਿਸੂਸ ਕਰਦੇ ਹਾਂ।

ਐਂਡੋਰਫਿਨਸ ਨੂੰ ਵੀ ਚੰਗਾ ਟਰਾਂਸਮੀਟਰ ਮੰਨਿਆ ਜਾਂਦਾ ਹੈ ਅਤੇ ਇਸ ਦੇ ਪੱਧਰ ਨੂੰ ਪ੍ਰਭਾਵਿਤ ਕਰਦਾ ਹੈ ਚਰਬੀ ਦਾ ਪੱਧਰ। ਚਰਬੀ ਭਰਪੂਰ ਖਾਣਾ ਜਿਵੇਂ ਚਾਕਲੇਟ, ਤਲੀਆਂ ਹੋਈਆਂ ਚੀਜ਼ਾਂ ਦੀ ਵਰਤੋਂ ਐਂਡੋਰਫਿਰਨਸ ਦਾ ਪੱਧਰ ਵਧਾਉਂਦਾ ਹੈ। ਜਦ ਅਸੀਂ ਪ੍ਰੋਟੀਨ ਭਰਪੂਰ ਖਾਣ ਵਾਲੇ ਪਦਾਰਥਾਂ ਦੀ ਵਰਤੋਂ ਕਰਦੇ ਹਾਂ ਤਾਂ ਜ਼ਿਆਦਾ ਫੁਰਤੀ ਮਹਿਸੂਸ ਕਰਦੇ ਹਾਂ ਅਤੇ ਜਦੋਂ ਕਾਰਬੋਈਡ੍ਰੇਟ ਨਾਲ ਭਰਪੂਰ ਖਾਣ ਵਾਲੇ ਪਦਾਰਥਾਂ ਦੀ ਵਰਤੋਂ ਕਰਦੇ ਹਾਂ ਤਾਂ ਇਕ ਸ਼ਾਂਤੀ ਮਹਿਸੂਸ ਕਰਦੇ ਹਾਂ ਕਿਉਂਕਿ ਕਾਰਬੋਈਡ੍ਰੇਟ ਖੂਨ ਵਿਚ ਇੰਸੂਲਿਨ ਦੀ ਮਾਤਰਾ ਵਧਾਉਂਦੇ ਹਨ, ਜਿਸ ਨਾਲ ਅਮੀਨੋ ਐਸਿਡ ਟ੍ਰਾਇਟੋਫੇਨ ਨੂੰ ਸੇਰੋਟੋਨਿਨ ਵਿਚ ਬਦਲਣ 'ਚ ਮਦਦ ਮਿਲਦੀ ਹੈ, ਜਿਸ ਨਾਲ ਸਾਨੂੰ ਸੰਤੁਸ਼ਟੀ ਮਹਿਸੂਸ ਹੁੰਦੀ ਹੈ। ਜੇਕਰ ਤੁਸੀਂ ਆਪਣੇ ਖਾਣ-ਪੀਣ ਵਿਚ ਫੋਲਿਕ ਐਸਿਡ ਦੀ ਸਹੀ ਮਾਤਰਾ ਨਹੀਂ ਲੈ ਰਹੇ ਤਾਂ ਤੁਹਾਨੂੰ ਤਣਾਅ ਮਹਿਸੂਸ ਹੋਵੇਗਾ ਕਿਉਂਕਿ ਫੋਲਿਕ ਐਸਿਡ ਦੀ ਘਾਟ ਸੇਰੋਟੋਨਿਨ ਦੇ ਪੱਧਰ ਨੂੰ ਘੱਟ ਕਰਦੀ ਹੈ।

ਇਕ ਪ੍ਰਸਿੱਧ ਖੁਰਾਕ ਮਾਹਿਰ ਦੀ ਇਕ ਖੋਜ ਅਨੁਸਾਰ ਹਰ ਵਿਅਕਤੀ ਦਾ ਫੂਡ ਭਾਵ ਖਾਣ-ਪੀਣ ਅਤੇ ਮੂਡ ਭਾਵ ਮਨ ਅਲੱਗ-ਅਲੱਗ ਹੁੰਦਾ ਹੈ। ਇਸ ਸਬੰਧੀ ਜਾਣਨ ਦੇ ਲਈ ਤੁਸੀਂ ਰੋਜ਼ਾਨਾ ਧਿਆਨ ਦਿਓ ਕਿ ਕਿਸ ਫੂਡ ਭਾਵ ਖਾਣੇ ਨਾਲ ਤੁਹਾਡਾ ਮਨ (ਮੂਡ) ਖੁਸ਼ ਹੋਇਆ ਹੈ, ਕਿਸ ਨੂੰ ਖਾਣ ਤੋਂ ਬਾਅਦ ਤੁਸੀਂ ਸੁਸਤੀ ਮਹਿਸੂਸ ਕੀਤੀ। ਤੁਹਾਡੇ ਦਿਮਾਗ ਦੇ ਸਾਰੇ ਕੰਮਕਾਜ ਦੇ ਲਈ ਤੁਸੀਂ ਆਪਣੀ ਖੁਰਾਕ ਵਿਚ ਫਲੀਆਂ, ਦਾਲਾਂ, ਸੋਇਆਬੀਨ, ਬਦਾਮ, ਹਰੀਆਂ ਪੱਤੇਦਾਰ ਸਬਜ਼ੀਆਂ, ਫਲ, ਮੱਛੀ ਆਦਿ ਨੂੰ ਸ਼ਾਮਿਲ ਕਰੋ।

ਮਾਹਿਰਾਂ ਦਾ ਮੰਨਣਾ ਹੈ ਕਿ ਮਨ (ਮੂਡ) ਦੇ ਇਸ ਉਤਰਾਅ-ਚੜ੍ਹਾਅ ਨੂੰ ਅਸੀਂ ਸੰਤੁਲਿਤ ਭੋਜਨ ਦੀ ਵਰਤੋਂ ਕਰਕੇ ਦੂਰ ਕਰ ਸਕਦੇ ਹਾਂ। ਮਨ ਦੇ ਇਸ ਉਤਰਾਅ-ਚੜ੍ਹਾਅ ਦਾ ਕਾਰਨ ਹੁੰਦਾ ਹੈ ਕਿ ਕਦੀ ਸਾਡੇ ਸਰੀਰ ਵਿਚ ਜ਼ਿਆਦਾ ਊਰਜਾ ਹੁੰਦੀ ਹੈ ਤੇ ਕਦੀ ਘੱਟ। ਇਸ ਦਾ ਕਾਰਨ ਸਾਡੇ ਵਲੋਂ ਸਹੀ ਭੋਜਨ ਨੂੰ ਨਾ ਖਾਣਾ ਹੁੰਦਾ ਹੈ। ਇਸ ਲਈ ਆਪਣੇ ਖਾਣੇ 'ਚ ਵਿਟਾਮਿਨ 'ਏ' ਭਰਪੂਰ ਭੋਜਨ ਪਦਾਰਥਾਂ ਜਿਵੇਂ ਹਰੀਆਂ ਪੱਤੇਦਾਰ ਸਬਜ਼ੀਆਂ, ਗਾਜਰ, ਮੱਕੀ, ਵਿਟਾਮਿਨ ਬੀ ਭਰਪੂਰ ਚੀਜ਼ਾਂ, ਮੱਛੀ, ਚਿਕਨ, ਕੇਲਾ, ਬਰਾਊਨ ਚੌਲ ਆਦਿ ਸ਼ਾਮਿਲ ਕਰੋ। ਇਹ ਤਣਾਅ ਦੂਰ ਕਰਦੇ ਹਨ। ਵਿਟਾਮਿਨ 'ਸੀ' ਭਰਪੂਰ ਖੁਰਾਕ ਜਿਵੇਂ ਸੰਤਰਾ, ਰਸ ਭਰਪੂਰ ਫਲ, ਟਮਾਟਰ, ਬਾਦਾਮ, ਸੀ-ਫੂਡ ਨੂੰ ਵੀ ਸ਼ਾਮਿਲ ਕਰੋ। ਇਸ ਤੋਂ ਇਲਾਵਾ ਦਿਨ ਵਿਚ ਚਾਰ-ਪੰਜ ਵਾਰ ਥੋੜ੍ਹਾ-ਥੋੜ੍ਹਾ ਖਾਓ।

ਆਪਣੇ ਭੋਜਨ ਵਿਚ ਪੌਸ਼ਕ ਤੱਤਾਂ ਦਾ ਸੰਤੁਲਨ ਰੱਖੋ। ਇਹ ਨਹੀਂ ਕਿ ਸਿਰਫ਼ ਕਾਰਬੋਹਾਈਡ੍ਰੇਟ ਹੀ ਜ਼ਿਆਦਾ ਖਾਓ। ਆਪਣੇ ਖਾਣੇ ਦਾ ਬਦਲਾਅ ਲਿਆਓ। ਆਪਣੇ ਮੂਡ ਦੇ ਉਤਰਾਅ-ਚੜ੍ਹਾਅ ਵਿਚ ਹਿਸਾਬ-ਕਿਤਾਬ ਰੱਖਣਾ ਅਤਿ ਜ਼ਰੂਰੀ ਹੈ ਸਰੀਰ ਵਿਚ ਸੇਰੋਟੋਨਿਨ ਦੇ ਪੱਧਰ ਦਾ ਸੰਤੁਲਨ ਕਾਇਮ ਰੱਖਣ। ਇਸ ਲਈ ਦੁੱਧ, ਸਬਜ਼ੀਆਂ, ਦਾਲਾਂ, ਮੀਟ ਆਦਿ ਨੂੰ ਆਪਣੀ ਖੁਰਾਕ ਵਿਚ ਸ਼ਾਮਿਲ ਕਰੋ।

-0-

---

➡ ਦੀ ਆਵਾਜ਼ ਮੱਧਮ ਅਤੇ ਪ੍ਰਭਾਵਹੀਣ ਰਹਿ ਜਾਂਦੀ ਹੈ। ਉਹ ਜ਼ੋਰ ਨਾਲ ਗੱਲ ਨਹੀਂ ਕਰ ਪਾਉਂਦੇ।

**ਸਿਗਰਟਨੋਸ਼ੀ :** ਸਿਗਰਟਨੋਸ਼ੀ ਚਾਹੇ ਜਿਵੇਂ ਵੀ ਹੋਵੇ, ਨੁਕਸਾਨਦਾਈ ਹੈ। ਸਰੀਰ ਦੇ ਅੰਗਾਂ ਦੇ ਵਿਕਾਸ ਵਿਚ ਤੰਬਾਕੂ ਸਰੀਰ ਦੇ ਕੁਦਰਤੀ ਗਠਨ ਤੇ ਸੁੰਦਰਤਾ ਨੂੰ ਹਾਨੀ ਪਹੁੰਚਾਉਂਦਾ ਹੈ, ਇਸ ਲਈ ਬੱਚਿਆਂ ਨੂੰ ਇਨ੍ਹਾਂ ਬੁਰੀਆਂ ਚੀਜ਼ਾਂ ਦਾ ਸੇਵਨ ਕਰਨ ਤੋਂ ਰੋਕੋ।

**ਹੋਰ ਕਾਰਨ :** ਬੱਚਿਆਂ ਦਾ ਬਾਲ ਅਵਸਥਾ ਵਿਚ ਬਿਮਾਰ ਰਹਿਣਾ, ਖਾਣ-ਪੀਣ ਠੀਕ ਤਰ੍ਹਾਂ ਨਾ ਮਿਲਣਾ, ਟੋਕਾ-ਟਾਕੀ, ਡਾਂਟ-ਡਪਟ, ਮਾਰ-ਕੁਟਾਈ, ਮਨ ਖੁਸ਼ ਨਾ ਰਹਿਣਾ, ਉਦਾਸ ਤੇ ਸਹਿਮੇ-ਸਹਿਮੇ ਰਹਿਣਾ ਵੀ ਕੱਦ ਵਧਣ ਨੂੰ ਰੋਕ ਸਕਦਾ ਹੈ। ਸਮੇਂ ਅਨੁਸਾਰ ਉਨ੍ਹਾਂ ਨੂੰ ਖੇਡਣ ਦੀ ਖੁੱਲ੍ਹ ਦਿਓ, ਪੌਸ਼ਟਿਕ ਖਾਣਾ ਦਿਓ ਤੇ ਰੋਗਗ੍ਰਸਤ ਹੋਣ 'ਤੇ ਛੇਤੀ ਇਲਾਜ ਕਰਾਓ।

ਸਵੇਰੇ ਨਿਯਮਤ ਠੰਢੀ ਹਵਾ ਵਿਚ ਸੈਰ, ਸਮੇਂ 'ਤੇ ਪੜ੍ਹਨਾ, ਖੇਡਣਾ, ਫੁੱਟਬਾਲ, ਹਾਕੀ, ਲੰਬੀ ਛਾਲ, ਤੈਰਨਾ, ਕਬੱਡੀ ਸਭ ਸਰੀਰਕ ਵਿਕਾਸ ਵਿਚ ਸਹਾਇਕ ਹੁੰਦੇ ਹਨ। ਰੀੜ੍ਹ ਦੀ ਹੱਡੀ ਤੇ ਗਰਦਨ ਨੂੰ ਸਿੱਧੇ ਰੱਖ ਕੇ ਬੈਠੋ। ਨਹਾਉਣਾ, ਸਾਫ-ਸੁਥਰਾ ਰਹਿਣਾ, ਨਿਯਮਤ ਮਾਲਿਸ਼, ਹਰੀ-ਕੱਚੀ, ਤਾਜ਼ਾ ਸਾਗ-ਸਬਜ਼ੀ, ਸਲਾਦ, ਪ੍ਰੋਟੀਨ ਅਤੇ ਕੈਲਸ਼ੀਅਮ ਦਾ ਸਹੀ ਸੇਵਨ, ਸਰੀਰਕ ਮਿਹਨਤ, ਇਹ ਸਭ ਜ਼ਰੂਰੀ ਹਨ ਕੱਦ ਵਧਾਉਣ ਵਿੱਚ।

-0-

# ਗੁਰਮਤਿ ਸੰਜੋਗ ਦੀ ਸੇਵਾ ਸ਼ੁਰੂ

ਆਪ ਜੀ ਨੂੰ ਜਾਣ ਕੇ ਅਤਿ ਪ੍ਰਸੰਨਤਾ ਹੋਵੇਗੀ ਕਿ ਗੁਰਸਿੱਖ ਬੱਚੇ/ਬੱਚੀਆਂ ਦੇ ਵਿਆਹ / ਅਨੰਦ ਕਾਰਜਾਂ ਲਈ ਜੀ.ਜੀ.ਐਮ.ਸੀ. ਵਿਖੇ ਆਨਲਾਈਨ ਸੇਵਾ ਅਤੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਰਾਹੀਂ ਪਹਿਲਾਂ ਹੀ ਉਪਰਾਲੇ ਕੀਤੇ ਜਾ ਰਹੇ ਹਨ। ਹੁਣ ਆਪ ਇਸ ਸੇਵਾ ਦਾ ਹੋਰ ਫਾਇਦਾ ਲੈਣ ਲਈ ਆਪਣੇ ਬੱਚਿਆਂ ਦੀ ਪੋਸਟ ਕਾਰਡ ਸਾਇਜ਼ ਫੋਟੋ ਸਮੇਤ ਬਾਇਓ ਡਾਟਾ ਸੋਮਵਾਰ ਤੋਂ ਸ਼ੁੱਕਰਵਾਰ 12 ਤੋਂ 2 ਵਜੇ ਦੁਪਹਿਰ ਤਕ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਪੰਜਾਬੀ ਬਾਗ, ਜਵੱਦੀ ਵਿਖੇ ਮਿਲਣ ਦੀ ਕ੍ਰਿਪਾਲਤਾ ਕਰੋ ਜੀ। ਫਾਰਮ ਭਰਨ ਦੀ ਫੀਸ ਕੇਵਲ ਇਕ ਵਾਰ 500/- ਰੁਪਏ ਲਈ ਜਾਵੇਗੀ। ਤੁਸੀਂ ਘਰ ਬੈਠੇ ਆਪਣਾ ਫਾਰਮ ਭਰ ਸਕਦੇ ਹੋ। ਚਾਹਵਾਨ ਸੱਜਣ ਹੇਠ ਲਿਖੇ ਫੋਨ ਨੰਬਰ ਤੇ ਸੰਪਰਕ ਕਰਨ ਦੀ ਕ੍ਰਿਪਾਲਤਾ ਕਰਨੀ ਅਤੇ ਲੋੜੀਂਦਾ ਫਾਰਮ ਭਰ ਕੇ ਇਸ ਸੇਵਾ ਦਾ ਲਾਭ ਉਠਾਉ। ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ।



**ਸੰਪਰਕ: 98152-70101, 85678-00716**

## ਕੰਨਿਆ ਦੀ ਲੋੜ

**ਫਾਰਮ ਨੰ. 303**

ਲੁਧਿਆਣਾ ਵਾਸੀ ਗੁਰਸਿੱਖ, ਜਨਮ ਮਿਤੀ 11-12-82, ਕੱਦ 5'-8", Qualification BHMS, MD, Proffer in Homoeo College, ਹੋਮਿਉਪੈਥੀ ਡਾਕਟਰ ਆਪਣਾ ਕਲੀਨਿਕ ਲਈ ਯੋਗ ਕੰਨਿਆ ਦੀ ਲੋੜ ਹੈ। ਸੰਪਰਕ: 94639-11443, 94640-39043

**ਫਾਰਮ ਨੰ. 331**

ਲੁਧਿਆਣਾ ਵਾਸੀ, ਜਨਮ ਮਿਤੀ 02-07-82, ਕੱਦ 5'-8", 10+2, ਆਪਣਾ ਕਾਰੋਬਾਰ ਲਈ ਅੰਮ੍ਰਿਤਧਾਰੀ, ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ: 75290-29063, 88725-36145

**ਫਾਰਮ ਨੰ. 333**

ਲੁਧਿਆਣਾ ਵਾਸੀ, ਜਨਮ ਮਿਤੀ 06-11-86, M.Sc., Job in Infosys, Posted in Chandigarh, Package 4 Lacs PA, ਕੱਦ 5'-8", ਲਈ ਯੋਗ ਲੜਕੀ ਦੀ ਲੋੜ ਹੈ। Whatsapp: 73555-03333 98729-03415

**ਫਾਰਮ ਨੰ. 335**

Ludhiana Based, DOB 22-10-87, Hight 5'-11", M.Tech (Civil Engineering), Working at Municipal Corporation Ludhiana as SDO, Wanted an Educated Vegetarian, Amritdhari, Tall & Slim girl. Contact : 94639-15110, 80547-14214

**ਫਾਰਮ ਨੰ. 337**

ਲੁਧਿਆਣਾ ਵਾਸੀ, ਜਨਮ ਮਿਤੀ 12-05-88, Diploma Civil Engg. ਕੱਦ 5'-7", ਲਈ ਯੋਗ ਅੰਮ੍ਰਿਤਧਾਰੀ ਲੜਕੀ ਦੀ ਲੋੜ ਹੈ। ਸੰਪਰਕ 79865-39125

**ਫਾਰਮ ਨੰ. 339**

ਲੁਧਿਆਣਾ ਵਾਸੀ, ਜਨਮ ਮਿਤੀ 01-05-91, +2, BBA ਕੱਦ 5'-8", Bank Employee ਲਈ IELTS 6.5 / 7 Band ਲੜਕੀ ਦੀ ਲੋੜ ਹੈ। ਸੰਪਰਕ 98788-24364, 96466-77316

**ਫਾਰਮ ਨੰ. 347**

ਲੁਧਿਆਣਾ ਵਾਸੀ, ਜਨਮ ਮਿਤੀ 18-11-88, ਕੱਦ 5'-7", 10th & (Information Technology Diploma Holder) Doing Job is Sangrur Court, Salary 30,000/- PM, may be IELTS clear, No Dowery, ਬਿਨਾਂ ਨੱਕ-ਕੰਨ ਛੇਦੇ, ਲੜਕੀ ਦੀ ਲੋੜ ਹੈ। ਸੰਪਰਕ: 98881-00755

**ਫਾਰਮ ਨੰ. 348**

ਨਵਾਂਸ਼ਹਿਰ ਵਾਸੀ, ਜਨਮ ਮਿਤੀ 23-11-86, ਕੱਦ 5'-10", ਕੰਪਿਊਟਰ ਡਿਪਲੋਮਾ, ਆਪਣਾ ਬਿਜ਼ਨੈਸ ਲੜਕੇ ਲਈ ਲੜਕੀ ਦੀ ਲੋੜ ਹੈ। ਸੰਪਰਕ: 98152-92643, 80549-37410

**ਫਾਰਮ ਨੰ. 349**

ਲੁਧਿਆਣਾ ਵਾਸੀ ਅੰਮ੍ਰਿਤਧਾਰੀ, ਜਨਮ ਮਿਤੀ 08-09-92, ਕੱਦ 5'-10", MCA, Occupation: Owner I.T. Company Creative Room ਲਈ ਅੰਮ੍ਰਿਤਧਾਰੀ ਲੜਕੀ ਦੀ ਲੋੜ ਹੈ। ਸੰਪਰਕ: 95692-61303 -0-

**ਫਾਰਮ ਨੰ. 350**

ਲੁਧਿਆਣਾ ਵਾਸੀ, ਤਲਾਕਸ਼ੁਦਾ, ਜਨਮ ਮਿਤੀ 19-11-1990, ਕੱਦ 5'-3", BA, Computer Course, Business ਕਰਦੇ ਲਈ ਲੜਕੀ ਦੀ ਲੋੜ ਹੈ। ਸੰਪਰਕ: 98882-77889

**ਫਾਰਮ ਨੰ. 351**

ਲੁਧਿਆਣਾ ਵਾਸੀ, ਜਨਮ ਮਿਤੀ 26-05-1991, ਕੱਦ 5'-11", BBA, MBA, Senior Business Officer in Pharma MNC Company ਲਈ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ: 97795-85956

**ਫਾਰਮ ਨੰ. 353**

ਲੁਧਿਆਣਾ ਵਾਸੀ, ਜਨਮ ਮਿਤੀ 29-08-1994, ਕੱਦ 5'-5", 12th Pass, Businessman ਲਈ ਲੜਕੀ ਦੀ ਲੋੜ ਹੈ। ਸੰਪਰਕ: 78887-27296, 9914924920

**ਫਾਰਮ ਨੰ. 354**

ਲੁਧਿਆਣਾ ਵਾਸੀ ਅੰਮ੍ਰਿਤਧਾਰੀ, ਜਨਮ ਮਿਤੀ 03-12-1991, ਕੱਦ 5'-6" B.Tech + PG Diploma from Canada (Production Engg.), ਕੈਨੇਡਾ ਵਿਖੇ ਜਾਬ ਕਰਦੇ ਲੜਕੇ ਲਈ B.D.S., B.Sc. (Nursing), Physiotherapist ਸਾਬਤ ਸੂਰਤ ਲੜਕੀ ਦੀ ਲੋੜ ਹੈ- ਸੰਪਰਕ 98552-76125

**ਫਾਰਮ ਨੰ. 355**

ਜਲੰਧਰ ਵਾਸੀ ਅੰਮ੍ਰਿਤਧਾਰੀ, ਜਨਮ ਮਿਤੀ 04-01-1986, ਕੱਦ 5'-10", B.Tech, MBA, Job: SBI Card as Assistant Vice President, Posted in Gurgaon ਲਈ ਵੈਜੀਟੇਰੀਅਨ, ਗੁਰੂ ਗ੍ਰੰਥ ਸਾਹਿਬ ਵਿਚ ਯਕੀਨ ਰੱਖਣ ਵਾਲੀ ਲੜਕੀ ਦੀ ਲੋੜ ਹੈ- ਸੰਪਰਕ 97791-48911, 97790-48911

**ਫਾਰਮ ਨੰ. 356**

ਦਿੱਲੀ ਵਾਸੀ, ਜਨਮ ਮਿਤੀ 02-03-1992, ਕੱਦ 5'-6", 10+2, Own Restaurant & One Shop Rented in Janakpuri ਲਈ ਯੋਗ ਲੜਕੀ ਦੀ ਲੋੜ ਹੈ- ਸੰਪਰਕ 99147-92225, 98114-49930

**ਫਾਰਮ ਨੰ. 358**

ਲੰਡਨ ਵਾਸੀ, ਗੁਰਸਿੱਖ, ਜਨਮ 1989, ਕੱਦ 6'-1", M.Sc. (Computer) working as a Network Eng. ਲਈ ਪੜ੍ਹੀ ਲਿਖੀ, ਸੁਚੱਜੀ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਸੰਪਰਕ 0044-7904050832

**ਫਾਰਮ ਨੰ. 360**

ਲੁਧਿਆਣਾ ਵਾਸੀ, ਜਨਮ 17-10-1994, ਕੱਦ 5'-11", B. Tech. (ਬਿਜਲੀ ਬੋਰਡ ਵਿਚ JE) ਲਈ ਅੰਮ੍ਰਿਤਧਾਰੀ, ਪੜ੍ਹੀ ਲਿਖੀ, ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 85688-22417, 84377-04610

-0-

## ਵਰ ਦੀ ਲੋੜ

**ਫਾਰਮ ਨੰ. 328**

ਲੁਧਿਆਣਾ ਵਾਸੀ, ਸਿੱਖ ਮਿਸ਼ਨਰੀ ਪਰਿਵਾਰ ਦੀ ਦਸਤਾਰ ਸਜਾਉਂਦੀ ਅੰਮ੍ਰਿਤਧਾਰੀ ਲੜਕੀ, ਜਨਮ ਮਿਤੀ-18-08-1988, ਕੱਦ-5', Phd. Botany, Working as Assistant Proff. in Shri Guru Granth Sahib World University Fatehgarh Sahib, IElets-6.5 Band ਲਈ ਵਿਦੇਸ਼ ਵਿੱਚ ਸੈਟਲ ਅੰਮ੍ਰਿਤਧਾਰੀ ਲੜਕਾ ਚਾਹੀਦਾ ਹੈ, ਪਿਤਾ ਰਿਟਾਇਰਡ ਇੰਜੀਨੀਅਰ (Govt. Job)।ਸੰਪਰਕ ਲਈ: 9988669977, 9988669988

**ਫਾਰਮ ਨੰ. 344**

ਲੁਧਿਆਣਾ ਵਾਸੀ, ਜਨਮ ਅਕਤੂਬਰ 1994, ਕੱਦ 5'-3", MBBS, Study (USEMLI) ਡਾਕਟਰ ਲੜਕੀ ਲਈ ਗੁਰਸਿੱਖ ਡਾਕਟਰ ਲੜਕੇ ਦੀ ਲੋੜ ਹੈ। ਸੰਪਰਕ: 97797-59542

**ਫਾਰਮ ਨੰ. 352**

ਪਟਿਆਲਾ ਵਾਸੀ, ਜਨਮ ਮਿਤੀ 08-08-90, M.Sc. Nursing, Doing Ph.D., Assistant Prof. in Chitkara University, Pay 40,000/- ਲਈ ਲੜਕੇ ਦੀ ਲੋੜ ਹੈ। ਸੰਪਰਕ: 98558-26817

**ਫਾਰਮ ਨੰ. 361**

ਜਲੰਧਰ ਵਾਸੀ, ਗੁਰਸਿੱਖ ਅੰਮ੍ਰਿਤਧਾਰੀ ਵਿਡੋ (Widow) ਲੜਕੀ, ਜਨਮ ਮਿਤੀ 5-11-1981, MCA ਲਈ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਸੰਪਰਕ: 98728-10427 -0-

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਚਲਾਏ ਜਾ ਰਹੇ ਪ੍ਰਚਾਰ ਕੇਂਦਰਾਂ ਦੀਆਂ ਜੂਨ ਮਹੀਨੇ ਦੀਆਂ ਸਰਗਰਮੀਆਂ

**ਮਾਝਾ–**

**1. ਤਰਨ–ਤਾਰਨ (94654–93275)–** ਕੇਂਦਰ ਦੇ ਪ੍ਰਚਾਰਕ ਭਾਈ ਦਵਿੰਦਰ ਸਿੰਘ ਵੱਲੋਂ 4 ਪਿੰਡਾਂ ਵਿੱਚ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ। ਪਿੰਡ ਪਲਾਸੌਰ ਵਿਖੇ ਰੋਜ਼ਾਨਾ ਸਵੇਰੇ ਗੁਰਮਤਿ ਵਿਚਾਰਾਂ, ਸ਼ਾਮ ਨੂੰ ਗੁਰਮਤਿ ਦੀ ਕਲਾਸ ਅਤੇ ਬੱਚਿਆਂ ਵਲੋਂ ਰਹਿਰਸ ਦਾ ਪਾਠ ਸੰਗਤੀ ਰੂਪ ਵਿੱਚ ਪ੍ਰਚਾਰਕ ਭਾਈ ਗੁਰਬਿੰਦਰ ਸਿੰਘ ਵਲੋਂ ਕਰਵਾਇਆ ਜਾਂਦਾ ਹੈ। ਪਿੰਡ ਸਰਹਾਲੀ ਕਲਾਂ ਵਿਖੇ ਰੋਜ਼ਾਨਾ ਸਵੇਰੇ ਗੁਰਮਤਿ ਵਿਚਾਰਾਂ, ਹਰ ਸ਼ਨੀਵਾਰ ਸ਼ਾਮ ਨੂੰ ਸਿੱਖ ਰਹਿਤ ਮਰਿਯਾਦਾ ਦੀ ਵਿਚਾਰ ਅਤੇ ਰੋਜ਼ਾਨਾ ਸ਼ਾਮ ਨੂੰ ਗੁਰਮਤਿ ਦੀ ਕਲਾਸ ਪ੍ਰਚਾਰਕ ਸੋਧ ਸਿੰਘ ਵਲੋਂ ਲਗਾਈ ਜਾਂਦੀ ਹੈ।

**2. ਮਾਲੂਵਾਲ (98885–20250)–** ਪ੍ਰਚਾਰਕ ਭਾਈ ਨਿਰਮਲ ਸਿੰਘ ਜੀ ਵਲੋਂ 7 ਪਿੰਡਾਂ ਵਿੱਚ ਗੁਰਮਤਿ ਕਲਾਸਾਂ ਲਗਾ ਕੇ ਬੱਚਿਆਂ ਨੂੰ ਧਾਰਮਿਕ ਸਿਖਿਆ ਦਿੱਤੀ ਜਾਂਦੀ ਹੈ। ਪਿੰਡ ਸੁਰ ਸਿੰਘ ਗੁਰਦੁਆਰਾ ਬਾਬਾ ਜੀਵਨ ਸਿੰਘ (ਪੱਤੀ ਮਾਣਾ ਕੀ) ਵਿਖੇ ਹਫਤੇ ਵਿੱਚ ਦੋ ਦਿਨ ਬੱਚਿਆਂ ਦੀ ਕੀਰਤਨ ਕਲਾਸ ਲਗਾਈ ਜਾਂਦੀ ਹੈ, ਜਿਸ ਵਿੱਚ 10 ਬੱਚੇ ਕੀਰਤਨ ਦੀ ਸਿੱਖਿਆ ਲੈ ਰਹੇ ਹਨ।

**3. ਨਾਰਲੀ (98554–77302)–** ਪ੍ਰਚਰਾਕ ਬੀਬੀ ਕੁਲਦੀਪ ਕੌਰ ਵਲੋਂ ਬੱਚਿਆਂ ਦੀਆਂ ਅਤੇ ਵੱਡੀਆਂ ਭੈਣਾਂ ਦੀਆਂ **Online** ਕਲਾਸਾਂ ਲਗਾਈਆਂ ਜਾਂਦੀਆਂ ਹਨ। ਕਾਲਜ ਵਲੋਂ ਭੇਜੇ ਐਜੂਏਡ ਦੇ ਪੈਸੇ ਬੱਚਿਆਂ ਦੇ ਮਾਪਿਆਂ ਨਾਲ ਗੱਲਬਾਤ ਕਰ ਕੇ ਵੰਡੇ ਗਏ। ਬੱਚਿਆਂ ਦੀ ਲੋੜ ਨੂੰ ਮੁੱਖ ਰਖਦੇ ਹੋਏ ਸਕੂਲਾਂ ਦਾ ਜ਼ਰੂਰੀ ਸਮਾਨ ਜਿਵੇਂ ਕਾਪੀਆਂ, ਪੈੱਨ, ਸਕਰੈਪ ਬੁੱਕ ਆਦਿ ਲੈ ਕੇ ਦਿੱਤਾ ਗਿਆ। ਪਿੰਡ ਰਾਏ ਕੇ ਬੁਰਜ ਅਤੇ ਸਭਰਾ ਵਿਖੇ ਹੋਏ ਸਮਾਗਮਾਂ ਵਿੱਚ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ। 13 ਸਹਿਜ ਪਾਠਾਂ ਦੀ ਸਮਾਪਤੀ ਕੀਤੀ ਗਈ ਅਤੇ 10 ਨਵੇਂ ਸਹਿਜ ਪਾਠ ਆਰੰਭ ਕੀਤੇ ਗਏ। 2 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ ਇੱਕ ਬੱਚੇ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**4. ਡੱਲ (98553–99892)–** ਪ੍ਰਚਾਰਕ ਭਾਈ ਪ੍ਰਭਸ਼ਰਨਜੀਤ ਸਿੰਘ ਵਲੋਂ 6 ਪਿੰਡਾਂ ਵਿੱਚ ਬੱਚਿਆਂ ਦੀਆਂ ਕਲਾਸਾਂ ਲਗਾ ਕੇ ਉਹਨਾਂ ਨੂੰ ਗੁਰਬਾਣੀ ਸੰਥਿਆ, ਸਿੱਖ ਇਤਿਹਾਸ ਅਤੇ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਗੁਰੂ ਅਰਜਨ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ 'ਤੇ ਪਿੰਡ ਸੁਰ ਸਿੰਘ ਵਿਖੇ ਕਥਾ–ਵੀਚਾਰ ਕੀਤੀ ਗਈ। ਪਿੰਡ ਸੁਰ ਸਿੰਘ ਵਿਖੇ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਅਤੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ 'ਤੇ ਕਥਾ–ਵੀਚਾਰ ਕੀਤੀ ਗਈ।

**5. ਚੋਹਲਾ ਸਾਹਿਬ (88472–67156)–** ਕੇਂਦਰ ਦੇ ਪ੍ਰਚਾਰਕ ਭਾਈ ਗੁਰਪ੍ਰੀਤ ਸਿੰਘ ਵਲੋਂ 4 ਪਿੰਡਾਂ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਪਿੰਡ ਨੱਥੂ ਚੱਕ ਦੇ ਗੁਰਦੁਆਰਾ ਸਾਹਿਬ ਵਿਖੇ ਰੋਜਾਨਾ ਅੰਮ੍ਰਿਤ ਵੇਲੇ ਹੁਕਮਨਾਮਾ ਸਾਹਿਬ ਦੀ ਵੀਚਾਰ ਕੀਤੀ ਜਾਂਦੀ ਹੈ। ਪਿੰਡ ਨੱਥੂ ਚੱਕ ਅਤੇ ਰੈਸ਼ੀਆਣਾ ਵਿਖੇ ਹੋਏ ਗੁਰਮਤਿ ਸਮਾਗਮਾਂ 'ਤੇ ਕਥਾ–ਵੀਚਾਰਾਂ ਕੀਤੀਆਂ ਗਈਆਂ।

**ਮਾਲਵਾ:**

**6. ਲਤਾਲਾ/ਸੁਖਾਣਾ (ਰਾਏਕੋਟ) (98556–27927)–** ਕੇਂਦਰ ਦੇ ਪ੍ਰਚਾਰਕ ਭਾਈ ਰੁਪਿੰਦਰ ਸਿੰਘ ਵਲੋਂ 4 ਪਿੰਡਾਂ ਵਿੱਚ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ। ਪਿੰਡ ਕਿਲ੍ਹਾ ਰਾਏਪੁਰ ਵਿਖੇ ਸੰਗਤ ਨਾਲ ਵਿਚਾਰ ਸਾਂਝੇ ਕੀਤੇ ਗਏ। 16 ਜੂਨ ਨੂੰ ਗੁਰੂ ਅਰਜਨ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਬੱਚਿਆਂ ਨੇ ਕਵਿਤਾਵਾਂ, ਕਵੀਸ਼ਰੀ ਪੇਸ਼ ਕੀਤੀਆਂ ਅਤੇ ਇਤਿਹਾਸਿਕ ਵੀਚਾਰ ਸਾਂਝੇ ਕੀਤੇ ਹਨ। ਕਲਾਸ ਦੇ ਬੱਚਿਆਂ ਨੇ ਪਾਣੀ ਦੀ ਸੰਭਾਲ ਲਈ ਨਾਟਕ ਪੇਸ਼ ਕੀਤਾ ਹੈ। 25 ਜੂਨ ਨੂੰ ਬਾਬਾ ਬੰਦਾ ਸਿੰਘ ਬਹਾਦਰ, ਭਾਈ ਜਗਰੂਪ ਸਿੰਘ ਕਾਲਖ ਤੇ 84 ਦੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਪਿੰਡ ਕਾਲਖ ਭਗਤ ਰਵੀਦਾਸ ਸਾਹਿਬ ਗੁਰਦੁਆਰੇ ਵਿਖੇ ਬੱਚਿਆਂ ਦੇ ਦਸਤਾਰ ਅਤੇ ਸੁੰਦਰ ਲਿਖਾਈ ਮੁਕਾਬਲੇ ਕਰਵਾਏ ਗਏ। ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਵੀਰ ਅਮਰਪ੍ਰੀਤ ਸਿੰਘ ਗੁੱਜਰਵਾਲ ਅਤੇ ਕੇਂਦਰ ਲਤਾਲਾ ਦੇ ਬੱਚਿਆਂ ਨੇ ਕਵੀਸ਼ਰੀ ਦੁਆਰਾ ਹਾਜ਼ਰੀ ਲਗਵਾਈ, ਲਗਭਗ 150 ਬੂਟੇ ਵੰਡੇ ਗਏ। 26 ਜੂਨ ਨੂੰ ਕੇਂਦਰ ਲਤਾਲਾ ਵਿਖੇ ਮਹੀਨਾਵਾਰ ਵਜੀਫੇ ਦਿੱਤੇ ਗਏ ਤੇ ਕਲਾਸ ਦੇ ਬੱਚਿਆਂ ਦੀ ਮੀਟਿੰਗ ਕੀਤੀ ਗਈ। ਕਾਲਜ ਤੋਂ ਕੈਪਟਨ ਅਵਤਾਰ ਸਿੰਘ ਜੀ ਤੇ ਵੀਰ ਗੁੱਜਰਵਾਲ ਜੀ ਨੇ ਸੰਗਤ ਨਾਲ ਵਿਚਾਰ ਸਾਂਝੇ ਕੀਤੇ। 27 ਜੂਨ ਨੂੰ ਨਾਰੰਗਵਾਲ ਵਿਖੇ ਦਸਤਾਰ ਮੁਕਾਬਲੇ ਦੌਰਾਨ ਬੱਚਿਆਂ ਨਾਲ ਲੈਕਚਰ ਦੁਆਰਾ ਸਾਂਝ ਪਾਈ ਗਈ। 25 ਬੱਚੇ ਐਲੀਮੈਂਟਰੀ ਕੋਰਸ ਕਰ ਰਹੇ ਹਨ।

**7. ਗੁੱਜਰਵਾਲ (94655–66666)–** ਕੇਂਦਰ ਦੇ ਪ੍ਰਚਾਰਕ ਭਾਈ ਅਮਰਪ੍ਰੀਤ ਸਿੰਘ ਵੱਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਨਰਸਿੰਗ ਕਾਲਜ 'ਚ ਹਫਤੇ ਵਿੱਚ 4 ਦਿਨ ਕਲਾਸਾਂ ਲੱਗਦੀਆਂ ਹਨ। ਡਾ: ਮੋਹਣ ਕੌਰ ਨਰਸਿੰਘ ਕਾਲਜ ਦਾਖਾ 'ਚ ਹਫਤਾਵਾਰੀ ਕਲਾਸ ਲਗਾਈ ਜਾਂਦੀ ਹੈ। ਪਿੰਡ ਗੁੱਜਰਵਾਲ ਅਤੇ ਲੋਹਗੜ੍ਹ 'ਚ ਕਥਾ–ਵੀਚਾਰ ਕੀਤੀ ਗਈ। ਪਿੰਡ ਲਤਾਲਾ ਅਤੇ ਕਾਲਖ ਵਿਖੇ ਹੋਏ ਸਮਾਗਮਾਂ ਵਿੱਚ ਸੰਗਤ ਨਾਲ ਵੀਚਾਰਾਂ ਦੀ ਸਾਂਝ ਪਾਈ ਗਈ। ਪਿੰਡ ਸਹੋਲੀ ਅਤੇ ਸੁਧਾਰ 'ਚ ਮਹੀਨੇ ਵਿੱਚ 2–2 ਕਲਾਸਾਂ ਲਗਦੀਆਂ ਹਨ। ਐਜੂਏਡ ਲੈਣ ਵਾਲੇ ਬੱਚਿਆਂ ਦੇ ਮਾਤਾ ਪਿਤਾ ਨਾਲ ਵਿਚਾਰਾਂ ਦੀ ਸਾਂਝ ਕੀਤੀ ਗਈ। 15 ਬੱਚੇ ਸਹਿਜ ਪਾਠ ਕਰ ਰਹੇ ਹਨ।

**8. ਮਾਂਗੇਵਾਲ (80545–73305)–** ਪ੍ਰਚਾਰਕ ਭਾਈ ਅਮਰਜੀਤ ਸਿੰਘ ਵਲੋਂ ਮਾਂਗੇਵਾਲ ਵਿਖੇ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ। ਭਾਈ ਗੁਰਜੀਤ ਸਿੰਘ ਜੀ ਗੱਗੋਹਰ ਵਲੋਂ ਬੱਚਿਆਂ ਨੂੰ ਕੀਰਤਨ ਸਿਖਾਇਆ ਜਾ ਰਿਹਾ ਹੈ। ਦਸਤਾਰ ਸਿਖਲਾਈ ਦੀਆਂ ਕਲਾਸਾਂ ਆਰੰਭ ਕੀਤੀਆਂ ਗਈਆਂ। ਨੌਜਵਾਨ ਵੀਰਾਂ ਰਲ–ਮਿਲ ਕੇ ਮਿੰਨੀ ਜੰਗਲ ਤਿਆਰ ਕੀਤਾ ਗਿਆ, ਜਿਸ ਵਿੱਚ ਤਕਰੀਬਨ 900 ਬੂਟੇ ਲਾਏ ਗਏ। ਪ੍ਰੋਜੈਕਟਰ ਦੁਆਰਾ ਬੱਚਿਆਂ ਨੂੰ Animation ਫਿਲਮ ਦਿਖਾਈ ਗਈ। ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਦਿਹਾੜੇ 'ਤੇ ਪਿੰਡ ਬੁਗਰਾ ਦੀ ਸੰਗਤ ਨਾਲ ਵੀਚਾਰ ਸਾਂਝੇ ਕੀਤੇ ਗਏ। ਪਿੰਡ ਦੇ ਬੱਚਿਆਂ ਦਾ ਨੈਤਿਕਤਾ ਸੰਬੰਧੀ ਪੇਪਰ ਲਿਆ ਗਿਆ, ਅਵੱਲ ਆਉਣ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। 6 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ ਅਤੇ ਇੱਕ ਬੱਚੇ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਹੈ। 2 ਬੱਚਿਆਂ ਨੇ ਐਲੀਮੈਂਟਰੀ ਕੋਰਸ ਸ਼ੁਰੂ ਕੀਤੇ ਹਨ ਅਤੇ ਇੱਕ ਬੱਚੇ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**9. ਰਾਮੂੰਵਾਲਾ ਨਵਾਂ (98777–94586)–** ਪ੍ਰਚਾਰਕ ਭਾਈ ਹਰਜੀਤ ਸਿੰਘ ਜੀ ਵਲੋਂ 5 ਪਿੰਡਾਂ ਵਿੱਚ ਗੁਰਮਤਿ ਕਲਾਸਾਂ ਲਗਾ ਕੇ ਬੱਚਿਆਂ ਨੂੰ ਧਾਰਮਿਕ ਸਿੱਖਿਆ ਦਿੱਤੀ ਜਾਂਦੀ ਹੈ। ਪਿੰਡ ਡਾਲਾ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਨੂੰ ਮੁੱਖ ਰੱਖ ਕੇ ਬੱਚਿਆਂ ਦਾ ਗੁਰਬਾਣੀ ਤੇ ਇਤਿਹਾਸ ਦਾ ਪੇਪਰ ਲਿਆ ਗਿਆ। ਸਮਾਪਤੀ ਮੌਕੇ ਕੈਪਟਨ ਅਵਤਾਰ ਸਿੰਘ ਜੀ ਵਲੋਂ ਸੰਗਤ ਨਾਲ ਕਥਾ–ਵੀਚਾਰ ਕੀਤੀ ਗਈ। ਰਾਮੂੰਵਾਲਾ ਨਵਾਂ ਦੇ ਗੁਰਦੁਆਰਾ ਸਾਹਿਬ ਵਿਖੇ ਹਰ ਰੋਜ਼ ਕਥਾ–ਵੀਚਾਰ ਕੀਤੀ ਜਾਂਦੀ ਹੈ। 90 ਬੱਚੇ ਸਹਿਜ ਪਾਠ ਕਰ ਰਹੇ ਹਨ।

**10. ਮਹਾਂ ਸਿੰਘ ਨਗਰ (98154-92588)-** ਪ੍ਰਚਾਰਕ ਭਾਈ ਚਰਨਜੀਤ ਸਿੰਘ ਵਲੋਂ ਭਾਈ ਮਹਾਂ ਸਿੰਘ ਨਗਰ ਵਿਖੇ ਸਵੇਰੇ ਅਤੇ ਸ਼ਾਮ ਬੱਚਿਆਂ ਦੀ ਧਾਰਮਿਕ ਕਲਾਸ ਲਗਾਈ ਜਾਂਦੀ ਹੈ। ਕੈਪਟਨ ਅਵਤਾਰ ਸਿੰਘ ਵਲੋਂ ਹਾੜ ਦੇ ਮਹੀਨੇ ਸੰਬੰਧੀ ਸੰਗਤ ਨਾਲ ਕਥਾ-ਵਿਚਾਰ ਦੀ ਸਾਂਝ ਪਾਈ ਗਈ। ਬੀਬੀਆਂ ਵਲੋਂ ਹਰ ਵੀਰਵਾਰ ਨੂੰ ਗੁਰਦੁਆਰਾ ਸਾਹਿਬ ਵਿਖੇ ਸੁਖਮਨੀ ਸਾਹਿਬ ਜੀ ਦੇ ਪਾਠ ਕੀਤੇ ਜਾਂਦੇ ਹਨ। 12 ਬੱਚੇ ਅਤੇ ਬੀਬੀਆਂ ਸਹਿਜ ਪਾਠ ਕਰ ਰਹੇ ਹਨ।

**11. ਕੁੱਬੇ (95015-16002)-** ਕੇਂਦਰ ਦੇ ਪ੍ਰਚਾਰਕ ਭਾਈ ਅਮਨਦੀਪ ਸਿੰਘ ਵੱਲੋਂ 10 ਪਿੰਡਾਂ ਵਿੱਚ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿਸ ਵਿੱਚ ਬੱਚਿਆਂ ਨੂੰ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ। ਵੱਡੀ ਸੰਗਤ ਦੀ ਕਲਾਸ ਲਗਾ ਕੇ ਗੁਰਬਾਣੀ ਸੰਥਿਆ ਦਿੱਤੀ ਜਾਂਦੀ ਹੈ। ਇੱਕ ਗੁਰਮਤਿ ਵਿਰਸਾ ਮੈਗਜ਼ੀਨ ਬੁੱਕ ਕੀਤਾ ਗਿਆ। 2 ਪਿੰਡਾਂ ਵਿੱਚ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ।

**12. ਘਨੌਲੀ (81460-16099)-** ਪ੍ਰਚਾਰਕ ਭਾਈ ਪਰਮਵੀਰ ਸਿੰਘ ਵਲੋਂ 6 ਪਿੰਡਾਂ ਵਿੱਚ ਗੁਰਮਤਿ ਦੀਆਂ ਕਲਾਸਾਂ ਅਤੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿਸ ਵਿੱਚ ਬੱਚਿਆਂ ਨੂੰ ਧਾਰਮਿਕ ਸਿੱਖਿਆ ਦਿੱਤੀ ਜਾਂਦੀ ਹੈ। ਉਪਰਲਾ ਭਾਉਵਾਲ ਵਿਖੇ ਲੜੀਵਾਰ ਕਥਾ ਦੀ ਸੇਵਾ ਨਿਭਾਈ ਜਾਂਦੀ ਹੈ।

**13. ਗਰੇਸ ਪਬਲਿਕ ਸਕੂਲ (98880-11984)-** ਪ੍ਰਚਾਰਕ ਬੀਬੀ ਇੰਦਰਜੀਤ ਕੌਰ ਵਲੋਂ ਬੱਚਿਆਂ ਦੀਆਂ Online ਕਲਾਸਾਂ ਲਗਾ ਕੇ ਉਹਨਾਂ ਨੂੰ ਗੁਰਬਾਣੀ ਨਾਲ ਜੋੜਨ ਦਾ ਯਤਨ ਕੀਤਾ ਜਾਂਦਾ ਹੈ।

**14. ਸੈਦਪੁਰ (73473-42015)-** ਪ੍ਰਚਾਰਕ ਬੀਬੀ ਰਾਜਬੀਰ ਕੌਰ ਵਲੋਂ ਗੁਰਦੁਆਰਾ ਬੁਰਜ ਦੇਵਾ ਸਿੰਘ ਅਤੇ ਬੁਰਜ ਪੂਹਲਾ ਵਿਖੇ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ, ਜਿਸ ਵਿੱਚ ਬੱਚਿਆਂ ਨੂੰ ਸੰਥਿਆ, ਇਤਿਹਾਸ ਅਤੇ ਰਹਿਤ ਮਰਿਯਾਦਾ ਕਰਵਾਈ ਜਾਂਦੀ ਹੈ। ਆਪਣੇ ਘਰ ਵਿੱਚ ਵੀ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਪਿੰਡ ਪਰਿੰਗੜੀ ਵਿਖੇ 20 ਜੂਨ ਤੋਂ ਕਲਾਸ ਆਰੰਭ ਕੀਤੀ ਗਈ।

**15. ਭਾਗੀਕੇ (96461-66584)-** ਪ੍ਰਚਾਰਕ ਭਾਈ ਦਾਰਾ ਸਿੰਘ ਵਲੋਂ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਨੂੰ ਮੁੱਖ ਰਖਦਿਆਂ ਗੁਰਮਤਿ ਸਮਾਗਮ ਰੱਖਿਆ ਗਿਆ, ਜਿਸ ਵਿੱਚ ਭਾਈ ਸਾਹਿਬ ਵਲੋਂ ਕਥਾ-ਵੀਚਾਰ ਕੀਤੀ ਗਈ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ, ਇੱਕ ਬੱਚਾ ਐਲੀਮੈਂਟਰੀ ਕੋਰਸ ਕਰ ਰਿਹਾ ਹੈ ਅਤੇ ਇੱਕ ਬੱਚੇ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**16. ਪਟਿਆਲਾ (87289-34413)-** ਪ੍ਰਚਾਰਕ ਬੀਬੀ ਬਲਜੀਤ ਕੌਰ ਵਲੋਂ ਕੇਂਦਰ ਵਿਖੇ ਬੱਚਿਆਂ ਦੀਆਂ ਗੁਰਬਾਣੀ ਸੰਥਿਆ, ਕੀਰਤਨ ਅਤੇ ਦਸਤਾਰ ਸਿਖਲਾਈ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਪਿੰਡ ਅਨੈਤਪੁਰ ਦੇ ਗੁਰਦੁਆਰਾ ਸਾਹਿਬ ਵਿਖੇ ਸੋਮਵਾਰ ਤੋਂ ਬੁੱਧਵਾਰ ਤੱਕ ਸ਼ਾਮ ਦੇ ਦੀਵਾਨ ਦੀ ਸੇਵਾ ਬੱਚਿਆਂ ਵਲੋਂ ਨਿਭਾਈ ਜਾਂਦੀ ਹੈ। 4 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

**17. ਪਟਿਆਲਾ (98788-13795)-** ਪ੍ਰਚਾਰਕ ਬੀਬੀ ਸੁਖਮਨੀ ਕੌਰ ਵਲੋਂ ਕੇਂਦਰ ਵਿਖੇ ਬੀਬੀਆਂ ਦੀਆਂ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। 4 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

**ਦੁਆਬਾ**

**18. ਅੱਪਰਾ 1 (85280-78722)-** ਪ੍ਰਚਾਰਕ ਭਾਈ ਨਰਿੰਦਰ ਸਿੰਘ ਵੱਲੋਂ 19 ਪਿੰਡਾਂ ਵਿੱਚ ਗੁਰਬਾਣੀ ਕੀਰਤਨ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਗੁਰਦੁਆਰਾ ਕਲਗੀਧਰ ਸਾਹਿਬ ਵਿਖੇ ਸੰਗਤ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਕੀਤੀ ਜਾਂਦੀ ਹੈ। ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਨੂੰ ਸਮਰਪਿਤ ਸਮਾਗਮ ਕਰਵਾਏ ਗਏ, ਜਿਸ ਵਿੱਚ 4 ਪਰਿਵਾਰਾਂ ਵਲੋਂ 4 ਸਹਿਜ ਪਾਠਾਂ ਦੀ ਸਮਾਪਤੀ ਅਤੇ ਆਰਭੰਤਾ ਕੀਤੀ ਗਈ। ਬੱਚਿਆਂ ਵਲੋਂ ਕਵਿਤਾਵਾਂ ਗਾਇਨ ਕੀਤੀਆਂ ਗਈਆਂ ਅਤੇ ਇਤਿਹਾਸਿਕ ਵਿਚਾਰਾਂ ਦੀ ਸਾਂਝ ਪਾਈ ਗਈ। 15 ਬੱਚੇ ਐਲੀਮੈਂਟਰੀ ਕੋਰਸ ਕਰ ਰਹੇ ਹਨ।

**19. ਅੱਪਰਾ 2 (85280-78722)-** ਪ੍ਰਚਾਰਕ ਭਾਈ ਗੁਰਵਿੰਦਰ ਸਿੰਘ ਵੱਲੋਂ 9 ਪਿੰਡਾਂ ਵਿੱਚ ਬੱਚਿਆਂ ਦੀਆਂ ਗੁਰਬਾਣੀ ਕੀਰਤਨ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ।

**20. ਚੱਕ ਕਲਾਂ (75088-51496)-** ਪ੍ਰਚਾਰਕ ਭਾਈ ਤਰਲੋਚਨ ਸਿੰਘ ਵਲੋਂ 4 ਪਿੰਡਾਂ ਵਿੱਚ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਮਤਿ ਸਿੱਖਿਆ ਦੇ ਰਹੇ ਹਨ। ਹਰ ਰੋਜ਼ ਗੁਰਬਾਣੀ ਕੀਰਤਨ ਅਤੇ ਹੁਕਮਨਾਮੇ ਦੀ ਵੀਚਾਰ ਸੰਗਤ ਨਾਲ ਕੀਤੀ ਜਾਂਦੀ ਹੈ। ਕੇਂਦਰ ਦੇ ਗੁਰਦੁਆਰਾ ਸਿੰਘ ਸਭਾ ਤੇ ਗੁਰਦੁਆਰਾ ਸਾਹਿਬ ਫਲਾਹੀ ਵਾਲਾ ਵਿਖੇ ਬੱਚਿਆਂ ਦੀਆਂ ਗੁਰਮਤਿ ਅਤੇ ਕੀਰਤਨ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਕੀਰਤਨ ਸਿੱਖਣ ਵਾਲੇ ਬੱਚੇ ਹਰ ਸੰਗਰਾਂਦ ਨੂੰ ਗੁਰਦੁਆਰਾ ਸਿੰਘ ਸਭਾ ਵਿਖੇ ਹਾਜ਼ਰੀ ਭਰਦੇ ਹਨ। ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਨੂੰ ਸਮਰਪਿਤ 5 ਸਹਿਜ ਪਾਠਾਂ ਦੀ ਸਮਾਪਤੀ ਕੀਤੀ ਗਈ। ਉਪਰੰਤ ਕੀਰਤਨ ਤੇ ਕਥਾ ਦੀ ਹਾਜ਼ਰੀ ਭਰੀ ਗਈ। 3 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ ਅਤੇ 20 ਬੱਚੇ ਐਲੀਮੈਂਟਰੀ ਕੋਰਸ ਕਰ ਰਹੇ ਹਨ।

**21. ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰਮਤਿ ਪ੍ਰਚਾਰ ਕੇਂਦਰ (ਨਵਾਂ ਸ਼ਹਿਰ-1) (95926-56964)-** ਕੇਂਦਰ ਦੇ ਪ੍ਰਚਾਰਕ ਭਾਈ ਸੁਖਜਿੰਦਰ ਸਿੰਘ ਵਲੋਂ 3 ਪਿੰਡਾਂ ਵਿੱਚ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ। ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਨੂੰ ਸਮਰਪਿਤ 3 ਪਿੰਡਾਂ ਵਿੱਚ ਗੁਰਮਤਿ ਸਮਾਗਮ ਕੀਤੇ ਗਏ। ਕੇਂਦਰ ਵਿਖੇ ਰੋਜ਼ਾਨਾ ਨਿਤਨੇਮ ਦੀ ਸੇਵਾ ਨਿਭਾਈ ਜਾਂਦੀ ਹੈ। ਕੇਂਦਰ ਨਵਾਂ ਸ਼ਹਿਰ ਅਤੇ ਚੱਕ ਫੁੱਲੂ ਵਲੋਂ ਮਿਲ ਕੇ 3 ਪਿੰਡਾਂ ਵਿੱਚ ਗੁਰਮਤਿ ਕੈਂਪ ਲਗਾਏ ਗਏ। 20 ਸਹਿਜ ਪਾਠ ਪਹਿਲਾਂ ਚਲ ਰਹੇ ਹਨ ਅਤੇ 2 ਹੋਰ ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

**22. ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰਮਤਿ ਪ੍ਰਚਾਰ ਕੇਂਦਰ (ਨਵਾਂ ਸ਼ਹਿਰ-2) (99146-17434)-** ਕੇਂਦਰ ਦੇ ਪ੍ਰਚਾਰਕ ਭਾਈ ਗੁਰਦਾਸ ਸਿੰਘ ਵਲੋਂ 3 ਪਿੰਡਾਂ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਐਚ. ਡੀ. ਐਫ. ਸੀ. ਬੈਂਕ ਨਵਾਂ ਸ਼ਹਿਰ ਵਿੱਚ ਗੁਰਮਤਿ ਸਮਾਗਮ ਕੀਤਾ ਗਿਆ। ਕੇਂਦਰ ਨਵਾਂ ਸ਼ਹਿਰ ਅਤੇ ਚੱਕ ਫੁੱਲੂ ਵਲੋਂ ਮਿਲ ਕੇ 3 ਪਿੰਡਾਂ ਵਿੱਚ ਗੁਰਮਤਿ ਕੈਂਪ ਲਗਾਏ ਗਏ ਅਤੇ ਅਵੱਲ ਆਉਣ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਕੈਂਪ ਦੌਰਾਨ ਬੱਚਿਆਂ ਦੇ ਖਾਣ-ਪੀਣ ਦਾ ਪ੍ਰਬੰਧ ਵੀ ਕੀਤਾ ਗਿਆ। 20 ਸਹਿਜ ਪਾਠ ਪਹਿਲਾਂ ਚਲ ਰਹੇ ਹਨ ਅਤੇ 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

**23. ਭੋਗਪੁਰ (99148-38148)-** ਪ੍ਰਚਾਰਕ ਭਾਈ ਸੁਖਦੀਪ ਸਿੰਘ ਵਲੋਂ 7 ਪਿੰਡਾਂ ਵਿੱਚ ਗੁਰਮਤਿ ਕਲਾਸਾਂ ਲਗਾ ਕੇ ਬੱਚਿਆਂ ਨੂੰ ਨੈਤਿਕ ਸਿਖਿਆ ਦਿਤੀ ਜਾਂਦੀ ਹੈ। ਪਿੰਡ ਬਾਹੋਪੁਰ ਵਿਖੇ ਗੁਰੂ ਅਰਜਨ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਭਾਈ ਸਾਹਿਬ ਵਲੋਂ ਕਥਾ-ਵੀਚਾਰ ਕੀਤੀ ਗਈ। ਬੱਚਿਆਂ ਦੀ ਹਫਤਾਵਾਰੀ ਗੁਰਮਤਿ ਕਲਾਸ ਆਰੰਭ ਕੀਤੀ ਗਈ। ਗੁਰਮਤਿ ਪ੍ਰਚਾਰ ਮਿਸ਼ਨ ਸੁਸਾਇਟੀ ਦਾ ਸਹਿਯੋਗ ਮਿਲ ਰਿਹਾ ਹੈ।

**24. ਸਰਹਾਲਾ ਰਾਣੂੰਆਂ (84379-89702)-** ਕੇਂਦਰ ਦੇ ਪ੍ਰਚਾਰਕ ਭਾਈ ਸੁਖਵੀਰ ਸਿੰਘ ਵਲੋਂ 5 ਪਿੰਡਾਂ ਵਿੱਚ ਗੁਰਮਤਿ ਕਲਾਸਾਂ ਲਗਾ ਕੇ ਬੱਚਿਆਂ, ਬੀਬੀਆਂ ਅਤੇ ਨੌਜਵਾਨਾਂ ਨੂੰ ਗੁਰਬਾਣੀ ਸੰਥਿਆ, ਕੀਰਤਨ ਦੀ ਸਿਖਲਾਈ ਦਿੱਤੀ ਜਾਂਦੀ ਹੈ। ਪਿੰਡ ਕਲੇਰਾਂ ਵਿਖੇ ਗੁਰੂ ਅਰਜਨ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ 'ਤੇ ਬੱਚਿਆਂ ਵਲੋਂ ਕੀਰਤਨ ਕੀਤਾ ਤੇ ਭਾਈ ਸਾਹਿਬ ਵਲੋਂ ਕਥਾ-ਵੀਚਾਰ ਕੀਤੀ ਗਈ। ਕੇਂਦਰ ਵਿਖੇ ਦਸਤਾਰ ਸਿਖਲਾਈ ਦੀ ਕਲਾਸ ਹਰ ਰੋਜ਼ ਲੱਗ ਰਹੀ ਹੈ। ਗੁਰਦੁਆਰਾ ਬਾਬਾ ਨੰਦ ਲਾਲ ਸਾਹਿਬ ਵਿਖੇ ਹਰ ਰੋਜ਼ ਸਵੇਰੇ ਹੁਕਮਨਾਮੇ ਦੀ ਵੀਚਾਰ ਕੀਤੀ ਜਾਂਦੀ ਹੈ। ਗੁਰਦੁਆਰਾ ਸਾਹਿਬ

ਵਿਖੇ ਹਫਤਾਵਾਰੀ ਕਥਾ-ਵੀਚਾਰ ਕੀਤੀ ਜਾਂਦੀ ਹੈ। 30 ਬੱਚੇ ਸਹਿਜ ਪਾਠ ਕਰ ਰਹੇ ਹਨ।

**25. ਦਿਅੰਤਪੁਰ (81466-11610)-** ਪ੍ਰਚਾਰਕ ਭਾਈ ਜਸਵਿੰਦਰ ਸਿੰਘ ਵਲੋਂ 4 ਪਿੰਡਾਂ ਵਿੱਚ ਬੱਚਿਆਂ ਤੇ ਸੰਗਤ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿਸ ਵਿੱਚ ਬੱਚਿਆਂ ਨੂੰ ਗੁਰਬਾਣੀ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਪਿੰਡ ਖੁਰਦਪੁਰ ਦੇ ਗੁਰਦੁਆਰਾ ਸਿੰਘ ਸਭਾ ਵਿਖੇ ਗੁਰਮਤਿ ਵੀਚਾਰ ਕੀਤੀ ਗਈ। ਪਿੰਡ ਨਸਰਾਲਾ ਤੇ ਕਠਾਰ ਵਿਖੇ ਦਸਤਾਰ ਸਿਖਲਾਈ ਕੈਂਪ ਲਗਾਏ ਗਏ, ਜਿਸ ਵਿਚ ਬੱਚਿਆਂ ਨੂੰ ਦਸਤਾਰ ਸਿਖਲਾਈ ਦਿੱਤੀ ਗਈ। ਗੁਰਦੁਆਰਾ ਸ੍ਰੀ ਗੁਰੂ ਅਮਰਦਾਸ ਜੀ ਵਿਖੇ ਕਥਾ-ਵੀਚਾਰ ਕੀਤੀ ਗਈ।

**26. ਚੱਕ ਸਿੰਘਾ (87290-86035)-** ਪ੍ਰਚਾਰਕ ਭਾਈ ਸਿਮਰਪ੍ਰੀਤ ਸਿੰਘ ਵਲੋਂ ਹਰ ਰੋਜ਼ ਬੱਚਿਆਂ ਦੀ ਅਤੇ ਸੰਗਤ ਦੀਆਂ ਗੁਰਮਤਿ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਰੋਜ਼ਾਨਾ ਬੱਚਿਆਂ ਦੀ ਕੀਰਤਨ ਦੀ ਕਲਾਸ ਲਗਾਈ ਜਾਂਦੀ ਹੈ। ਹਰ ਰੋਜ਼ ਬੱਚਿਆਂ ਦੀ ਫ੍ਰੀ ਟਿਊਸ਼ਨ ਕਲਾਸ ਲਗਾਈ ਜਾਂਦੀ ਹੈ। ਪਿੰਡ ਚੱਕ ਸਿੰਘਾ ਦੇ ਗੁਰਦੁਆਰਾ ਅਕਾਲ ਬੁੰਗਾ ਸਾਹਿਬ ਵਿਖੇ ਹਰ ਵੀਰਵਾਰ ਗੁਰਮਤਿ ਸਮਾਗਮ ਕੀਤਾ ਜਾਂਦਾ ਹੈ। ਗੁਰੂ ਅਰਜਨ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ 'ਤੇ ਬਾਬਾ ਦਿਆਲ ਦਾਸ ਵਿਖੇ ਗੁਰਮਤਿ ਸਮਾਗਮ ਕੀਤਾ ਗਿਆ। 6 ਜੂਨ ਨੂੰ ਅਤੇ 14 ਜੂਨ ਨੂੰ ਗੁਰੂ ਅਰਜਨ ਸਾਹਿਬ ਜੀ ਦੀ ਸਹਾਦਤ ਨੂੰ ਸਮਰਪਿਤ ਗੁਰਮਤਿ ਸਮਾਗਮ ਕੀਤਾ ਗਿਆ। 30 ਬੱਚੇ ਸਹਿਜ ਪਾਠ ਕਰ ਰਹੇ ਹਨ, 2 ਬੱਚਿਆਂ ਨੇ ਐਲੀਮੈਂਟਰੀ ਕੋਰਸ ਸ਼ੁਰੂ ਕੀਤਾ ਹੈ ਅਤੇ 5 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**27. ਭਾਈ ਤਿਲਕਾ (ਚੱਕ ਫੂੱਲੂ) (98151-07941)-** ਪ੍ਰਚਾਰਕ ਭਾਈ ਸਤਿਨਾਮ ਸਿੰਘ ਵਲੋਂ ਕੇਂਦਰ ਵਿਖੇ ਸਵੇਰੇ-ਸ਼ਾਮ ਨਿਤਨੇਮ ਅਤੇ ਕਥਾ ਦੀ ਸੇਵਾ ਨਿਭਾਈ ਜਾਂਦੀ ਹੈ। 11 ਜੂਨ ਤੋਂ 16 ਜੂਨ ਤੱਕ ਪਿੰਡ ਪਨਾਮ ਵਿਖੇ ਗੁਰਮਤਿ ਕੈਂਪ ਲਗਾਇਆ ਗਿਆ। 21 ਜੂਨ ਤੋਂ 25 ਜੂਨ ਤੱਕ ਪਿੰਡ ਚੱਕ ਫੂੱਲੂ ਵਿਖੇ ਗੁਰਮਤਿ ਕੈਂਪ ਲਗਾਇਆ ਗਿਆ। ਜਰਮਨੀ, ਰਾਂਚੀ (ਝਾਰਖੰਡ) ਦੇ ਬੱਚਿਆਂ ਦੀਆਂ Online ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ। 25 ਬੱਚਿਆਂ ਨੂੰ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਦੇ ਸਹਿਯੋਗ ਨਾਲ ਹਰ ਮਹੀਨੇ ਐਜੂ-ਏਡ ਵੰਡੀ ਜਾਂਦੀ ਹੈ। ਜੂਨ ਮਹੀਨੇ ਲਗਾਏ ਗਏ ਗੁਰਮਤਿ ਕੈਂਪਾਂ ਵਿੱਚ ਸੰਗਤ, ਬੱਚਿਆਂ ਅਤੇ ਪ੍ਰਬੰਧਕਾਂ ਵਲੋਂ ਭਰਪੂਰ ਸਹਿਯੋਗ ਦਿੱਤਾ ਗਿਆ। 2 ਗੁਰਮਤਿ ਵਿਰਸਾ ਮੈਗਜ਼ੀਨ ਬੁੱਕ ਕੀਤੇ ਗਏ ਅਤੇ 17 ਬੱਚੇ ਸਹਿਜ ਪਾਠ ਕਰ ਰਹੇ ਹਨ। ਪਹਿਲਾਂ 37 ਬੱਚੇ ਐਲੀਮੈਂਟਰੀ ਕੋਰਸ ਕਰ ਰਹੇ ਹਨ, 4 ਨਵੇਂ ਐਲੀਮੈਂਟਰੀ ਕੋਰਸ ਸ਼ੁਰੂ ਕਰਵਾਏ ਗਏ ਹਨ। ਇੱਕ ਬੱਚੇ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**ਪੰਜਾਬ ਤੋਂ ਬਾਹਰ ਦੇ ਕੇਂਦਰ**

**28. ਸਿੰਬਲ ਕੈਂਪ (ਜੰਮੂ) (90865-31984)-** ਪ੍ਰਚਾਰਕ ਭਾਈ ਪੁਸ਼ਪਿੰਦਰ ਸਿੰਘ ਵਲੋਂ ਬੱਚਿਆਂ ਦੀਆਂ (Online) ਕਲਾਸਾਂ ਲਗਾ ਕੇ ਨੂੰ ਗੁਰਮਤਿ ਅਤੇ ਨੈਤਿਕ ਸਿਖਿਆ ਦਿੱਤੀ ਜਾ ਰਹੀ ਹੈ। ਚੱਠਾ ਪਿੰਡ, ਲੋਅਰ ਗਾਡੀਗੜ੍ਹ ਅਤੇ ਨਾਨਕ ਨਗਰ ਵਿਖੇ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। 5 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

**29. ਜਮਸ਼ੇਦਪੁਰ (ਟਾਟਾ ਨਗਰ)-** ਪ੍ਰਚਾਰਕ ਭਾਈ ਹਰਵਿੰਦਰ ਸਿੰਘ ਜਮਸ਼ੇਦਪੁਰੀ ਵਲੋਂ ਸੰਗਤ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾ ਰਹੀ ਹੈ। ਜਮਸ਼ੇਦਪੁਰ ਦੇ ਗੁਰਦੁਆਰਾ ਸਾਹਿਬ ਵਿਖੇ ਹੋਏ ਸਮਾਗਮ ਵਿੱਚ ਸੰਗਤ ਨਾਲ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ।

**30. ਜਰਮਨ (00491631892161)-** ਪ੍ਰਚਾਰਕ ਭਾਈ ਸੰਦੀਪ ਸਿੰਘ ਖਾਲੜਾ ਜੀ ਵਲੋਂ ਸੰਗਤ ਦੀਆਂ ਕਲਾਸਾਂ ਲਗਾ ਕੇ ਗੁਰਮਤਿ ਅਤੇ ਨੈਤਿਕ ਸਿੱਖਿਆ ਦਿੱਤੀ ਜਾ ਰਹੀ ਹੈ। ਬੱਚਿਆਂ ਦੀਆਂ ਧਾਰਮਿਕ ਕਲਾਸਾਂ ਲਗਾ ਕੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।

**31. ਬੜਾ ਗੁੜਾ (ਸਿਰਸਾ) (97296-10753)-** ਪ੍ਰਚਾਰਕ ਭਾਈ ਮਨਪ੍ਰੀਤ ਸਿੰਘ ਵਲੋਂ ਪਿੰਡ ਗੁੜਾ ਦੇ ਗੁਰਦੁਆਰਾ ਭੱਠਾ ਸਾਹਿਬ ਵਿਖੇ ਹਰ ਰੋਜ਼ ਸਵੇਰੇ ਲੜੀਵਾਰ ਕਥਾ-ਵੀਚਾਰ ਕੀਤੀ ਜਾਂਦੀ ਹੈ। ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ।

**32. ਗਾਂਧੀਧਾਮ (ਗੁਜਰਾਤ) (9805708111)-** ਪ੍ਰਚਾਰਕ ਭਾਈ ਜਸਪ੍ਰੀਤ ਸਿੰਘ ਵਲੋਂ ਗੁਜਰਾਤ ਵਿੱਚ ਕੱਛ ਜਿਲ੍ਹੇ ਦੇ ਗਾਂਧੀਧਾਮ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਗੁਰਦੁਆਰਾ ਸ੍ਰੀ ਗੁਰੂ ਨਾਨਕ ਸਿੰਘ ਸਭਾ ਦੇ ਸਹਿਯੋਗ ਨਾਲ ਪਿਛਲੇ 2 ਸਾਲਾਂ ਤੋਂ ਗੁਰਮਤਿ ਕਲਾਸਾਂ ਲਗਾਈਆਂ ਜਾ ਰਹੀਆਂ ਹਨ, ਜਿਸ ਵਿੱਚ ਲਗਭਗ 80 ਬੱਚੇ ਹਾਜਰੀ ਭਰਦੇ ਹਨ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਪ੍ਰਾਪਤ ਕਰਦੇ ਹਨ। -0-

**ਕਵਿਤਾ:**

# ਰੁੱਤ ਮਸਤਾਨੀ ਸਾਵਣ ਦੀ...




**-ਡਾ. ਅਮਨਪ੍ਰੀਤ ਸਿੰਘ**

ਝੂੱਲ ਗਈ ਜਵਾਨੀ ਸਾਵਣ ਦੀ
ਆਈ ਰੁੱਤ ਮਸਤਾਨੀ ਸਾਵਣ ਦੀ
ਛਮ ਛਮ ਪਈ ਵਰਸੇ ਖਿਲਦੀ ਏ
ਹਰਿਔਲ ਕਿਆਰੀ ਦਿਲ ਦੀ ਏ
ਕੁੱਝ ਖ਼ਬਰ ਹੈ, ਬਾਹਰੋਂ ਕਿਸੇ ਆਵਣ ਦੀ
ਆਈ ਰੁੱਤ ਮਸਤਾਨੀ ਸਾਵਣ ਦੀ।

ਕਾਲੀਆਂ ਇੱਟਾਂ ਦਾ ਗੀਤ ਸੁਣ ਕੇ ਨੀਂ
ਜ਼ਿੰਦ ਮਾਰੇ ਬਾਹਰ ਨੂੰ ਤੁਣਕੇ ਨੀਂ
ਸੰਧਾਰੇ ਲੈ ਵੀਰ ਦਿਸ ਆਉਂਦਾ ਏ
ਹਾਲ ਬਾਬਲ ਦੇ ਪਿੰਡ ਦਾ ਸੁਣਾਉਂਦਾ ਏ
ਕਰੋ ਸੇਵਾ ਨੀ ਵੀਰ ਮੇਰੇ ਆਵਣ ਦੀ
ਆਈ ਰੁੱਤ ਮਸਤਾਨੀ ਸਾਵਣ ਦੀ।

ਸਖੀਆਂ ਨੇ ਚਰਖਾ ਡਾਹਿਆ ਨੀਂ
ਮਾਲ ਪੂੜਾ ਵੀ ਖ਼ੂਬ ਪਕਾਇਆ ਨੀਂ
ਤੰਦ ਬਿਰਹੋਂ ਦਾ ਕਿਸੇ ਪਾਇਆ ਨੀਂ
ਕੋਈ ਮਨ ਦਾ ਮਹਿਰਮ ਆਇਆ ਨੀਂ
ਉਡੀਕ ਰਹੀ ਹੈ ਜਿਸ ਦੇ ਆਵਣ ਦੀ
ਆਈ ਰੁੱਤ ਮਸਤਾਨੀ ਸਾਵਣ ਦੀ।

ਸਭ ਸਖੀਆਂ ਕਰਿਆ ਸ਼ਿੰਗਾਰ ਬੜਾ
ਚੜਿਆ ਸਭ ਨੂੰ ਰੂਪ ਅਪਾਰ ਬੜਾ
ਕਰੇ ਵਸ ਅੰਬਰ, ਪੀਂਘਾਂ ਨੇ ਝੂਟਦੀਆਂ
ਗੱਲਾਂ ਕਰਦੀਆਂ ਸੋਹਣੇ ਪਾਏ ਸੂਟ ਦੀਆਂ
ਫੁਲਕਾਰੀ, ਸੱਗੀ ਫੁੱਲ, ਰੁੱਤ ਚੂੜੇ ਪਾਵਣ ਦੀ
ਆਈ ਰੁੱਤ ਮਸਤਾਨੀ ਸਾਵਣ ਦੀ।

ਹੱਥਾਂ ਤੇ ਲੱਗੀ ਹੋਈ ਮਹਿੰਦੀਏ ਨੀਂ
ਇਹ ਹੋਰ ਬੜਾ ਕੁਝ ਕਹਿੰਦੀਏ ਨੀਂ
ਚਮਕ ਬਦਲੀ ਡਰਾਵੇ ਦੇਂਦੀ ਨੀਂ
ਇਕੱਲਿਆਂ ਨੂੰ ਡੱਸਦੀ ਰਹਿੰਦੀ ਨੀਂ
ਅਰਜ਼ ਸਾਡੀ ਵੀ ਤੇਰੇ ਤਾਈਂ ਪਾਵਣ ਦੀ
ਆਈ ਰੁੱਤ ਮਸਤਾਨੀ ਸਾਵਣ ਦੀ।

ਕੋਈ ਦਿਓ ਵਧਾਈਆਂ ਉਹ ਆਇਆ ਏ
ਨਾਲ਼ ਖੁਸ਼ੀਆਂ ਘਰ ਉਹ ਲਿਆਇਆ ਏ
ਅਸਾਂ ਗੀਤ ਸੰਯੋਗ ਦਾ ਗਾਇਆ ਏ
ਉਸ ਘੁੱਟ ਨਾਲ ਸੀਨੇ ਸਾਨੂੰ ਲਾਇਆ ਏ
ਕਿਤੇ ਪਵੇ ਨਾ ਵਿੱਥ ਫਿਰ ਤੁਰ ਜਾਵਣ ਦੀ
ਆਈ ਰੁੱਤ ਮਸਤਾਨੀ ਸਾਵਣ ਦੀ।

-0-

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਵੱਖ ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ


ਕੇਂਦਰ ਮਾਲੂਵਾਲ ਦੇ ਪਿੰਡ ਛਿਛਰੇਵਾਲ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।


ਕੇਂਦਰ ਮਾਲੂਵਾਲ ਦੇ ਪਿੰਡ ਭੁੱਚਰ ਖੁਰਦ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।


ਕੇਂਦਰ ਸਰਹਾਲਾ ਰਾਣੂੰਆਂ ਦੇ ਪਿੰਡ ਕਲੇਰਾਂ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।


ਕੇਂਦਰ ਨਵਾਂਸ਼ਹਿਰ ਦੇ ਪਿੰਡ ਗੁੱਲਪੁਰ ਦੇ ਗੁਰਮਤਿ ਕਲਾਸ ਲਗਾਉਣਵਾਲੇ ਬੱਚੇ।


ਕੇਂਦਰ ਨਵਾਂਸ਼ਹਿਰ ਦੇ ਪਿੰਡ ਮਜਾਰੀ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਬਾਣੀ ਸੰਥਿਆ ਕਲਾਸ।


ਕੇਂਦਰ ਕਾਲੇਵਾਲ ਦੇ ਲੱਲੀਆਂ ਦੇ ਪਿੰਡ ਘਾਗੋਂ ਵਿਖੇ ਗੁਰਮਤਿ ਕਲਾਸ ਲਗਾਉਣ ਵਾਲੇ ਬੱਚੇ ਪ੍ਰਚਾਰਕ ਭਾਈ ਗੋਲਡਜੀਤ ਸਿੰਘ ਨਾਲ।



ਕੇਂਦਰ ਲਤਾਲਾ ਦੇ ਪਿੰਡ ਕਾਲਖ ਵਿਖੇ ਪ੍ਰਚਾਰਕ ਭਾਈ ਰੁਪਿੰਦਰ ਸਿੰਘ ਬੱਚਿਆਂ ਦੀ ਸੰਗੀਤ ਕਲਾਸ ਲਗਾਉਂਦੇ ਹੋਏ।

ਕੇਂਦਰ ਸਰਹਾਲੀ ਕਲਾਂ ਵਿਖੇ ਵਿਦਿਆਰਥੀਆਂ ਦੀ ਹਫਤਾਵਾਰੀ ਧਾਰਮਿਕ ਪ੍ਰੀਖਿਆ ਲਈ ਗਈ।


ਕੇਂਦਰ ਖਨਾਲ ਖੁਰਦ ਵਿਖੇ ਗੁਰਮਤਿ ਕਲਾਸ ਲਗਾਉਣ ਵਾਲੇ ਬੱਚੇ ਪ੍ਰਚਾਰਕ ਵੀਰ ਨਾਲ।


ਕੇਂਦਰ ਖਨਾਲ ਖੁਰਦ ਵਿਖੇ ਬੀਬੀਆਂ ਗੁਰਬਾਣੀ ਸੰਥਿਆ ਹਾਸਲ ਕਰਦੀਆਂ ਹੋਈਆਂ।


ਕੇਂਦਰ ਤਰਨਤਾਰਨ ਦੇ ਪਿੰਡ ਰੂੜੇ ਆਸਲ ਵਿਖੇ ਲੱਗ ਰਹੀਆਂ ਬੱਚਿਆਂ ਦੀ ਧਾਰਮਿਕ ਕਲਾਸ।

RNI No.: PUNMUL/2019/78309 Postal Regd. No.: LDC/0786/2021-23 (31-12-2023) Postal Date: 5th of every month

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਵੱਖ ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ


ਕੇਂਦਰ ਚੋਹਲਾ ਸਾਹਿਬ ਦੇ ਪਿੰਡ ਖੱਬੇ ਵਿਖੇ ਲੱਗ ਰਹੀ ਬੱਚਿਆਂ ਦੀ ਧਾਰਮਿਕ ਕਲਾਸ।


ਕੇਂਦਰ ਚੋਹਲਾ ਸਾਹਿਬ ਦੇ ਪਿੰਡ ਨੱਥੂਚੱਕ ਵਿਖੇ ਲੱਗ ਰਹੀ ਬੱਚਿਆਂ ਦੀ ਧਾਰਮਿਕ ਕਲਾਸ।


ਮਾਝੇ ਦੇ ਪ੍ਰਚਾਰਕਾਂ ਨਾਲ ਭਿੱਖੀਵਿੰਡ ਵਿਖੇ ਗੁਰਮਤਿ ਪ੍ਰਚਾਰ ਕੇਂਦਰਾਂ ਦੇ ਇੰਚਾਰਜ ਵਲੋਂ ਵਿਚਾਰਾਂ ਕੀਤੀਆਂ ਗਈਆਂ।


ਕੇਂਦਰ ਡੱਲ੍ਹ ਦੇ ਪਿੰਡ ਖਾਲੜਾ ਵਿਖੇ ਲੱਗ ਰਹੀ ਬੱਚਿਆਂ ਦੀ ਧਾਰਮਿਕ ਕਲਾਸ।


ਕੇਂਦਰ ਰਾਮੂੰਵਾਲਾ ਦੇ ਪਿੰਡ ਡਾਲ਼ਾ ਵਿਖੇ ਹੋਏ ਗੁਰਮਤਿ ਸਮਾਗਮ ਦੌਰਾਨ (ਇਨਸੈੱਟ) ਪ੍ਰਚਾਰਕ ਭਾਈ ਹਰਜੀਤ ਸਿੰਘ ਪਰਿੰਗੜੀ।


ਪ੍ਰਚਾਰਕਾਂ ਵਲੋਂ ਸਭ ਤੋਂ ਵੱਧ ਕਲਾਸਾਂ ਲਗਾਉਣ ਵਾਲੇ ਵੀਰ ਹਰਜੀਤ ਸਿੰਘ ਪਰਿੰਗੜੀ ਨੂੰ ਪ੍ਰਬੰਧਕਾਂ ਵਲੋਂ ਸਨਮਾਨਤ ਕੀਤਾ ਗਿਆ।


ਕੇਂਦਰ ਮਾਂਗੇਵਾਲ ਵਿਖੇ ਗੁਰਮਤਿ ਕਲਾਸ ਲਗਾਉਣ ਵਾਲੇ ਬੱਚੇ।


ਕੇਂਦਰ ਮਾਂਗੇਵਾਲ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਸੰਗੀਤ ਕਲਾਸ।


ਕੇਂਦਰ ਜੰਮੂ ਦੇ ਗੁ: ਬਾਬਾ ਬੰਦਾ ਸਿੰਘ ਬਹਾਦਰ ਵਿਖੇ ਲੱਗੇ ਗੁਰਮਤਿ ਕੈਂਪ ਵਿਚ ਭਾਗ ਲੈਣ ਵਾਲੇ ਬੱਚੇ।


ਕੇਂਦਰ ਫਤਹਿਗੜ੍ਹ ਚੂੜੀਆਂ ਵਿਖੇ ਵਿਦਿਆਰਥੀਆਂ ਦੀ ਧਾਰਮਿਕ ਪ੍ਰੀਖਿਆ ਲਈ ਗਈ।


ਕੇਂਦਰ ਪਰਿੰਗੜੀ ਵਿਖੇ ਲੱਗੇ ਗੁਰਮਤਿ ਕੈਂਪ ਉਪਰੰਤ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ। ਨਾਲ ਪ੍ਰਬੰਧਕ ਕਮੇਟੀ ਦੇ ਮੈਂਬਰ ਸਾਹਿਬਾਨ।